# ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦੀ ਸੋਸ਼ਲ ਸਾਇੰਸਜ਼ ਫ਼ੈਕਲਟੀ ਅਧੀਨ

ਪੀਐੱਚ.ਡੀ. (ਧਰਮ ਅਧਿਐਨ)

ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

ਮਾਰਚ 2014


ਨਿਗਰਾਨ

ਡਾ. ਰਾਜਿੰਦਰ ਕੌਰ ਰੋਹੀ
ਪ੍ਰੋਫੈਸਰ ਅਤੇ ਮੁਖੀ

ਖੋਜਾਰਥੀ

ਨਿਰਮਲ ਸਿੰਘ



ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਨਿਰਮਲ ਸਿੰਘ ਨੇ **ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ** ਵਿਸ਼ੇ ਉੱਤੇ ਖੋਜ ਪ੍ਰਬੰਧ ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ ਅਤੇ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮੇ ਲਈ ਇਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਾਂ ਕਿਸੇ ਹੋਰ ਯੂਨੀਵਰਸਿਟੀ ਵਿਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ ਪ੍ਰਬੰਧ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸ਼ੋਸ਼ਲ ਸਾਇੰਸਜ਼ ਫ਼ੈਕਲਟੀ ਵਿਚ ਪੀਐੱਚ.ਡੀ. ਦੀ ਡਿਗਰੀ ਲਈ ਮੁਲਾਂਕਣ ਹਿਤ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਮਿਤੀ:..................

(ਡਾ. ਰਾਜਿੰਦਰ ਕੌਰ ਰੋਹੀ)
ਪ੍ਰੋਫ਼ੈਸਰ ਅਤੇ ਮੁਖੀ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ-ਪੱਤਰ

ਮੈਂ ਘੋਸ਼ਣਾ ਕਰਦਾ ਹਾਂ ਕਿ **ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ** ਮੇਰਾ ਮੌਲਿਕ ਖੋਜ ਕਾਰਜ ਹੈ। ਇਹ ਖੋਜ ਕਾਰਜ ਇਸ ਤੋਂ ਪਹਿਲਾਂ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਾਂ ਕਿਸੇ ਹੋਰ ਯੂਨੀਵਰਸਿਟੀ ਵਿਚ ਪੇਸ਼ ਨਹੀਂ ਕੀਤਾ ਗਿਆ।

(ਨਿਰਮਲ ਸਿੰਘ)

ਖੋਜਾਰਥੀ

# ਤਤਕਰਾ

ਭੂਮਿਕਾ

**ਅਧਿਆਇ ਪਹਿਲਾ** 1–30

1. ਰਹੱਸਵਾਦ: ਇਕ ਮੁਢਲੀ ਜਾਣ-ਪਛਾਣ

1.1 ਰਹੱਸ : ਅਰਥ ਤੇ ਪਰਿਭਾਸ਼ਾ

1.2 ਰਹੱਸਵਾਦ : ਅਰਥ

1.3 ਰਹੱਸਵਾਦੀ ਦੀ ਭਾਸ਼ਾ

1.4 ਰਹੱਸਵਾਦ ਦੀਆਂ ਪਰਿਭਾਸ਼ਾਵਾਂ

1.5 ਧਰਮ ਅਤੇ ਰਹੱਸਵਾਦ

1.6 ਜਾਦੂ ਅਤੇ ਰਹੱਸਵਾਦ

1.7 ਅਧਿਆਤਮਵਾਦ ਅਤੇ ਰਹੱਸਵਾਦ

1.8 ਰਹੱਸਵਾਦ ਦਾ ਘੇਰਾ

1.9 ਰਹੱਸਵਾਦ ਦਾ ਇਤਿਹਾਸ

1.10 ਵੱਖ-ਵੱਖ ਧਰਮਾਂ ਵਿਚ ਰਹੱਸਵਾਦ

**ਅਧਿਆਇ ਦੂਜਾ** 31–85

2. ਸੁਖਮਨੀ ਸਾਹਿਬ : ਇਕ ਆਮ ਪਰਿਚੈ

2.1 ਗੁਰੂ ਅਰਜਨ ਦੇਵ ਜੀ : ਜੀਵਨ ਤੇ ਰਚਨਾ

2.1.1 ਜਨਮ ਅਤੇ ਮਾਤਾ-ਪਿਤਾ

2.1.2 ਵਿਦਿਆ

2.1.3 ਵਿਆਹ

2.1.4 ਗੁਰਗੱਦੀ

2.1.5 ਨਿਰਮਾਣ ਕਾਰਜ

2.1.6 ਸ਼ਹੀਦੀ

2.1.7 ਰਚਨਾ

2.2 ਸੁਖਮਨੀ ਸਾਹਿਬ : ਜਾਣ-ਪਛਾਣ

2.2.1 ਸੁਖਮਨੀ ਸਾਹਿਬ ਦਾ ਰਚਨਾਕਾਲ ਤੇ ਸਥਾਨ

2.2.2 ਸੁਖਮਨੀ ਸਾਹਿਬ ਦਾ ਸ਼ਾਬਦਿਕ ਅਰਥ

2.2.3 ਸੁਖਮਨੀ ਸਾਹਿਬ ਦੀ ਭਾਸ਼ਾ

2.2.4 ਸੁਖਮਨੀ ਸਾਹਿਬ ਦਾ ਅਸਟਪਦੀਵਾਰ ਸੰਖੇਪ ਅਧਿਐਨ

**ਅਧਿਆਇ ਤੀਜਾ** 86–167

3. ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ

3.1 ਸੁਖਮਨੀ ਸਾਹਿਬ ਵਿਚ ਆਏ ਰਹੱਸਾਤਮਿਕ ਤੱਤ

3.1.1 ਬ੍ਰਹਮ

3.1.1.1 ਨਿਰਗੁਣ

3.1.1.2 ਸਰਗੁਣ

3.1.2 ਸ੍ਰਿਸ਼ਟੀ

3.1.2.1 ਮਾਇਆ

3.1.3 ਜੀਵ

3.1.3.1 ਗੁਰਮੁਖ

3.1.3.2 ਮਨਮੁਖ

3.1.4 ਨਾਮ ਸਿਮਰਨ

3.1.4.1 ਹੁਕਮ

3.1.4.2 ਸਾਧ ਸੰਗਤ

3.1.4.3 ਗੁਰੂ

3.1.4.4 ਪ੍ਰਭੂ ਦੀ ਮਿਹਰ

3.1.5 ਸੁਖ

3.2 ਸੁਖਮਨੀ ਸਾਹਿਬ ਵਿਚਲੇ ਰਹੱਸਵਾਦੀ ਤੱਤਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ

**ਸਿੱਟਾ** 168–171

**ਪੁਸਤਕ ਸੂਚੀ** 172–178

# ਧੰਨਵਾਦ

ਸਭ ਤੋਂ ਪਹਿਲਾਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਨਿਵਾਉਂਦਾ ਹਾਂ ਜਿਨ੍ਹਾਂ ਵਿਚ ਸੁਸ਼ੋਭਿਤ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ ਸਾਹਿਬ' ਉੱਪਰ ਨਾ ਸਿਰਫ਼ ਮੈਂ ਖੋਜ ਕਾਰਜ ਹੀ ਮੁਕੰਮਲ ਕੀਤਾ ਸਗੋਂ ਗੂੜ੍ਹ ਗਿਆਨ ਵੀ ਹਾਸਿਲ ਕੀਤਾ। ਮੈਂ ਸ਼ੁਕਰਗੁਜ਼ਾਰ ਹਾਂ ਪ੍ਰਮਾਤਮਾ ਦਾ ਜਿਨ੍ਹਾਂ ਨੇ ਨਾਮ ਦਾ ਆਸਰਾ ਹਮੇਸ਼ਾ ਮੇਰੇ ਅੰਗ-ਸੰਗ ਰਿਹਾ।

ਮੈਂ ਆਪਣੇ ਨਿਗਰਾਨ ਡਾ. ਰਾਜਿੰਦਰ ਕੌਰ ਰੋਹੀ ਜੀ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਦੀ ਯੋਗ ਅਗਵਾਈ ਵਿਚ ਮੈਂ ਇਹ ਖੋਜ ਕਾਰਜ ਮੁਕੰਮਲ ਕੀਤਾ ਅਤੇ ਜਿਨ੍ਹਾਂ ਨੇ ਮੇਰੀ ਜ਼ਿੰਦਗੀ ਦੀ ਹਰ ਔਖੀ ਘੜੀ ਵਿਚ ਮੈਨੂੰ ਸੇਧ ਦੇ ਕੇ ਹਮੇਸ਼ਾ ਜ਼ਿੰਦਗੀ ਵਿਚ ਅੱਗੇ ਵਧਦੇ ਰਹਿਣ ਲਈ ਪ੍ਰੇਰਿਤ ਕੀਤਾ।

ਮੈਂ ਆਪਣੇ ਪਿਤਾ ਸ. ਗੁਰਦਿੱਤਾ ਸਿੰਘ ਅਤੇ ਮਾਤਾ ਹਰਬੰਸ ਕੌਰ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੇ ਯਤਨਾਂ ਸਦਕਾ ਮੈਂ ਇਸ ਮੁਕਾਮ ਤੇ ਪਹੁੰਚ ਸਕਿਆ। ਆਪਣੇ ਵੱਡੇ ਭਰਾ ਬਲਵਿੰਦਰ ਸਿੰਘ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੀ ਹਰ ਥਾਂ ਹੌਸਲਾ ਅਫਜ਼ਾਈ ਕੀਤੀ।

ਮੈਂ ਆਪਣੀ ਜੀਵਨ ਸਾਥਣ ਰਾਜਮਹਿੰਦਰ ਕੌਰ ਦਾ ਸਭ ਤੋਂ ਵੱਧ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਖੋਜ ਕਾਰਜ ਮੁਕੰਮਲ ਕਰਨ ਵਿਚ ਮੈਨੂੰ ਹਰ ਘੜੀ ਸਹਿਯੋਗ ਦਿੱਤਾ ਅਤੇ ਜਿਨ੍ਹਾਂ ਦੇ ਸਹਿਯੋਗ ਤੋਂ ਬਿਨਾ ਇਹ ਖੋਜ ਕਾਰਜ ਪੂਰਾ ਹੋਣਾ ਮੁਸ਼ਕਿਲ ਸੀ।

ਮੈਂ ਆਪਣੇ ਵਿਭਾਗ ਦੇ ਸਮੂਹ ਅਧਿਆਪਨ ਅਤੇ ਗ਼ੈਰ-ਅਧਿਆਪਨ ਸਟਾਫ਼ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਮੈਨੂੰ ਲੋੜ ਪੈਣ ਤੇ ਬਣਦਾ ਸਹਿਯੋਗ ਦਿੱਤਾ।

ਅੰਤ ਤੇ ਮੈਂ ਉਹਨਾਂ ਸਾਰੇ ਵਿਦਵਾਨਾਂ ਦੇ ਗਿਆਨ ਅੱਗੇ ਸਿਰ ਝੁਕਾਉਂਦਾ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਤੋਂ ਸੇਧ ਲੈ ਕੇ ਅਤੇ ਗਿਆਨ ਹਾਸਲ ਕਰਕੇ ਮੈਂ ਇਹ ਖੋਜ ਕਾਰਜ ਸੰਪੂਰਨ ਕਰ ਸਕਿਆ।

ਨਿਰਮਲ ਸਿੰਘ

# ਭੂਮਿਕਾ

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਪ੍ਰਤੀਨਿੱਧ ਰਚਨਾ ਹੈ।ਇਸ ਬਾਣੀ ਦੀਆ ਚੌਵੀ ਅਸ਼ਟਪਦੀਆਂ ਹਨ ਹਰੇਕ ਅਸ਼ਟਪਦੀ ਵਿਚ ਅੱਠ ਪਾਉੜੀਆਂ ਅਤੇ ਇਕ ਸ਼ਲੋਕ ਹੈ । ਸਮੁੱਚੀ ਅਸਟਪਦੀ ਦਾ ਕੇਂਦਰੀ ਭਾਵ ਇਸ ਦੇ ਸਲੋਕ ਵਿਚ ਦਿੱਤਾ ਗਿਆ ਹੈ। ਇਹ ਬਾਣੀ ਗੁਰੂ ਜੀ ਦੀਆ ਬਾਕੀ ਸਭ ਬਾਣੀਆਂ ਵਿਚੋਂ ਸਭ ਤੋਂ ਲੰਬੀ ਬਾਣੀ ਹੈ।ਇਹ ਬਾਣੀ ਰਾਗ ਗਾਉੜੀ ਵਿਚ ਪੰਨਾਂ ਨੰ: ਦੋ ਸੌ ਬਾਹਟ ਤੋਂ ਦੋ ਸੌਂ ਛਿਆਨਵੇਂ ਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਇਸ ਬਾਣੀ ਦੇ ਸੁਭਾਅ ਤੋਂ ਹੀ ਲਗਦਾ ਹੈ ਕਿ ਇਹ ਰਚਨਾ ਗੁਰੂ ਜੀ ਨੇ ਆਪਣੇ ਜੀਵਨ ਦੇ ਅੰਤਲੇ ਵਰਿਆਂ ਵਿਚ ਲਿਖੀ ਹੋਵੇਗੀ ਕਿਉਂਕਿ ਪਿਛਲੀਆ ਸਭ ਰਚਨਾਵਾਂ ਵਿਚਲਾ ਹਾਵ ਭਾਵ ਤੇ ਸਾਰ ਤੱਤ ਇਸ ਰਚਨਾ ਵਿਚ ਸੰਕੁਚਿਤ ਰੂਪ ਵਿਚ ਵਿਦਮਾਨ ਹੈ।

ਇਹ ਰਚਨਾ ਗੁਰਮਤਿ ਕਾਵਿ ਦੇ ਦਾਰਸ਼ਨਿਕ ਅਤੇ ਅਧਿਆਤਮਕ ਤੱਥਾਂ ਨੂੰ ਬਾਖੂਬੀ ਪੇਸ਼ ਕਰਦੀ ਹੈ। ਸੁਖਮਨੀ ਸਾਹਿਬ ਵਿੱਚ ਗੁਰਮਤਿ ਦਰਸ਼ਨ ਦੇ ਸਾਰੇ ਬੁਨਿਆਦੀ ਸਰੋਕਾਰ ਪੇਸ਼ ਕੀਤੇ ਗਏ ਹਨ। ਇਸ ਵਿੱਚ ਉਹ ਸਾਰੇ ਸੰਕਲਪਾਂ ਨੂੰ ਵਿਅਕਤ ਕੀਤਾ ਗਿਆ ਹੈ ਜੋ ਸਿੱਖ ਧਰਮ ਦੇ ਵਿਚਾਰਾਂ ਦਾ ਆਧਾਰ ਹਨ। ਸੁਖਮਨੀ ਸਾਹਿਬ ਵਿੱਚ ਕੁਝ ਪ੍ਰਮੁੱਖ ਸਕੰਲਪ ਜਿਵੇਂ ਕਿ : ਬ੍ਰਹਮ, ਸ੍ਰਿਸ਼ਟੀ, ਜੀਵ, ਨਾਮ ਸਿਮਰਨ, ਗੁਰੂ, ਸਾਧ-ਸੰਤ, ਬ੍ਰਹਮਗਿਆਨੀ, ਹੁਕਮ ਆਦਿ ਨੂੰ ਬਹੁਤ ਹੀ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ।

ਇਸ ਸਿਰਲਖ ਹੇਠ ਆਈ ਬਾਣੀ ਦੁਨੀਆਵੀ ਉਲਝਣਾਂ ਵਿਚ ਉਲਝੇ ਅਤੇ ਰਾਹੋਂ ਭੁੱਲੇ ਭਟਕੇ, ਬਿਖੜੇ ਤੇ ਅਸ਼ਾਂਤ ਮਨ ਨੂੰ ਸ਼ਾਂਤੀ ਤੇ ਸੁਖ ਦੇਣ ਦੀ ਲੋੜ ਨੂੰ ਮੁੱਖ ਰੱਖ ਕੇ ਰਚੀ ਗਈ ਸੀ। ਇਸ ਰਚਨਾ ਦਾ ਸਿਰਲੇਖ ਇੰਨਾ ਸਰਲ, ਸਪਸ਼ਟ ਤੇ ਢੁਕਵਾਂ ਹੈ ਕਿ ਇਹ ਕਿਸੇ ਵਿਆਖਿਆ ਦਾ ਮੁਹਤਾਜ ਨਹੀਂ ਹੈ। ਸੁਖਮਨੀ ਵਿਚ ਮਨੁੱਖ ਅਜਿਹੀ ਉੱਚੀ ਸੁਰਤ ਦਾ ਧਾਰਨੀ ਹੈ ਕਿ ਦੁਖਾਂ-ਸੁਖਾਂ ਤੋਂ ਉੱਪਰ ਉੱਠ ਕੇ ਆਨੰਦ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਸਮੁੱਚੀ ਬਾਣੀ ਦਾ ਭਾਵ ਇਸ ਦੀਆਂ ਆਰੰਭਕ ਸਤਰਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਓ॥

ਹਥਲੇ ਪ੍ਰਬੰਧ ਦਾ ਵਿਸ਼ਾ 'ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ' ਹੈ। ਹਥਲੇ ਖੋਜ ਕਾਰਜ ਅਧੀਨ ਸੁਖਮਨੀ ਸਾਹਿਬ ਵਿਚ ਆਏ ਰਹੱਸਾਤਮਿਕ ਤੱਤਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਨੂੰ ਕੁੱਲ ਤਿੰਨ ਅਧਿਆਇ ਵਿਚ ਵੰਡਿਆ ਗਿਆ ਹੈ। ਇਹ ਅਧਿਆਇ ਵੰਡ ਇਸ ਤਰੀਕੇ ਨਾਲ ਕੀਤੀ ਗਈ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਇਸ ਸ਼ਾਹਕਾਰ ਬਾਣੀ ਵਿਚਲੇ ਰਹੱਸਾਤਮਿਕ ਤੱਥਾਂ ਨੂੰ ਜਾਣ ਕੇ ਉਸਦਾ ਦਾਰਸ਼ਨਿਕ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਸਿੱਟੇ ਤੇ ਪਹੁੰਚਿਆ ਜਾ ਸਕੇ।

ਵਿਚਾਰ ਅਧੀਨ ਖੋਜ ਪ੍ਰਬੰਧ ਦੀ ਨਿਸ਼ਚਿਤ ਰੂਪ-ਰੇਖਾ ਅਨੁਸਾਰ ਪਹਿਲਾ ਅਧਿਆਇ 'ਰਹੱਸਵਾਦ : ਇਕ ਮੁਢਲੀ ਜਾਣ-ਪਛਾਣ' ਹੈ। ਇਸ ਅਧਿਆਇ ਵਿਚ ਰਹੱਸ ਅਤੇ ਰਹੱਸਵਾਦ ਦੇ ਅਰਥ ਸਪਸ਼ਟ ਕੀਤੇ ਗਏ ਹਨ।

ਰਹੱਸਵਾਦ ਅਨੰਦ ਤੇ ਆਧਾਰਿਤ ਅਦ੍ਰਿਸ਼ਟ ਸੱਚ ਤੱਕ ਪਹੁੰਚਣ ਦਾ ਵਿਗਿਆਨ ਹੈ। ਰਹੱਸਵਾਦ ਦਾ ਜਨਮ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਪ੍ਰਾਪਤ (ਪ੍ਰਤੱਖ) ਅਸਲੀਅਤ ਅਤੇ ਅਦ੍ਰਿਸ਼ਟ ਅਸਲੀਅਤ ਵਿਚਕਾਰ ਅੰਤਰ ਮਹਿਸੂਸ ਕਰ ਕੇ ਅਦ੍ਰਿਸ਼ਟ ਅਸਲੀਅਤ ਤੱਕ ਪਹੁੰਚਣ ਦਾ ਯਤਨ ਕਰਦਾ ਹੈ।

ਖੋਜ ਪ੍ਰਬੰਧ ਦਾ ਦੂਜਾ ਅਧਿਆਇ 'ਸੁਖਮਨੀ ਸਾਹਿਬ : ਇਕ ਆਮ ਪਰਿਚੈ' ਹੈ। ਇਸ ਅਧਿਆਇ ਨੂੰ ਅੱਗੋਂ ਉੱਪ-ਭਾਗਾਂ ਵਿਚ ਵੰਡਿਆ ਗਿਆ ਹੈ ਜਿਸ ਵਿਚੋਂ ਪਹਿਲਾ ਭਾਗ ਗੁਰੂ ਅਰਜਨ ਦੇਵ : ਜੀਵਨ ਤੇ ਰਚਨਾ ਹੈ। ਇਸ ਭਾਗ ਵਿਚ ਗੁਰੂ ਅਰਜਨ ਦੇਵ ਜੀ ਦੀ ਜਨਮ ਬਾਰੇ ਅਤੇ ਗੁਰੂ ਅਰਜਨ ਦੇਵ ਜੀ ਦੇ ਪਰਿਵਾਰਕ ਪਿਛੋਕੜ ਬਾਰੇ ਦੱਸਿਆ ਗਿਆ ਹੈ। ਇਸ ਭਾਗ ਵਿਚ ਗੁਰੂ ਜੀ ਦੀ ਗੁਰਗੱਦੀ, ਨਿਰਮਾਣ ਕਾਰਜ, ਸ਼ਹੀਦੀ ਅਤੇ ਸਮੁੱਚੀਆਂ ਰਚਨਾਵਾਂ ਬਾਰੇ ਵਰਣਨ ਕੀਤਾ ਗਿਆ ਹੈ। ਇਸੇ ਅਧਿਆਇ ਦਾ ਦੂਜਾ ਉੱਪ-ਭਾਗ 'ਸੁਖਮਨੀ ਸਾਹਿਬ : ਜਾਣ-ਪਛਾਣ' ਹੈ। ਇਸ ਵਿਚ ਗੁਰੂ ਅਰਜਨ ਦੀ ਇਸ ਵੱਡ ਅਕਾਰੀ ਸ਼ਾਹਕਾਰ ਰਚਨਾ ਦਾ ਰਚਨਾ ਕਾਲ, ਮਨੋਰਥ ਅਤੇ ਇਸ ਦੀ ਭਾਸ਼ਾ ਸਬੰਧੀ ਵੀ ਚਰਚਾ ਕੀਤੀ ਗਈ ਹੈ।

ਇਸ ਅਧਿਆਇ ਦੇ ਤੀਜੇ ਉੱਪ-ਭਾਗ ਵਿਚ ਸੁਖਮਨੀ ਸਾਹਿਬ ਦਾ ਅਸ਼ਟਪਦੀ ਵਾਰ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਸ ਤੋਂ ਗੁਰੂ ਜੀ ਦੁਆਰਾ ਸੁਖਮਨੀ ਸਾਹਿਬ ਲਿਖਣ ਦਾ ਮਨੋਰਥ ਸਪਸ਼ਟ ਹੁੰਦਾ ਹੈ।

ਖੋਜ ਪ੍ਰਬੰਧ ਦੇ ਤੀਜੇ ਅਧਿਆਇ ਵਿਚ 'ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ' ਦਿੱਤਾ ਗਿਆ ਹੈ। ਇਸ ਅਧਿਆਇ ਨੂੰ ਵੀ ਅੱਗੋਂ ਦੋ ਉੱਪ-ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਸੁਖਮਨੀ ਸਾਹਿਬ ਵਿਚ ਆਏ ਪ੍ਰਮੁੱਖ ਰਹੱਸਾਤਮਿਕ ਤੱਤਾਂ ਦੀ ਵਿਆਖਿਆ ਹੈ। ਇਸ ਭਾਗ ਵਿਚ ਸੁਖਮਨੀ ਸਾਹਿਬ ਦੇ

ਰਹੱਸਾਤਮਿਕ ਤੱਤਾਂ ਬ੍ਰਹਮ, ਸ੍ਰਿਸ਼ਟੀ, ਜੀਵ ਤੇ ਨਾਮ ਸਿਮਰਨ ਸਬੰਧੀ ਚਰਚਾ ਕੀਤੀ ਗਈ ਹੈ। ਸੁਖਮਨੀ ਸਾਹਿਬ ਵਿਚੋਂ ਢੁਕਵੀਆਂ ਤੁਕਾਂ ਲੈ ਕੇ ਇਹਨਾਂ ਸੰਕਲਪਾਂ ਸਬੰਧੀ ਗੁਰੂ ਜੀ ਦੀ ਵਿਚਾਰਧਾਰਾ ਵਿਅਕਤ ਕੀਤੀ ਗਈ ਹੈ।

ਇਸ ਅਧਿਆਇ ਦਾ ਦੂਜਾ ਉੱਪ-ਭਾਗ 'ਸੁਖਮਨੀ ਸਾਹਿਬ ਵਿਚਲੇ ਰਹੱਸਾਤਮਿਕ ਤੱਤਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ' ਹੈ। ਇਸ ਭਾਗ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ ਸਾਹਿਬ' ਵਿਚ ਸਭ ਤੋਂ ਵੱਡਾ ਰਹੱਸ 'ਬ੍ਰਹਮ' ਦਾ ਹੈ ਬ੍ਰਹਮ ਕੀ ਹੈ?, ਉਸਦਾ ਰੂਪ ਕੀ ਹੈ? ਉਸਨੂੰ ਕਿਵੇਂ ਜਾਣਿਆ ਜਾ ਸਕਦਾ ਹੈ? ਉਹ ਕਿੱਥੇ ਰਹਿੰਦਾ ਹੈ? ਆਦਿ। ਗੁਰੂ ਜੀ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਰਹੱਸ ਨੂੰ ਸਪੱਸ਼ਟ ਰੂਪ ਵਿਚ ਬਿਆਨ ਕਰਦੇ ਹਨ ਕਿ ਬ੍ਰਹਮ ਹੀ ਸ੍ਰਿਸ਼ਟੀ ਦਾ ਸੱਚ ਹੈ। ਗੁਰੂ ਜੀ ਨੇ ਇਸ ਸੱਚ ਜਾਂ ਬ੍ਰਹਮ ਦੀ ਖੋਜ ਦਾ ਸਭ ਤੋਂ ਉੱਤਮ ਢੰਗ ਤਰਕ ਜਾਂ ਇੰਦਰੀਵੀ (ਇੰਦਰਾਵੀ) ਖੋਜ ਦੀ ਬਜਾਇ ਆਤਮਿਕ ਅਨੁਭਵ ਨੂੰ ਮਨਿਆ ਹੈ। ਸੋ ਗੁਰੂ ਜੀ ਨਾ ਭੌਤਿਕਵਾਦੀ ਹਨ ਅਤੇ ਨਾ ਹੀ ਤਰਕਵਾਦੀ ਸਗੋਂ ਉਹ ਰਹੱਸਵਾਦੀ ਹਨ ਜੋ ਆਤਮਿਕ ਅਨੁਭਵ ਤੋਂ ਸੱਚ ਦੀ ਪਛਾਣ ਕਰਦੇ ਹਨ। ਰਹੱਸਵਾਦ ਦਾ ਵਾਸਤਾ ਆਤਮਾ ਅਤੇ ਪਰਮਾਤਮਾ ਨਾਲ ਹੈ ਜੋ ਸੁਖਮਨੀ ਸਾਹਿਬ ਦਾ ਮੁੱਖ ਵਿਸ਼ਾ ਹੈ।

ਸੁਖਮਨੀ ਸਾਹਿਬ ਅਨੁਸਾਰ ਜੀਵ ਨੂੰ ਨਾਮ ਸਿਮਰਨ ਰਾਹੀਂ ਗੁਰੂ ਧਾਰਨ ਕਰਕੇ, ਹੁਕਮ ਵਿਚ ਚੱਲ ਕੇ ਅਤੇ ਸਾਧ ਸੰਗਤ ਕਰ ਕੇ ਉਸ ਬ੍ਰਹਮ ਦੀ ਮਿਹਰ ਪ੍ਰਾਪਤ ਕਰਨੀ ਚਾਹੀਦੀ ਹੈ ਜੋ ਜੀਵ ਦੇ ਜੀਵਨ ਦਾ ਅਸਲ ਮਕਸਦ ਹੈ। ਇਸ ਅਧਿਆਇ ਵਿਚ ਬ੍ਰਹਮ ਤੋਂ ਸ੍ਰਿਸ਼ਟੀ ਦੀ ਰਚਨਾ ਬਾਰੇ ਸਪਸ਼ਟ ਕਰਦਿਆਂ ਜੀਵ ਨੂੰ ਸ੍ਰਿਸ਼ਟੀ ਦਾ ਇਕ ਛੋਟਾ ਅੰਸ਼ ਦਰਸਾਇਆ ਗਿਆ ਹੈ ਜਿਸਨੇ ਨਾਮ ਸਿਮਰਨ ਦੇ ਸਹਾਰੇ ਫਿਰ ਬ੍ਰਹਮ ਨਾਲ ਅਭੇਦ ਹੋਣਾ ਹੈ।

ਸੁਖਮਨੀ ਸਾਹਿਬ ਵਿਚਲੇ ਪਰਮਸੁਖ ਪ੍ਰਾਪਤ ਕਰਨ ਦੀ ਅਵਸਥਾ ਰਹੱਸਵਾਦੀ ਦੀ ਸਭ ਤੋਂ ਸਿਖ਼ਰਲੀ ਅਵਸਥਾ ਹੈ ਜਿਥੇ ਪਹੁੰਚ ਕੇ ਬ੍ਰਹਮ ਨਾਲ ਜੀਵ ਦੀ ਅਭੇਦਤਾ ਹੋ ਜਾਂਦੀ ਹੈ।ਉਹ ਬ੍ਰਹਮ ਦਾ ਇਕ ਅੰਗ ਹੀ ਹੋ ਜਾਂਦਾ ਹੈ। ਰਹੱਸਵਾਦੀ ਇਸ ਬਾਰੇ ਬਿਆਨ ਕਰਨ ਤੋਂ ਅਸਮਰੱਥ ਹੁੰਦਾ ਹੈ। ਇਹ ਰਹੱਸਵਾਦੀ ਦੀ ਉਚਤਮ ਅਵਸਥਾ ਹੁੰਦੀ ਹੈ ਜਿਥੇ ਉਸਦੇ ਮਨ ਵਿਚ ਇਕ ਖ਼ੁਮਾਰੀ ਆਉਂਦੀ ਹੈ ਜਿਸਨੂੰ ਮਹਾਂਸੁਖ ਦੀ ਅਵਸਥਾ ਕਿਹਾ ਜਾਂਦਾ ਹੈ। ਸੁਖਮਨੀ ਸਾਹਿਬ ਵਿਚ ਅਜਿਹੇ 'ਮਹਾਂਸੁਖ' ਨੂੰ ਪ੍ਰਾਪਤ ਕਰਨ ਦਾ ਵਿਸ਼ਵਾਸ ਦਿਵਾਇਆ ਜਾਂਦਾ ਹੈ

ਇਸ ਖੋਜ-ਕਾਰਜ ਵਿਚ ਸੁਖਮਨੀ ਵਿਚਲੇ ਇਸ ਬ੍ਰਹਮ ਨਾਲ ਜੀਵ ਦੀ ਅਭੇਦਤਾ ਦੇ ਰਹੱਸ ਦਾ ਦਾਰਸ਼ਨਿਕ ਪੱਖ ਤੋਂ ਅਧਿਐਨ ਕੀਤਾ ਗਿਆ ਹੈ।ਰੱਹਸਵਾਦ ਦੇ ਗਿਆਨ ਜਾਂ ਪ੍ਰਕਾਸ਼ ਦੀ ਸੁਖਮਨੀ ਵਿਚ ਖੋਜ ਇਸ ਖੋਜ-ਕਾਰਜ ਦਾ ਅਸਲੀ ਮਨੋਰਥ ਹੈ। ਸੁਖਮਨੀ ਵਿਚਲੇ ਰਹੱਸ ਨੂੰ ਸਮਝੇ ਬਿਨਾਂ ਇਸ ਦੇ ਮੂਲ ਅਰਥਾਂ ਤੱਕ ਪਹੁੰਚਣਾ ਨਾ ਮੁਮਕਿਨ ਹੈ ਇਸ ਲਈ ਇਸ ਬਾਣੀ ਵਿਚਲੇ ਸੰਪੂਰਨ ਸੰਕਲਪਾਂ ਦੀ ਸੋਝੀ ਲਈ ਇਸਦਾ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਗਿਆ ਹੈ ਤਾਂ ਜੋ ਇਸਦੇ ਸਾਰਥਕ ਅਰਥਾਂ ਨੂੰ ਸਮਝਿਆ ਜਾ ਸਕੇ।

ਅੰਤ ਤੇ ਪੂਰੇ ਖੋਜ ਪ੍ਰਬੰਧ ਦਾ ਸਿੱਟਾ ਦਰਸਾਇਆ ਗਿਆ ਹੈ। ਸੁਖਮਨੀ ਸਾਹਿਬ ਵਿਚ ਆਏ ਪ੍ਰਮੁੱਖ ਰਹੱਸਾਂ ਬ੍ਰਹਮ, ਸ੍ਰਿਸ਼ਟੀ ਤੇ ਜੀਵ ਦੀ ਸੰਖੇਪ ਵਿਆਖਿਆ ਕਰਦਿਆਂ ਨਾਮ ਸਿਮਰਨ ਕਰਨ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਗੁਣਾਂ ਦਾ ਵਰਣਨ ਕੀਤਾ ਗਿਆ ਹੈ।

ਹਥਲੇ ਖੋਜ ਪ੍ਰਬੰਧ ਵਿਚ ਸੁਖਮਨੀ ਸਾਹਿਬ ਵਿਚੋਂ ਲਈਆਂ ਗਈਆਂ ਤੁਕਾਂ ਨੂੰ ਅਸਟਪਦੀ ਅਤੇ ਪਾਉੜੀਆਂ ਅਨੁਸਾਰ ਹੀ ਦਰਸਾਇਆ ਗਿਆ ਹੈ। ਉਦਾਹਰਨ ਦੇ ਤੌਰ ਤੇ ਅਸਟਪਦੀ 1.3 ਤੋਂ ਭਾਵ ਹੈ ਅਸਟਪਦੀ ਪਹਿਲੀ ਦੀ ਤੀਜੀ ਪਾਉੜੀ।

ਨਿਯਮ ਅਨੁਸਾਰ ਖੋਜ ਪ੍ਰਬੰਧ ਦੇ ਅੰਤ ਤੇ ਖੋਜ ਕਾਰਜ ਅਧੀਨ ਵਿਚਾਰੀਆਂ ਗਈਆਂ ਪੁਸਤਕਾਂ ਦੀ ਸੂਚੀ ਦਰਜ ਹੈ। ਇਹ ਪੁਸਤਕ ਸੂਚੀ ਅੱਖਰਕ੍ਰਮ ਤੇ ਮਾਤਰਾਕ੍ਰਮ ਅਨੁਸਾਰ ਦਰਜ ਹੈ।

# ਅਧਿਆਇ – ਪਹਿਲਾ

## ਰਹੱਸਵਾਦ : ਇਕ ਮੁਢਲੀ ਜਾਣ-ਪਛਾਣ

### 1.1 ਰਹੱਸ : ਅਰਥ ਤੇ ਪਰਿਭਾਸ਼ਾ

ਰਹੱਸ ਸ਼ਬਦ ਤੋਂ ਭਾਵ ਕਿਸੇ ਭੇਦ ਭਰੀ ਗੱਲ ਤੋਂ ਲਿਆ ਜਾਂਦਾ ਹੈ। ਭਾਰਤੀ ਸਾਹਿਤ ਵਿਚ ਰਹੱਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਰਿੱਗਵੇਦ ਵਿਚ ਮਿਲਦੀ ਹੈ। ਅਚਾਰੀਆ ਪਰਸ਼ੂਰਾਮ ਚਤੁਰਵੇਦੀ ਵੀ ਸਪਸ਼ਟ ਕਰਦੇ ਹਨ ਕਿ ਰਿੱਗਵੇਦ (2-29-1) ਵਿਚ ਮਿਲਣ ਵਾਲੇ 'ਰਹਸੵਰਿਧਾਗ' ਦੇ 'ਰਹਸੵ' ਸ਼ਬਦ ਦਾ ਪ੍ਰਯੋਗ ਰਹੱਸ ਲਈ ਹੋਇਆ ਹੈ। ਉਥੇ ਇਸ ਸ਼ਬਦ ਦੀ ਵਰਤੋਂ 'ਅਣਵਿਆਹੀ ਮਾਂ' ਲਈ ਹੋਈ ਹੈ, ਜਿਸ ਨੇ ਆਪਣੇ ਬੱਚੇ ਨੂੰ ਗੁਪਤ ਰੂਪ ਵਿਚ ਜਨਮ ਦਿੱਤਾ ਹੈ।[1] ਇਸੇ ਤਰ੍ਹਾਂ ਹੀ ਭਗਵਤ ਗੀਤਾ ਵਿਚ ਆਏ 'ਰਹਸਿ' ਸ਼ਬਦ ਦੇ ਅਰਥ ਏਕਾਂਤ ਤੇ ਤਿਆਗ ਤੋਂ ਲਏ ਗਏ ਹਨ।[2]

ਇਸ ਤੋਂ ਇਲਾਵਾ ਵੱਖ-ਵੱਖ ਵਿਦਵਾਨਾਂ ਨੇ ਰਹੱਸ ਦੇ ਅਰਥ ਵੱਖ-ਵੱਖ ਦਿੱਤੇ ਹਨ। ਪ੍ਰੋ. ਰਾਮ ਸਿੰਘ ਅਨੁਸਾਰ, 'ਜੋ ਕੁਝ ਬੁੱਧੀ ਦੀ ਪਕੜ ਵਿਚ ਨਹੀਂ ਆ ਸਕਦਾ ਉਹ ਬੁੱਧੀ ਲਈ ਇਕ ਬੰਦ ਭੇਦ ਦੀ ਤਰ੍ਹਾਂ ਹੈ ਅਰਥਾਤ ਰਹੱਸ ਹੈ।'[3]

ਰਹੱਸ ਸ਼ਬਦ ਵਿਉਂਤਪਤੀ, ਵਿਵਹਾਰਿਕ ਅਤੇ ਦਾਰਸ਼ਨਿਕ ਪੱਖਾਂ ਤੋਂ ਵਿਭਿੰਨ ਅਰਥ ਪ੍ਰਗਟਾਉਂਦਾ ਹੈ। ਵਿਉਂਤਪਤੀ ਦੀ ਦ੍ਰਿਸ਼ਟੀ ਤੋਂ ਰਹੱਸ ਸ਼ਬਦ 'ਰਹਸੁ' ਤੋਂ ਹੋਂਦ ਵਿਚ ਆਇਆ ਹੈ। ਇਸ ਤੋਂ ਹੀ ਅੱਗੇ ਰਹੱਸ, ਰਹੱਸਯ ਸ਼ਬਦ ਬਣੇ। ਜੇਕਰ ਰਹਸੁ ਸ਼ਬਦ ਦੀ ਵਿਉਂਤਪਤੀ ਵੱਲ ਵੇਖੀਏ ਤਾਂ, ਇਹ ਸ਼ਬਦ ਸਵੈਕੁੰਦਤ ਹੈ ਜਿਸ ਦੀ ਵਿਉਂਤਪਤੀ 'ਰਹ' ਧਾਤੂ ਨਾਲ 'ਅਸੁਨ' ਪਿਛੇਤਰ ਲਗਾ ਕੇ ਹੋਈ ਹੈ। 'ਰਹੱਸ ਦੇ ਕੋਸ਼ਗਤ ਅਤੇ ਅੱਖਰੀ ਅਰਥ ਹਨ ਰਾਜ, ਗੁਪਤ ਭੇਦ, ਛੁਪਾਉਣ ਲਾਇਕ ਗੱਲ'।[4]

ਵਿਵਹਾਰਿਕ ਪੱਖ ਤੋਂ ਰਹੱਸ ਸ਼ਬਦ ਦੇ ਅਰਥ ਉਪਰੋਕਤ ਅਰਥਾਂ ਤੋਂ ਦੂਰ ਨਹੀਂ। ਵਿਵਹਾਰਿਕ ਪੱਖ ਤੋਂ ਰਹੱਸ ਦਾ ਭਾਵ ਨਿਗੂੜ੍ਹ ਤੋਂ ਲਿਆ ਜਾਂਦਾ ਹੈ ਭਾਵ ਜਿਸ ਨਾਲ ਹੋਰ ਕੋਈ ਪ੍ਰਤੀਮਾਨ, ਤੱਤ ਨਾ ਜੁੜਿਆ ਹੋਵੇ। ਅਜਿਹੇ ਰਹੱਸ ਵਿਚ ਇਕ ਗਿਆਤਾ, ਇਕ ਗਿਆਨ ਅਤੇ ਇਕਮਾਤਰ ਹੀ ਗਿਆਨ ਦਾ ਸਾਧਨ ਹੁੰਦਾ ਹੈ ਅਜਿਹੀ ਤ੍ਰਿਕੋਨੀ ਅਵਸਥਾ ਦਾ

[1] ਅਚਾਰੀਆ ਪਰਸੂਰਾਮ ਚਤੁਰਵੇਦੀ, ਰਹੱਸਯਵਾਦ, ਪੰਨਾ-1.
[2] योगी युञ्जीत, सततमात्मान रहसि सिथत (६.१०).
[3] ਰਾਮ ਸਿੰਘ, ਗੁਰੂ ਨਾਨਕ ਦਾ ਰਹੱਸਵਾਦ, ਪੰਨਾ-7.
[4] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-1014.

ਗਿਆਨ ਹੀ ਰਹੱਸ ਅਖਵਾਉਂਦਾ ਹੈ। ਰਹੱਸ ਦਾ ਵਿਵਹਾਰਿਕ ਅਰਥ ਏਕਾਂਤ ਭਾਵ, ਏਕ+ਅੰਤ ਤੋਂ ਵੀ ਲਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਰਹੱਸ ਏਕਾਂਤ ਬਿਨਾਂ ਸੰਭਵ ਨਹੀਂ ਅਤੇ ਏਕਾਂਤ ਰਹੱਸ ਬਿਨਾਂ ਨਿਰਆਧਾਰ ਹੈ। ਏਕਾਂਤ ਦਾ ਮੂਲ ਅਰਥ ਇੱਥੋਂ ਨਿਕਲ ਕੇ ਹੀ ਪ੍ਰਯੋਗਾਂ ਵਿਚ ਆਇਆ ਹੈ।

ਫਿਲਾਸਫ਼ੀ ਜਿਸ ਨੂੰ ਹਿੰਦੀ ਭਾਸ਼ਾ ਵਿਚ ਦਰਸ਼ਨ ਕਿਹਾ ਜਾਂਦਾ ਹੈ, ਉਸ ਦੇ ਅਰਥ ਹਨ ਗਿਆਨ ਨਾਲ ਪਿਆਰ। ਇਹ ਯਥਾਰਥ ਦੇ ਸੁਭਾ ਦੀ ਤਰਕਸ਼ੀਲ ਖੋਜ ਹੈ। ਭਾਰਤ ਵਿਚ ਇਹ ਧਰਮ ਦਾ ਇਕ ਅਨਿਖੜਵਾਂ ਭਾਗ ਹੈ। ਪ੍ਰਕ੍ਰਿਤੀ, ਜੀਵਨ ਅਤ ਆਤਮਾ, ਪਰਮਾਤਮਾ, ਬ੍ਰਹਮੰਡ ਆਦਿ ਸਮੱਸਿਆਵਾਂ ਨੂੰ ਸਮਝਣ ਲਈ ਕੀਤੀ ਗਈ ਵਿਚਾਰ ਦਾ ਨਾਂ ਫਿਲਾਸਫ਼ੀ ਹੈ।[5]

ਦਾਰਸ਼ਨਿਕ ਵਿਚਾਰਧਾਰਾ ਅਨੁਸਾਰ ਪਰਮਾਤਮਾ ਦੀ ਸ੍ਰਿਸ਼ਟੀ ਵਿਚਲੀ ਹੋਂਦ ਹੀ ਰਹੱਸ ਹੈ ਜਿਸ ਨੂੰ ਕੋਈ ਵੀ ਸਿੱਧੇ ਰੂਪ ਵਿਚ ਨਹੀਂ ਵੇਖ ਸਕਦਾ। ਮਨ ਦੇ ਚਿੰਤਨ ਦੁਆਰਾ ਨਿਰਮਲ ਤੇ ਨਿਸ਼ਚੈ ਵਾਲੇ ਹਿਰਦੇ ਤੇ ਤੀਖਣ ਬੁੱਧੀ ਦੁਆਰਾ ਹੀ ਇਸ ਰਹੱਸ ਦੀ ਸੋਝੀ ਪਾਈ ਜਾ ਸਕਦੀ ਹੈ ਅਤੇ ਜੋ ਇਸ ਰਹੱਸ ਨੂੰ ਜਾਣ ਲੈਂਦੇ ਹਨ ਉਹਨਾਂ ਦਾ ਮਨ ਅਨੰਦਿਤ ਹੋ ਜਾਂਦਾ ਹੈ। ਪਰਮ ਤੱਤ ਦੇ ਅਜਿਹੇ ਗਿਆਨ ਭਾਵ ਰਹੱਸ ਦੀ ਸੋਝੀ ਤੇ ਹੀ ਦਾਰਸ਼ਨਿਕ ਰਹੱਸਵਾਦ ਦੀ ਅਧਾਰਸ਼ਿਲਾ ਖੜ੍ਹੀ ਹੁੰਦੀ ਹੈ। ਜਿਵੇਂ ਕਿ ਇਕ ਬੀਜ ਦੇ ਵਿਚ ਹੀ ਪੌਦਾ, ਪੱਤੇ, ਫੁੱਲ, ਫਲ ਤੇ ਛਾਂ ਹੁੰਦੀ ਹੈ ਉਵੇਂ ਹੀ ਇਸ ਸ੍ਰਿਸ਼ਟੀ ਦੇ ਪੰਜ ਤੱਤਾਂ ਤੋਂ ਸਰੀਰ ਬਣਦਾ ਹੈ ਜਿਸ ਵਿਚ ਪਰਮਾਤਮਾ ਦਾ ਨਿਵਾਸ ਹੁੰਦਾ ਹੈ। ਇਹੀ ਦਾਰਸ਼ਨਿਕ ਰਹੱਸ ਹੈ ਜਿਸ ਨੂੰ ਆਪੇ ਦੀ ਖੋਜ ਰਾਹੀਂ ਪਾਇਆ ਜਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਹੱਸ ਸ਼ਬਦ ਲਈ ਰਹਸੁ, ਰਹਸ, ਰਹਸਾਉ, ਰਹਸਿਆ, ਰਹਸਾਏ, ਰਹਿਸ, ਰਹਸੀਐ, ਰਹਸੇ, ਰਹਸੈ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰੋ. ਪਿਆਰਾ ਸਿੰਘ ਨੇ ਗੁਰਬਾਣੀ ਕੋਸ਼ ਵਿਚ ਰਹੱਸ ਦੇ ਅਰਥ ਅਨੰਦ ਅਤੇ ਭੇਤ ਕੀਤੇ ਹਨ।[6]

ਡਾ. ਗੁਰਚਰਨ ਸਿੰਘ ਦੁਆਰਾ ਸੰਪਾਦਿਤ ਕੋਸ਼ ਵਿਚ ਇਹਨਾਂ ਸ਼ਬਦਾਂ ਦੇ ਅਰਥ ਖਿੜਾਓ, ਖੁਸ਼ੀ, ਆਨੰਦ ਤੋਂ ਲਏ ਗਏ ਹਨ।[7]

---

[5] T.M.P. Mahadevan, Qutlines of Hinduism, P-98.
[6] ਪ੍ਰੋ. ਪਿਆਰਾ ਸਿੰਘ ਪਦਮ, ਗੁਰਬਾਣੀ ਕੋਸ਼, ਪੰਨਾ-144.
[7] ਡਾ. ਗੁਰਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ-2003.

ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਹਸੁ, ਰਹਸੈ, ਰਹਸੀਆ, ਰਹਸਾਏ ਸ਼ਬਦ ਦੇ ਅਰਥ ਭੇਤ ਤੋਂ ਲਏ ਹਨ।[8]

## 1.2 ਰਹੱਸਵਾਦ:

ਆਦਿ ਕਾਲ ਤੋਂ ਹੀ ਮਨੁੱਖ ਇਹ ਸੋਚਦਾ ਆਇਆ ਹੈ ਕਿ ਮੈਂ ਕੀ ਹਾਂ? ਕਿੱਥੋਂ ਆਇਆ ਹਾਂ? ਕਿਵੇਂ ਆਇਆ ਹਾਂ? ਕਿੱਥੇ ਜਾਣਾ ਹੈ? ਮੇਰੀ ਹੋਂਦ ਕੀ ਹੈ? ਮੇਰਾ ਮੇਰੇ ਅਸਲੇ ਨਾਲ ਕੀ ਸਬੰਧ ਹੈ ਇਹੀ ਕਿੱਥੋਂ? ਕਿਵੇਂ? ਤੇ ਕਿੱਥੇ ਦੇ ਪ੍ਰਸ਼ਨ ਮਨੁੱਖ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ। ਕੁਝ ਮਨੁੱਖ ਇਹਨਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਦਲੀਲ ਦਾ ਸਹਾਰਾ ਲੈਂਦੇ ਹਨ ਉਹਨਾਂ ਲੋਕਾਂ ਨੂੰ ਦਾਰਸ਼ਨਿਕ ਅਤੇ ਉੱਤਰ ਨੂੰ ਦਰਸ਼ਨ ਕਿਹਾ ਜਾਂਦਾ ਹੈ ਕਝ ਕਿਸਮ ਦੇ ਲੋਕ ਇਹਨਾਂ ਦੇ ਉੱਤਰ ਅਨੁਭਵ ਦੇ ਆਧਾਰ ਤੇ ਲੱਭਣ ਦੀ ਕੋਸ਼ਿਸ ਕਰਦੇ ਹਨ ਇਹਨਾਂ ਲੋਕਾਂ ਨੂੰ ਰਹੱਸਵਾਦੀ ਤੇ ਉੱਤਰ ਨੂੰ ਰਹੱਸਵਾਦ ਦਾ ਨਾਂ ਦਿੱਤਾ ਜਾਂਦਾ ਹੈ।

ਰਹੱਸ ਸ਼ਬਦ ਦੀ ਵਰਤੋਂ ਵੈਦਿਕ ਕਾਲ ਤੋਂ ਹੀ ਪ੍ਰਚਲਿਤ ਰਹੀ ਹੈ ਪਰ ਰਹੱਸਵਾਦ ਸ਼ਬਦ ਆਧੁਨਿਕ ਯੁੱਗ ਦੀ ਹੀ ਦੇਣ ਹੈ। ਅਜੋਕੇ ਯੁੱਗ ਵਿਚ ਜਦੋਂ 'ਵਾਦ' ਸ਼ਬਦ ਦੀ ਵਾਛੜ ਆਈ ਤਾਂ ਉਸ ਸਮੇਂ ਹੀ ਰਹੱਸ ਸ਼ਬਦ ਵੀ ਰਹੱਸਵਾਦ ਬਣ ਗਿਆ।[9]

ਰਹੱਸਵਾਦ ਸ਼ਬਦ ਦੀ ਉਤਪਤੀ ਤੇ ਵਿਚਾਰ ਕਰਨ ਤੇ ਪ੍ਰਤੀਤ ਹੁੰਦਾ ਹੈ ਕਿ ਇਸ ਸ਼ਬਦ ਦਾ ਭਾਰਤੀ ਸਾਹਿਤ ਵਿਚ ਪ੍ਰਯੋਗ ਆਧੁਨਿਕ ਹੈ। ਭਾਵੇਂ ਰਹੱਸਵਾਦ ਦਾ ਵਿਸ਼ਾ ਭਾਰਤੀ ਸਾਹਿਤ ਦਾ ਸ਼ੁਰੂ ਤੋਂ ਹੀ ਮੁੱਖ ਵਿਸ਼ਾ ਰਿਹਾ ਹੈ ਪ੍ਰੰਤੂ ਉਸ ਸਮੇਂ ਰਹੱਸਵਾਦ ਸ਼ਬਦ ਪ੍ਰਾਪਤ ਨਹੀਂ ਸੀ। ਪ੍ਰਾਚੀਨ ਕਾਲ ਦੇ ਸਾਹਿਤ ਵੇਦ, ਉਪਨਿਸ਼ਦ, ਭਗਵਤ ਗੀਤਾ ਆਦਿ ਅਤੇ ਹੋਰ ਅਨੇਕਾਂ ਭਗਤੀ ਤੇ ਦਾਰਸ਼ਨਿਕ ਗ੍ਰੰਥ ਵੀ ਰਹੱਸਆਤਮਿਕ ਭਾਵ ਅਤੇ ਰਹੱਸਆਤਮਿਕ ਅਨੁਭੂਤੀਆਂ ਨਾਲ ਭਰਪੂਰ ਸਨ। ਉਹਨਾਂ ਵਿਚ ਰਹੱਸਵਾਦ ਦਾ ਵਿਸ਼ਾ ਤਾਂ ਮੌਜੂਦ ਸੀ ਪ੍ਰੰਤੂ ਉਸ ਦਾ ਨਾਮਕਰਨ ਨਹੀਂ ਹੋਇਆ ਸੀ।

'ਜਿਸ ਸਮੇਂ ਸਾਹਿਤ ਵਿਚ ਸਾਹਿਤਿਕ ਪਰਵਿਰਤੀਆਂ ਦਾ ਨਾਮਕਰਨ ਹੋਇਆ ਅਤੇ ਵਾਦਾਂ ਦਾ ਹੜ੍ਹ ਆਇਆ ਉਸ ਸਮੇਂ ਰਹੱਸਵਾਦ ਸ਼ਬਦ ਦਾ ਜਨਮ ਹੋਇਆ।'[10]

ਅੰਗਰੇਜ਼ੀ ਸ਼ਬਦ 'Mysticism' ਕੋਈ ਬਹੁਤਾ ਪੁਰਾਣਾ ਨਹੀਂ ਹੈ। 'Mysticism' ਸ਼ਬਦ 'Mystic' ਤੋਂ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ। ਡਾ. ਹਰਜਿੰਦਰ ਸਿੰਘ ਢਿੱਲੋਂ

---

[8] ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ-6.
[9] ਡਾ. ਰਾਮ ਨਰਾਇਣ ਪਾਂਡੇ, ਭਗਤੀ ਕਾਵਿ ਮੇਂ ਰਹੱਸਵਾਦ, ਪੰਨਾ-6.
[10] ਆਚਾਰੀਆ ਪਰਸੂਰਾਮ ਚਤੁਰਵੇਦੀ, ਰਹੱਸਵਾਦ, ਪੰਨਾ-5.

ਖਾਲਿਦ ਅਹਿਮਦ ਨਿਜ਼ਾਮੀ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ ਰਹੱਸਵਾਦ ਯੂਨਾਨੀ ਨਾਂਵ ਮਿਸਟਿਕ (Mystic) ਕ੍ਰਿਆ ਮਿਊ (Mueo) ਤੋਂ ਬਣਿਆ, ਜਿਸ ਦਾ ਸਾਧਾਰਨ ਤੌਰ ਤੇ ਭਾਵ ਜ਼ਖ਼ਮ ਦੇ ਕਿਨਾਰਿਆਂ ਨੂੰ ਮਿਲਾਉਣਾ ਹੈ।[11] 'Mystic' ਸ਼ਬਦ ਦੀ ਉਤਪਤੀ ਯੂਨਾਨੀ ਸ਼ਬਦ 'Mystes' ਤੋਂ ਹੋਈ ਵੀ ਦੱਸੀ ਜਾਂਦੀ ਹੈ। ਇਸਦਾ ਅਰਥ ਮ੍ਰਿਤੂ ਜਾਂ ਕਰਮ ਸਬੰਧੀ ਗੂੜ੍ਹ ਗਿਆਨ ਪ੍ਰਾਪਤ ਕਰਨ ਤੋਂ ਹੈ ਪਰ ਕਈ ਵਿਦਵਾਨਾਂ ਦੀ ਰਾਇ ਹੈ ਕਿ ਇਹ ਦੋ ਵੱਖੋ-ਵੱਖਰੇ ਜਰਮਨ ਸ਼ਬਦਾਂ 'Mystizismus' ਅਤੇ 'Mystik' ਦੇ ਮੇਲ ਤੋਂ ਬਣਿਆ ਹੈ। 'Mystizismus' ਤੋਂ ਭਾਵ ਆਤਮਿਕ ਖੋਜ ਬਾਰੇ ਅਲੌਕਿਕ ਪੂਜਾ ਅਤੇ 'Mystik' ਦਾ ਅਰਥ ਆਤਮਾ ਅਤੇ ਪਰਮਾਤਮਾ ਵਿਚਕਾਰ ਹੋਈ ਤਾਜ਼ੀ ਗੱਲਬਾਤ ਦੇ ਅਨੁਭਵ ਤੋਂ ਹੈ। Mysticism ਸ਼ਬਦ My ਧਾਤੂ ਲਗਾ ਕੇ ਬਣਿਆ ਹੈ ਜਿਸ ਦਾ ਸ਼ਾਬਦਿਕ ਅਰਥ ਚੁੱਪ ਰਹਿਣਾ ਹੈ।

ਅਚਾਰੀਆ ਪਰਸੂਰਾਮ ਚਤੁਰਵੇਦੀ ਅਨੁਸਾਰ,

> 'ਰਹੱਸਵਾਦ ਦਾ ਹਿੰਦੀ ਸਾਹਿਤ ਵਿਚ ਪਹਿਲਾ ਪ੍ਰਯੋਗ ਕਾਵਯਾ ਰਚਨਾ ਸ਼ੈਲੀ ਦੇ ਪ੍ਰਸੰਗ ਵਿਚ 1927 ਈ: ਵਿਚ ਹੋਇਆ। ਉਸ ਸਾਲ ਸਰਸਵਤੀ ਮਾਸਿਕ ਪੱਤਰ ਦੇ ਮਈ ਅੰਕ ਵਿਚ ਅਚਾਰੀਆ ਮਹਾਂਵੀਰ ਪ੍ਰਸ਼ਾਦ ਦ੍ਵਿਵੇਦੀ ਨੇ ਆਪਣੇ ਇਕ ਲੇਖ ਵਿਚ ਇਸ ਸ਼ਬਦ ਦੇ ਪ੍ਰਯੋਗ ਵਿਚ ਸਵਾਲ ਉਠਾਇਆ ਅਤੇ ਇਸ ਸਮੇਂ ਦੌਰਾਨ ਹੀ ਅਚਾਰੀਆ ਰਾਮਚੰਦਰ ਸ਼ੁਕਲਾ ਨੇ ਇਸ ਦੀ ਵਰਤੋਂ ਕੀਤੀ।'[12]

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨਕੋਸ਼ ਵਿਚ ਰਹੱਸਵਾਦ ਸ਼ਬਦ ਦਾ ਜ਼ਿਕਰ ਨਹੀਂ ਕੀਤਾ। ਉਹਨਾਂ ਨੇ ਰਹੱਸ, ਰਹੱਸਯ ਤੇ ਰਹਸੁ ਸ਼ਬਦ ਦਾ ਜ਼ਿਕਰ ਕੀਤਾ ਹੈ। ਇਥੋਂ ਸਪੱਸ਼ਟ ਹੈ ਕਿ ਉਸ ਸਮੇਂ ਤੱਕ ਰਹੱਸਵਾਦ ਸ਼ਬਦ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਨਹੀਂ ਹੋਇਆ ਸੀ।

ਭਾਰਤੀ ਪ੍ਰੰਪਰਾ ਵਿਚ ਰਹੱਸਵਾਦ ਸ਼ਬਦ ਰਹੱਸ ਜਿੰਨਾ ਹੀ ਪੁਰਾਣਾ ਹੈ। ਇਸ ਵਿਚਲਾ ਵਾਦ ਸ਼ਬਦ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਵਾਦ ਦਾ ਅਰਥ 'ਕਥਨ' ਨਾਲ ਜੁੜਦਾ ਹੈ। ਅੱਗੇ ਚੱਲ ਕੇ ਸਿਧਾਂਤ ਦੇ ਹੀ ਅਰਥ ਵਿਚ ਵਾਦ ਦਾ ਪ੍ਰਯੋਗ ਹੋਇਆ।

---

[11] ਡਾ. ਹਰਜਿੰਦਰ ਸਿੰਘ ਢਿੱਲੋਂ, ਸ਼ਾਹ ਹੁਸੈਨ ਦੇ ਰਹੱਸਵਾਦ ਦਾ ਸਰੂਪ, ਖੋਜ-ਪੱਤ੍ਰਿਕਾ, ਸਤੰਬਰ, 1982, ਪੰਨਾਂ-147.
[12] ਆਚਾਰੀਆ ਪਰਸੂਰਾਮ ਚਤੁਰਵੇਦੀ, ਰਹੱਸਵਾਦ, ਪੰਨਾ-3.

ਪੰਜਾਬੀ ਸਾਹਿਤ ਵਿਚ ਰਹੱਸਵਾਦ ਦਾ ਆਗਮਨ ਬਾਬਾ ਫ਼ਰੀਦ ਤੋਂ ਹੀ ਹੋਇਆ ਮੰਨਿਆ ਜਾ ਸਕਦਾ ਹੈ। ਬਾਬਾ ਫ਼ਰੀਦ ਦੀ ਜੋ ਰਚਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਸ ਦੇ ਅਧਾਰ ਤੇ ਬਾਬਾ ਫ਼ਰੀਦ ਨੂੰ ਨਿਰਾ ਕਵਿਤਾ ਦਾ ਹੀ ਨਹੀਂ ਸਗੋਂ ਰਹੱਸਵਾਦੀ ਕਵਿਤਾ ਦਾ ਮੋਢੀ ਕਹਿਣਾ ਜਾਇਜ਼ ਹੈ। ਬਾਬਾ ਫ਼ਰੀਦ ਨੇ ਮਨੁੱਖੀ ਆਤਮਾ ਦੀ ਰੱਬੀ ਸ਼ਕਤੀ ਨਾਲ ਅਭੇਦਤਾ ਤੇ ਵਿਯੋਗ ਦਰਸਾਉਣ ਲਈ ਜੀਵ ਆਤਮਾ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹਨਾਂ ਨੇ ਸੰਕੇਤਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਬਾਬਾ ਫ਼ਰੀਦ ਅਨੁਸਾਰ ਇਸ ਤੋਂ ਨੇੜੇ ਦਾ ਹੋਰ ਰਿਸ਼ਤਾ ਨਹੀਂ ਹੋ ਸਕਦਾ ਇਸ ਲਈ ਉਹਨਾਂ ਅਨੁਸਾਰ ਲੋਕਾਂ ਨੂੰ ਸਮਝਾਉਣ ਲਈ ਇਸ ਤੋਂ ਸੋਖਾ ਢੰਗ ਹੋਰ ਨਹੀਂ ਹੋ ਸਕਦਾ। ਬਾਬਾ ਫ਼ਰੀਦ ਦੀ ਸਾਰੀ ਰਚਨਾ ਹੀ ਰਹੱਸਮਈ ਹੈ ਇਸ ਦੀ ਅਤਿ ਸੁੰਦਰ ਮਿਸਾਲ ਇਹ ਹੈ

ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379)

ਕਾਵਿ ਸ਼ਾਸਤਰ ਜਾਂ ਸਾਹਿਤ ਆਲੋਚਨਾ ਦੇ ਖੇਤਰ ਵਿਚ ਇਹ ਇਕ ਸਿਧਾਂਤ ਹੈ ਜਿਸ ਵਿਚ ਰਹੱਸਯ ਨੂੰ ਕਾਵਿ ਤੱਤ ਮੰਨੇ ਕੇ ਵਿਵੇਚਨ ਕੀਤਾ ਗਿਆ ਹੈ ਕਿ ਕਿਸ ਕਾਵਿ ਵਿਚ ਰਹੱਸ ਤੱਤ ਦੀ ਵਿਅੰਜਨਾ ਹੋਈ ਹੈ ਤੇ ਕਿਸ ਵਿਚ ਨਹੀਂ।

ਅਸਲ ਵਿਚ ਰਹੱਸਵਾਦ ਕੋਈ ਵਾਦ ਨਹੀਂ। ਇਹ ਤਾਂ ਹਿਰਦੇ ਦੀ ਇਕ ਅਲੌਕਿਕ ਸਥਿਤੀ ਦਾ ਗਿਆਨ ਹੈ। ਰਹੱਸਵਾਦ ਅਨੰਦ ਤੇ ਆਧਾਰਿਤ ਅਦ੍ਰਿਸ਼ਟ ਸੱਚ ਤੱਕ ਪਹੁੰਚਣ ਦਾ ਵਿਗਿਆਨ ਹੈ। ਸੋ ਸਪੱਸ਼ਟ ਹੈ ਕਿ ਰਹੱਸਵਾਦ ਦਾ ਜਨਮ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਪ੍ਰਾਪਤ (ਪ੍ਰਤੱਖ) ਅਸਲੀਅਤ ਅਤੇ ਅਦ੍ਰਿਸ਼ਟ ਅਸਲੀਅਤ ਵਿਚਕਾਰ ਅੰਤਰ ਮਹਿਸੂਸ ਕਰ ਕੇ ਅਦ੍ਰਿਸ਼ਟ ਅਸਲੀਅਤ ਤੱਕ ਪਹੁੰਚਣ ਦਾ ਯਤਨ ਕਰਦਾ ਹੈ।

ਰਹੱਸਵਾਦੀ ਮਨੋਦਸ਼ਾ ਇਕ ਭਾਵਨਾ ਦਸ਼ਾ ਹੈ ਬੁੱਧੀ ਦਸ਼ਾ ਨਹੀਂ ਕਿਉਂਕਿ ਉਸ ਅਸੀਮਤ ਸਤ ਦਾ ਅਨੁਭਵ ਬੁੱਧੀ ਦੁਆਰਾ ਹੋਣਾ ਅਸੰਭਵ ਹੈ। ਜੀਵ ਭਾਵਨਾਤਮਕ ਕੋਸ਼ਿਸ਼ਾਂ ਦੁਆਰਾ ਹੀ ਉਸ ਅਸੀਮ ਸ਼ਕਤੀ ਨਾਲ ਅਭੇਦਤਾ ਪ੍ਰਾਪਤ ਕਰ ਸਕਦਾ ਹੈ। ਭਾਈ ਵੀਰ ਸਿੰਘ ਇਸ ਸਬੰਧੀ ਕਹਿੰਦੇ ਹਨ ਕਿ:

'ਜਿੰਨਾਂ ਉਚਿਆਈਆਂ ਉੱਤੋਂ ਬੁੱਧੀ ਖੰਭ ਸਾੜ ਢੱਠੀ,
ਮੱਲੋ ਮੱਲੀ ਉਥੇ ਦਿਲ ਮਾਰਦਾ ਉਡਾਰੀਆਂ।

ਬੈਠ ਵੇ ਗਿਆਨੀ, ਬੁੱਧੀ ਮੰਡਲੇ ਦੀ ਕੈਦ ਵਿਚ,

ਵਲਵਲੇ ਦੇ ਦੇਸ਼, ਸਾਡੀਆਂ ਲੱਗ ਗਈਆਂ ਯਾਰੀਆਂ।'[13]

ਸਾਡੇ ਪੁਰਾਣੇ ਰਿਸ਼ੀਆਂ ਮੁਨੀਆਂ, ਸੰਤਾਂ, ਗੁਰੂਆਂ ਦਾ ਅਨੁਭਵ ਇਹ ਹੀ ਦਰਸਾਉਂਦਾ ਹੈ ਕਿ ਸਤ ਦਾ ਅਨੁਭਵ ਸਾਧਕ ਦੀ ਸਮਰੱਥਾ ਅਨੁਸਾਰ ਹੀ ਹੁੰਦਾ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਸਾਰਿਆਂ ਦਾ ਸਤਿ ਸਰੂਪ ਬਾਰੇ ਅਨੁਭਵ ਇਕੋ ਜਿਹਾ ਹੋ ਸਕਦਾ ਹੈ ਪਰ ਸਭ ਦਾ ਪ੍ਰਗਟਾਵਾ ਵੱਖ-ਵੱਖ ਤਰ੍ਹਾਂ ਨਾਲ ਹੁੰਦਾ ਹੈ। ਸਤਿ ਬਾਰੇ ਪ੍ਰਗਟਾਅ ਵਿਚ ਵਿਖਰੇਵੇਂ ਦਾ ਅਧਾਰ ਸਾਧਕ ਦੀ ਰੁਚੀ ਅਤੇ ਭਾਸ਼ਾ ਉੱਪਰ ਵਿਖਰੇਵਾਂ ਮੰਨਿਆ ਜਾ ਸਕਦਾ ਹੈ। ਆਪੋ ਆਪਣੇ ਅਨੁਭਵ ਵਿਚੋਂ ਜਿਸ ਨੂੰ ਉਸ ਮਹਾਂਸਾਗਰ ਵਿਚੋਂ ਜੋ ਕੋਈ ਖਾਸ ਅੰਸ਼ ਅਕਰਸ਼ਿਤ ਕਰਦਾ ਹੈ ਉਸੇ ਨੇ ਹੀ ਉਸ ਨੂੰ ਆਪਣਾ ਵਿਸ਼ਾ ਬਣਾ ਲਿਆ।

ਰਹੱਸਵਾਦ ਦਾ ਵਧੇਰੇ ਸਬੰਧ ਅਨੁਭਵ ਮੰਡਲ ਨਾਲ ਹੈ ਪ੍ਰੰਤੂ ਪਰਮਾਤਮਾ, ਮਨੁੱਖ ਅਤੇ ਰਚਨਾ ਇਸ ਅਨੁਭਵ ਦਾ ਅਨਿਖੜ ਅੰਗ ਹਨ।[14]

ਰਹੱਸਵਾਦ ਉਸ ਅਸੀਮ ਅਨੰਤ ਸੱਚ ਨਾਲ ਮਨੁੱਖੀ ਰਿਸ਼ਤੇ ਦਾ ਵਿਸ਼ਾ ਹੈ। ਇਹ ਨਾ ਨਿਰਾ ਪਰਮਸੱਤ ਅਤੇ ਨਾ ਨਿਰਾ ਮਨੁੱਖ ਦਾ ਸਗੋਂ ਦੋਹਾਂ ਦੇ ਸੰਗਮ ਦਾ ਵਿਸ਼ਾ ਹੈ। ਮਨੁੱਖੀ ਮਨ ਵਿਚ ਜਦੋਂ ਤੱਕ ਸੱਚ ਦੀ ਚੇਤਨਾ ਨਾ ਆਵੇ ਮਨੁੱਖ ਲਈ ਉਸ ਦੀ ਚਰਚਾ ਦਾ ਮੁੱਢ ਨਹੀਂ ਬੱਝਦਾ। ਮਨੁੱਖ ਪਰਮਾਤਮਾ ਨਾਲ ਜਾਂ ਉਸ ਅਸੀਮ ਸੱਚ ਨਾਲ ਵਿਅਕਤੀਗਤ ਸਬੰਧ ਸਥਾਪਤ ਕਰਨ ਦਾ ਯਤਨ ਕਰਦਾ ਹੈ। ਪਹਿਲਾਂ ਮਨੁੱਖ ਉਸ ਨੂੰ ਜਾਨਣ ਲਈ ਬੁੱਧੀ ਅਤੇ ਤਰਕ ਦਾ ਪ੍ਰਯੋਗ ਕਰਦਾ ਹੈ ਪ੍ਰੰਤੂ ਜਦੋਂ ਬੌਧਿਕ ਪੱਖ ਤੋਂ ਪੂਰਨ ਆਤਮਿਕ ਸੰਤੁਸ਼ਟੀ ਨਹੀਂ ਮਿਲਦੀ ਤਾਂ ਉਹ ਤਰਕ ਤੋਂ ਉੱਪਰ ਉੱਠ ਕੇ ਰਹੱਸਆਤਮਿਕ ਸੱਚ ਨਾਲ ਆਪਣਾ ਭਾਵਨਾਤਮਿਕ ਸਬੰਧ ਸਥਾਪਿਤ ਕਰਦਾ ਹੈ। ਹੌਲੀ-ਹੌਲੀ ਮਨੁੱਖ ਆਪਣੀਆਂ ਭਾਵਨਾਤਮਿਕ ਕੋਸ਼ਿਸ਼ਾਂ ਰਾਹੀਂ ਉਸ ਅਸੀਮ ਸੱਚ ਦਾ ਗਿਆਨ ਪ੍ਰਾਪਤ ਕਰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਰਹੱਸਵਾਦ ਇਕ ਭਾਵਨਾਤਮਿਕ ਮਨੋਦਸ਼ਾ ਹੈ ਬੌਧਿਕ ਨਹੀਂ। ਬੁੱਧੀ ਜਾਂ ਬਾਕੀ ਗਿਆਨ ਇੰਦਰੀਆਂ ਰਾਹੀਂ ਸਧਾਰਨ ਵਿਸ਼ੇ ਦਾ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ ਪ੍ਰੰਤੂ ਰਹੱਸਵਾਦ ਮਨੁੱਖੀ ਗਿਆਨ ਇੰਦਰੀਆਂ ਤੋਂ ਪਰ੍ਹੇ ਹੁੰਦਾ ਹੈ। ਰਹੱਸਵਾਦ ਭਾਵਨਾ ਦੇ ਦਰਿਆ ਵਿਚ ਵਹਿ ਕੇ ਉਸ ਸਮੁੰਦਰ ਰੂਪੀ ਅਸੀਮ ਸੱਚ ਵਿਚ ਅਭੇਦ ਹੋਣਾ ਹੈ ਜਿਸ ਤਰ੍ਹਾਂ ਦਰਿਆ

[13] ਭਾਈ ਵੀਰ ਸਿੰਘ, ਲਹਿਰ ਹੁਲਾਰੇ (ਵਲਵਲਾ), ਪੰਨਾ-12.

[14] ਡਾ. ਬਲਕਾਰ ਸਿੰਘ, ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭੀਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ, ਪੰਨਾ-51.

ਦਾ ਪਾਣੀ ਸਮੁੰਦਰ ਨਾਲ ਮਿਲ ਕੇ ਸਮੁੰਦਰ ਹੋ ਜਾਂਦਾ ਹੈ ਅਤੇ ਦਰਿਆ ਦੇ ਪਾਣੀ ਵਿਚ ਸਮੁੰਦਰੀ ਪਾਣੀ ਦੇ ਗੁਣ ਆ ਜਾਂਦੇ ਹਨ ਉਸੇ ਤਰ੍ਹਾਂ ਹੀ ਰਹੱਸਵਾਦੀ ਉਸ ਅਸੀਮ ਸੱਚ ਨੂੰ ਜਾਣ ਕੇ ਉਸ ਵਿਚ ਅਭੇਦ ਹੋ ਜਾਂਦਾ ਹੈ। ਗਿਆਤਾ ਅਤੇ ਗਿਆਨ ਸ੍ਰੋਤ ਆਪਸ ਵਿਚ ਘੁਲ ਮਿਲ ਜਾਂਦੇ ਹਨ। ਉਸ ਅਸੀਮ ਕੁਦਰਤੀ ਸ਼ਕਤੀ ਵਿਚ ਮਨੁੱਖੀ ਆਤਮਾ ਇਸ ਪ੍ਰਕਾਰ ਘੁਲ ਮਿਲ ਜਾਂਦੀ ਹੈ ਕਿ ਆਤਮਾ ਵਿਚ ਪਰਮਾਤਮਾ ਦੇ ਗੁਣ ਪ੍ਰਦਰਸ਼ਿਤ ਹੋਣ ਲਗਦੇ ਹਨ। ਇਥੇ ਪਹੁੰਚ ਕੇ ਪਰਮਾਤਮਾ ਤੇ ਜੀਵਾਅਤਮਾ ਵਿਚ 'ਤੂੰ' ਅਤੇ 'ਮੈਂ' ਦੀ ਭਾਵਨਾ ਦਾ ਖ਼ਾਤਮਾ ਹੋ ਜਾਂਦਾ ਹੈ। ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਇਸ 'ਤੂੰ' ਅਤੇ 'ਮੈਂ' ਦੀ ਭਾਵਨਾ ਦਾ ਖ਼ਾਤਮਾ ਹੀ ਰਹੱਸਵਾਦ ਦਾ ਮੁੱਖ ਉਦੇਸ਼ ਹੈ।

ਰਹੱਸਵਾਦ ਨੂੰ ਵਰਣਨ ਨਹੀਂ ਕੀਤਾ ਜਾ ਸਕਦਾ। ਜਿਸ ਨੂੰ ਉਸ ਅਲੌਕਿਕ ਸੱਚ ਬਾਰੇ ਅਨੁਭੂਤੀ ਹੁੰਦੀ ਹੈ ਉਹ ਸਿਰਫ਼ ਸਾਧਕ ਦੇ ਮਨ ਤੱਕ ਹੀ ਸੀਮਤ ਰਹਿੰਦੀ ਹੈ ਉਸ ਸਥਿਤੀ ਦਾ ਪ੍ਰਗਟਾਵਾ ਸੰਭਵ ਨਹੀਂ ਹੈ। ਪਰ ਫੇਰ ਵੀ ਸਾਧਕ ਇਸ ਅਵਸਥਾ ਨੂੰ ਸਮੇਂ-ਸਮੇਂ ਸਿਰ ਸਮਾਜ ਸਾਹਮਣੇ ਵਿਅਕਤ ਕਰਦੇ ਰਹੇ ਹਨ। ਸੋ ਇਹ ਕਹਿਣਾ ਠੀਕ ਹੈ ਕਿ ਸੱਤ ਦਾ ਗਿਆਨ, ਦਰਸ਼ਨ ਅਤੇ ਉਸ ਦਾ ਪ੍ਰਤੱਖ ਪ੍ਰਗਟਾਵਾ ਰਹੱਸਵਾਦ ਹੈ।

### 1.3 ਰਹੱਸਵਾਦੀ ਦੀ ਭਾਸ਼ਾ:

ਰਹੱਸਵਾਦੀ ਦੀ ਭਾਸ਼ਾ ਰਹੱਸਮਈ ਅਤੇ ਸੰਕੇਤਕ ਹੁੰਦੀ ਹੈ ਕਿਉਂਕਿ ਰਹੱਸਾਤਮਕ ਗਿਆਨ ਦਾ ਵਿਸ਼ਾ ਇਸ ਪ੍ਰਕਾਰ ਦਾ ਹੈ ਕਿ ਰਹੱਸਵਾਦੀ ਆਪਣੇ ਪ੍ਰਾਪਤ ਅਨੁਭਵ ਨੂੰ ਵਿਅਕਤ ਨਹੀਂ ਕਰ ਪਾਉਂਦਾ। ਉਸਨੂੰ ਆਪਣੇ ਇਸ ਅਨੁਭਵ ਨੂੰ ਵਿਅਕਤ ਕਰਨ ਲਈ ਉਸਦੀ ਕਿਸੇ ਗਿਆਤ ਵਸਤੂ ਨਾਲ ਤੁਲਨਾ ਕਰਕੇ ਭਾਸ਼ਾ ਦੇ ਮਾਧਿਅਮ ਰਾਹੀਂ ਵਰਣਨ ਕਰਨਾ ਜ਼ਰੂਰੀ ਹੁੰਦਾ ਹੈ। ਪ੍ਰੰਤੂ ਉਹ ਉਸ ਅਸੀਮ ਸੱਚ ਦੇ ਅਨੁਭਵ ਦੀ ਤੁਲਨਾ ਕਿਸੇ ਹੋਰ ਵਸਤੂ ਨਾਲ ਕਿਸ ਤਰ੍ਹਾਂ ਕਰ ਸਕਦਾ ਹੈ ਕਿਉਂਕਿ ਉਸ ਅਸੀਮ ਸੱਚ ਵਰਗਾ ਕੋਈ ਹੋਰ ਹੋਵੇ ਤਾਂ ਹੀ ਤੁਲਨਾ ਕੀਤੀ ਜਾ ਸਕਦੀ ਹੈ। ਨਾ ਹੀ ਕੋਈ ਭਾਸ਼ਾ ਉਸਦੇ ਗੁਣਾਂ ਦਾ ਵਰਣਨ ਕਰਨ ਦੇ ਸਮਰੱਥ ਹੈ। ਕੋਈ ਭਾਸ਼ਾ ਇੰਨੀ ਪ੍ਰਪੱਕ ਨਹੀਂ ਹੈ ਜੋ ਉਸ ਅਸੀਮ ਸੱਚ ਦੇ ਸਭ ਗੁਣਾਂ ਨੂੰ ਵਿਅਕਤ ਕਰਨ ਦੀ ਯੋਗਤਾ ਰੱਖਦੀ ਹੋਵੇ। ਹਰ ਭਾਸ਼ਾ ਦਾ ਸ਼ਬਦ ਸੰਗ੍ਰਹਿ ਸੀਮਤ ਹੁੰਦਾ ਹੈ ਤਾਂ ਉਸ ਨਾਲ ਅਸੀਮ ਦੀ ਵਿਆਖਿਆ ਕਿਵੇਂ ਕੀਤੀ ਜਾ ਸਕਦੀ ਹੈ। ਇਸ ਲਈ ਰਹੱਸਵਾਦੀ ਆਪਣੇ ਸੀਮਤ ਸ਼ਬਦਾਂ ਨਾਲ ਉਸ ਅਸੀਮ ਅਨੰਤ ਸ਼ਕਤੀ ਦੇ ਪ੍ਰਤੱਖ ਅਨੁਭਵ ਨੂੰ ਵਿਅਕਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਰਹੱਸਾਤਮਕ ਗਿਆਨ ਦੀ ਅਨੁਭੂਤੀ ਉਹਨਾਂ ਇੰਦਰੀਆਂ ਦੇ ਮਾਧਿਅਮ ਦੁਆਰਾ ਅਸੰਭਵ ਹੈ ਜਿਨ੍ਹਾਂ ਦੁਆਰਾ ਅਸੀਂ ਬਾਹਰੀ ਜਗਤ ਬਾਰੇ ਗਿਆਨ ਹਾਸਿਲ ਕਰਦੇ ਹਾਂ। ਉਸ ਪਰਮਸੱਤਾ ਬਾਰੇ ਜਾਣਨ ਲਈ ਸਾਧਕ ਨੂੰ ਭਾਵਨਾਤਮਕ ਤੌਰ ਤੇ ਪਰਮਸੱਤਾ ਨਾਲ ਅਭੇਦ ਹੋਣਾ ਪੈਂਦਾ ਹੈ। ਉਂਝ ਤਾਂ ਵੇਦਾਂ ਵਿਚ ਵੀ ਅਨੁਭੂਤੀ ਦਾ ਵਰਣਨ ਹੁੰਦਾ ਆਇਆ ਹੈ ਪਰ ਪ੍ਰਤੱਖ ਅਨੁਭੂਤੀ ਵਾਸਤਵ ਵਿਚ ਵਿਆਖਿਆ ਤੋਂ ਪਰੇ ਦੀ ਗੱਲ ਹੈ। ਪਰਮਸੱਤਾ ਅਤੇ ਰਹੱਸਾਤਮਕ ਗਿਆਨ ਦੋਵੇਂ ਹੀ ਅਜਿਹੀਆਂ ਅਨੁਭਵ ਵਸਤੂਆਂ ਹਨ ਜਿਨ੍ਹਾਂ ਬਾਰੇ ਅਭਿਆਸੀ ਸਾਧਕ ਆਪਣੇ ਅਨੁਭਵ ਨੂੰ ਗੂੰਗੇ ਦੇ ਗੁੜ ਖਾਣ ਨਾਲ ਤੁਲਨਾਉਂਦਾ ਹੈ ਕਿਉਂਕਿ ਸਾਧਕ ਲਈ ਆਪਣੇ ਅਨੁਭਵ ਨੂੰ ਵਿਅਕਤ ਕਰਨਾ ਵੱਸੋਂ ਬਾਹਰੀ ਗੱਲ ਹੁੰਦੀ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਵੀ ਕਿਹਾ ਹੈ ਕਿ:

ਜਿਨ ਚਾਖਿਆ ਸੇਈ ਸਦੁ ਜਾਣਨਿ ਜਿਉ ਗੁੰਗੇ ਮਿਠਿਆਈ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 635)

ਇਸੇ ਕਾਰਨ ਸਾਧਕ ਸੰਕੇਤਾਤਮਕ ਭਾਸ਼ਾ ਦਾ ਸਹਾਰਾ ਲੈਂਦਾ ਹੈ। ਇਹੀ ਕਾਰਨ ਹੈ ਕਿ ਰਹੱਸਵਾਦੀ ਦੀ ਭਾਸ਼ਾ ਅਧਿਕ ਸ਼ਾਂਤ, ਸੰਕੇਤਮਈ ਅਤੇ ਅਸਪਸ਼ਟ ਹੁੰਦੀ ਹੈ। ਇਹ ਭਾਸ਼ਾ ਜਨਸਧਾਰਨ ਤੋਂ ਪਰੇ ਦੀ ਹੁੰਦੀ ਹੈ ਜਿਸ ਨੂੰ ਅਨੁਭਵੀ ਵਿਅਕਤੀ ਹੀ ਸਮਝ ਸਕਦਾ ਹੈ।

ਰਹੱਸਵਾਦੀ ਸਾਧਕ ਆਪਣੇ ਅਨੁਭਵ ਨੂੰ ਕਿਸੇ ਉੱਚਤਮ ਸਾਹਿਤ ਸਿਰਜਣਾ ਦੀ ਦ੍ਰਿਸ਼ਟੀ ਤੋਂ ਨਹੀਂ ਲਿਖਦਾ ਸਗੋਂ ਉਹ ਤਾਂ ਆਪਣੇ ਅਨੁਭਵ ਨੂੰ ਲੋਕ ਕਲਿਆਣ ਲਈ ਪ੍ਰਗਟਾ ਰਿਹਾ ਹੁੰਦਾ ਹੈ। ਉਹ ਆਪਣੇ ਇਸ ਦੈਵੀ ਆਨੰਦ ਦੀ ਧੁਨ ਨੂੰ ਹਰ ਹਿਰਦੇ ਅੰਦਰ ਪਹੁੰਚਾਉਣਾ ਚਾਹੁੰਦਾ ਹੈ। ਉਸ ਦੀ ਲਾਲਸਾ ਨਹੀਂ ਹੁੰਦੀ ਕਿ ਉਹ ਇਸ ਪਰਮ ਆਨੰਦ ਨੂੰ ਆਪਣੇ ਤੱਕ ਹੀ ਸੀਮਤ ਰੱਖੇ।

ਸੋ ਰਹੱਸਵਾਦੀ ਦਰਸ਼ਨ ਦੀ ਭਾਵਨਾ ਮਾਨਵ ਦਾ ਪੂਰਨ ਪ੍ਰਤੱਖ ਅਨੁਭਵ ਹੈ। ਅਜਿਹੇ ਅਨੁਭਵ ਵਿਚ ਸਾਧਕ ਦੀ ਆਤਮਾ ਪਰਮਾਤਮਾ ਵਿਚ ਇਸ ਪ੍ਰਕਾਰ ਘੁਲ ਮਿਲ ਜਾਂਦੀ ਹੈ ਕਿ ਆਤਮਾ ਵਿਚ ਵੀ ਪਰਮਾਤਮਾ ਦਾ ਝਲਕਾਰਾ ਪੈਂਦਾ ਹੈ। ਆਤਮਾ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਆਤਮਾ ਦੀ ਪਰਮਾਤਮਾ ਵਿਚ ਲੀਨਤਾ ਹੀ ਰਹੱਸਵਾਦ ਦਾ ਮੁੱਖ ਅਤੇ ਮੂਲ ਆਧਾਰ ਹੈ।

ਰਹੱਸਵਾਦੀ ਮਹਾਂਪੁਰਖ ਉਸ ਪਰਮਸੱਤ ਬਾਰੇ ਕੁਝ ਕਹਿਣੋ ਇਸ ਕਰਕੇ ਚੁੱਪ ਨਹੀਂ ਰਹਿ ਸਕੇ ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਰੱਬੀ ਆਨੰਦ ਇੰਨਾਂ ਤੀਬਰ ਤੇ ਪ੍ਰਚੰਡ ਸੀ ਕਿ ਉਹ ਬਾਣੀ ਦੇ ਰੂਪ ਵਿਚ ਫੁੱਟ ਨਿਕਲਿਆ। ਉਹ ਆਪਣੀ ਪਰਮਾਤਮਾ ਨਾਲ ਅਭੇਦਤਾ ਨੂੰ ਆਪਣੇ ਤੱਕ ਸੀਮਤ ਨਾ ਰੱਖ ਸਕੇ ਅਤੇ ਦੁਨੀਆਂ ਸਾਹਮਣੇ ਉਹਨਾਂ ਨੂੰ ਅਪਾਣੇ ਭਾਵਾਂ ਨੂੰ ਵਿਅਕਤ ਕਰਨਾ ਪਿਆ।

ਆਦਿ ਕਾਲ ਵਿਚ ਮਨੁੱਖ ਦੀ ਭਾਵਨਾ ਜਗਿਆਸਾ ਮੂਲਕ ਸੀ। ਵੈਦਿਕ ਕਾਲ ਵਿਚ ਰਿਸ਼ੀਆਂ ਦੀ ਭਾਵਨਾ ਦਾ ਆਧਾਰ ਦੁੱਖ ਦੀ ਨਵਿਰਤੀ ਅਤੇ ਆਨੰਦ ਦੀ ਉਪਲਭਦੀ ਸੀ ਕਿਉਂਕਿ ਵੈਦਿਕ ਕਾਲ ਵਿਚ ਬ੍ਰਹਮ, ਈਸ਼ਵਰ, ਪ੍ਰਕਿਰਤੀ, ਮਾਇਆ, ਸਵਰਗ, ਸ਼ਰੀਰ ਆਦਿ ਦੇ ਸਬੰਧ ਵਿਚ ਗਿਆਨ ਗੋਸ਼ਟੀ ਉਹਨਾਂ ਦਾ ਮੁੱਖ ਵਿਸ਼ਾ ਰਿਹਾ ਹੈ। ਇਸ ਕਾਰਨ ਦਾਰਸ਼ਨਿਕ ਤੱਤਾਂ ਦੀ ਖੋਜ ਉਹਨਾਂ ਦਾ ਮੁੱਖ ਵਿਸ਼ਾ ਸੀ। ਉਹ ਦੁਨੀਆਂ ਤੋਂ ਦੂਰ ਆਸ਼ਰਮਾਂ ਵਿਚ ਰਹਿੰਦੇ ਸਨ। ਉਸ ਕਾਲ ਦੇ ਰਹੱਸਵਾਦ ਨੂੰ Philosophic-spiritual Mysticism ਕਿਹਾ ਜਾ ਸਕਦਾ ਹੈ।

ਮੱਧਕਾਲੀਨ ਰਹੱਸਵਾਦੀ ਭਗਤਾਂ ਵਿਚ ਦੁੱਖ ਨਵਿਰਤੀ ਅਤੇ ਆਨੰਦ ਪ੍ਰਾਪਤੀ ਦੀ ਭਾਵਨਾ ਮੁੱਖ ਰਹੀ। ਉਹਨਾਂ ਦਾ ਕਰਮ ਇਸ ਦ੍ਰਿਸ਼ਟ ਸੰਸਾਰ ਤੋਂ ਅਭਿੱਜ ਰਹਿ ਕੇ ਪਰਮਾਤਮਾ ਨਾਲ ਸਾਂਝ ਜੋੜਨਾ ਸੀ।

ਆਧੁਨਿਕ ਕਾਲ ਦੇ ਰਹੱਸਵਾਦੀਆਂ ਨੂੰ ਉਸ ਦੈਵੀ ਸ਼ਕਤੀ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਰਹੱਸ ਅਨੁਭੂਤੀ ਹੋਈ। ਇਹਨਾਂ ਦਾ ਰਹੱਸਵਾਦ ਨਾਲ ਸਬੰਧ ਵਿਅਕਤੀਗਤ ਜਾਂ ਭਾਵਨਾ ਪ੍ਰਧਾਨ ਹੀ ਆਖਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਮਨੋਵਿਗਿਆਨਿਕ ਰਹੱਸਵਾਦ (Phychological-Mysticism) ਕਿਹਾ ਜਾ ਸਕਦਾ ਹੈ।

ਰਹੱਸਵਾਦੀ ਵਿਚ ਪ੍ਰਬਲ ਇੱਛਾ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਬੁੱਧੀ ਤੇ ਭਾਵੁਕਤਾ ਦੁਆਰਾ ਪਰਮਾਤਮਾ ਦਾ ਛਿਣ ਪਲ ਦਾ ਦੀਦਾਰ ਤਾਂ ਹੋ ਸਕਦਾ ਹੈ ਪ੍ਰੰਤੂ ਸਥਾਈ ਦਰਸ਼ਨਾਂ ਲਈ ਪ੍ਰਬਲ ਇੱਛਾ ਸ਼ਕਤੀ ਅਤਿ ਜ਼ਰੂਰੀ ਹੈ। ਇੱਛਾ ਹੀ ਪ੍ਰੇਰਨਾ ਦੇਣ ਵਾਲੀ ਸ਼ਕਤੀ ਹੈ। ਇੱਛਾ ਸ਼ਕਤੀਆਂ ਦੁਆਰਾ ਹੀ ਮਨੁੱਖ ਮੂਲ ਪ੍ਰਵਿਰਤੀਆਂ ਦੇ ਉੱਪਰ ਵਿਜੈ ਪ੍ਰਾਪਤ ਕਰਕੇ ਨੈਤਿਕ ਅਤੇ ਅਧਿਆਤਮਕ ਕਰਮ ਵਿਚ ਸਫ਼ਲ ਹੋ ਸਕਦਾ ਹੈ। ਪ੍ਰਬਲ ਇੱਛਾ ਸ਼ਕਤੀ ਦੇ ਕਾਰਨ ਹੀ ਉਹ ਪ੍ਰਾਪਤੀ ਤੋਂ ਬਾਅਦ ਵੀ ਵਿਰਾਮ ਨਹੀਂ ਲੈਂਦਾ। ਉਸ ਦੀ ਉਤਸੁਕਤਾ ਪਲ ਪਲ ਵੱਧਦੀ ਜਾਂਦੀ ਹੈ:

ਮੇਰਾ ਮਨ ਲੋਚੇ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ॥
ਬਿਨ ਦਰਸਨ ਸੰਤ ਪਿਆਰੇ ਜੀਉ॥੧॥
ਹਉ ਘੋਲੀ ਜੀਉ ਘੋਲਿ ਘੁਮਾਈ॥
ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 96)

ਰਹੱਸਵਾਦੀ ਅਸਧਾਰਨ ਬੁੱਧੀ ਵਾਲਾ ਤਾਂ ਹੁੰਦਾ ਹੀ ਹੈ ਪਰ ਉਸ ਦੀ ਭਾਵੁਕਤਾ ਵੀ ਅਸਾਧਾਰਨ ਹੀ ਹੁੰਦੀ ਹੈ। ਪਰਮਾਤਮਾ ਨਾਲ ਉਸ ਦਾ ਪਿਆਰ ਇਸ ਹੱਦ ਤੱਕ ਪਹੁੰਚਿਆ ਹੁੰਦਾ ਹੈ ਕਿ ਉਹ ਇਕ ਪਲ ਵੀ ਪਰਮਾਤਮਾ ਤੋਂ ਜੁਦਾ ਹੋਣਾ ਨਹੀਂ ਚਾਹੁੰਦਾ। ਉਹ ਹਰ ਪਲ ਵਿਯੋਗ ਵਿਚ ਵਿਆਕੁਲ ਰਹਿੰਦਾ ਹੈ। ਵਾਸਤਵ ਵਿਚ ਰਹੱਸਵਾਦ ਵਿਚ ਗਿਆਨ, ਭਾਵਨਾ ਅਤੇ ਸਾਧਨਾਂ ਉੱਪਰ ਸਮਾਨ ਬਲ ਦਿੱਤਾ ਗਿਆ ਹੈ।

### 1.4 **ਰਹੱਸਵਾਦ ਦੀਆਂ ਪਰਿਭਾਸ਼ਾਵਾਂ:**

ਵੱਖ-ਵੱਖ ਸਮੇਂ ਵੱਖ-ਵੱਖ ਚਿੰਤਕਾਂ ਨੇ ਰਹੱਸਵਾਦ ਦਾ ਆਪੋ-ਆਪਣੇ ਤਰੀਕੇ ਨਾਲ ਵਿਸ਼ਲੇਸ਼ਣ ਕੀਤਾ ਹੈ। ਕਈ ਵਿਦਵਾਨਾਂ ਨੇ ਰਹੱਸਵਾਦ ਨੂੰ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਵੀ ਪਰਖਣ ਦਾ ਯਤਨ ਕੀਤਾ ਹੈ। ਸਮੇਂ-ਸਮੇਂ ਹੋਏ ਅਧਿਐਨ ਅਨੁਸਾਰ ਰਹੱਸਵਾਦ ਦੀਆਂ ਵਿਭਿੰਨ ਪਰਿਭਾਸ਼ਾਵਾਂ ਹੋਂਦ ਵਿਚ ਆਉਂਦੀਆਂ ਰਹਿੰਦੀਆਂ ਹਨ। ਜਿਵੇਂ:

- "ਰਹੱਸਵਾਦ ਮਨ ਦੀ ਉਹ ਦਸ਼ਾ ਹੈ ਜਿਥੇ ਪੁੱਜ ਕੇ ਆਤਮਾ ਤੇ ਪਰਮਾਤਮਾ ਤੋਂ ਸਿਵਾ ਕੋਈ ਰਿਸ਼ਤਾ ਨਹੀਂ ਦਿਸਦਾ।"[15]
- "ਰਹੱਸਵਾਦ ਦੇ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਇਹ ਕੋਈ ਰਮਜ਼ ਭਰੀ ਧੁੰਦਲੀ ਜਿਹੀ ਗੱਲ ਹੈ।"[16]
- "ਰਹੱਸਵਾਦ ਸ਼ਬਦ ਧੁੰਦਲਾ ਜਿਹਾ ਹੈ ਪਰ ਅਕਸਰ ਇਸ ਦੀ ਵਰਤੋਂ ਜੀਵ ਦੇ ਰੱਬ ਨਾਲ ਸਿੱਧੇ ਮੇਲ ਲਈ ਕੀਤੀ ਜਾਂਦੀ ਹੈ। ਇਹ ਵਰਤੋਂ ਦਿਮਾਗ਼ ਨਾਲ ਨਹੀਂ ਮਨ ਨਾਲ ਸਬੰਧਿਤ ਹੈ।"[17]

---

[15] Edward Caird, Encyclopedia of Philosophy, (Vol. V), p. 420.
[16] WT Stace, Mysticism and Philosophy, p. 15.
[17] Thomas Fatrick Hughes, Dictionary of Islam, p. 420.

- "ਦਾਸਗੁਪਤਾ ਸਪੱਸ਼ਟ ਕਰਦੇ ਹਨ ਕਿ "ਮੈਂ ਰਹੱਸਵਾਦ ਨੂੰ ਅਜਿਹਾ ਸਿਧਾਂਤ ਆਖਾਂਗਾ ਜੋ ਬੁੱਧੀ ਰਾਹੀਂ ਪਾਰਬ੍ਰਹਮ ਨੂੰ ਸਮਝਣ ਤੋਂ ਅਸਮਰੱਥ ਹੈ ਪਰ ਉਸ ਤੱਕ ਪੁੱਜਣ ਲਈ ਕੋਈ ਨਾ ਕੋਈ ਰਾਹ ਲੱਭਣ ਵਿਚ ਵਿਸ਼ਵਾਸ ਰੱਖਦਾ ਹੋਵੇ।"[18]
- "ਪ੍ਰੇਮ ਪ੍ਰਕਾਸ ਸਿੰਘ ਇਸ ਦੇ ਅਰਥ ਗੁਪਤ, ਨਿੱਜੀ, ਗੁੱਝਾ, ਛੁਪਿਆ ਹੋਇਆ, ਭੇਦ ਭਰਿਆ, ਗੁੰਝਲਦਾਰ ਕਰਦੇ ਹਨ।"[19]
- "ਕਾਲਿਕਾ ਪ੍ਰਸ਼ਾਦ ਇਸ ਨੂੰ ਗੁਪਤ, ਭੇਦ, ਪਰਮ ਭੇਦ, ਏਕਾਂਤ ਵਿਚ ਘਟਿਤ ਘਟਨਾ, ਹਾਸੀ-ਮਜ਼ਾਕ ਕਹਿੰਦੇ ਹਨ।"[20]
- "ਸ਼ਾਮ ਸੁੰਦਰ ਦਾਸ ਨੇ ਵੀ ਇਸ ਦੇ ਅਰਥ, ਉਹ ਤਤਵ ਜੋ ਸਭ ਦੀ ਸਮਝ ਵਿਚ ਨਾ ਆ ਸਕੇ, ਅੰਦਰ ਦੀ ਛੁਪੀ ਹੋਈ ਬਾਤ, ਹੀ ਕੀਤੇ ਹਨ।"[21]
- ਰਾਮ ਕੁਮਾਰ ਵਰਮਾ ਅਨੁਸਾਰ, "ਰਹੱਸਵਾਦ ਜੀਵਾਤਮਾ ਦੀ ਉਸ ਅੰਤਰੀਵੀ ਪ੍ਰਵਿਰਤੀ ਦਾ ਪ੍ਰਕਾਸ਼ਨ ਹੈ ਜਿਸ ਵਿਚ ਉਹ ਦਿੱਬ ਅਤੇ ਅਲੌਕਿਕ ਸ਼ਕਤੀ ਵਿਚ ਅਪਣਾ ਸ਼ਾਂਤ ਤੇ ਨਿਰਛਲ ਸਬੰਧ ਜੋੜਨਾ ਚਾਹੁੰਦੀ ਹੈ ਅਤੇ ਉਸ ਦਾ ਏਕੰਕਾਰ ਨਾਲ ਸਬੰਧ ਇਥੋਂ ਤੱਕ ਵੱਧ ਜਾਂਦਾ ਹੈ ਕਿ ਦੋਹਾਂ ਵਿਚ ਕੋਈ ਵੀ ਅੰਤਰ ਨਹੀਂ ਰਹਿੰਦਾ।"[22]
- ਕਾਲਿਕਾ ਪ੍ਰਸ਼ਾਦ ਦਾ ਮਤ ਹੈ ਕਿ "ਰਹੱਸਵਾਦ ਚਿੰਤਨ ਦੁਆਰਾ ਪਰਮਾਤਮਾ ਦੇ ਪ੍ਰਤੱਖ ਸੰਪਰਕ ਸਥਾਪਨ ਦੀ ਪ੍ਰਵਿਰਤੀ, ਆਤਮਾ ਪਰਮਾਤਮਾ ਦੇ ਅਭੇਦ ਦੀ ਅਨੁਭੂਤੀ ਅਤੇ ਅਵਿਅਕਤ ਦੇ ਪ੍ਰਤੀ ਆਤਮ ਨਿਵੇਦਨ ਹੈ।"[23]
- ਸ਼ਯਾਮ ਸੁੰਦਰ ਦਾਸ ਦੱਸਦੇ ਹਨ ਕਿ "ਰਹੱਸਵਾਦ ਅਵਿਅਕਤ ਦੇ ਪ੍ਰਤੀ ਆਤਮ ਨਿਵੇਦਨ ਦਾ ਵਾਦ ਜਾਂ ਸਿਧਾਂਤ ਹੈ।"[24]
- ਰਾਮ ਚੰਦਰ ਵਰਮਾ ਅਨੁਸਾਰ "ਰਹੱਸਵਾਦ ਪਰਮਾਤਮਾ ਅਤੇ ਸ੍ਰਿਸ਼ਟੀ ਦੇ ਪਰਮਤੱਤ ਜਾਂ ਸੱਤ ਤੇ ਅਧਾਰਤ ਅਤੇ ਸਾਤਵਿਕ ਆਤਮਾ ਅਨੁਭੂਤੀ ਨਾਲ ਸੰਬੰਧਿਤ ਇਕ ਵਾਦ ਜਾਂ

---

18 S.N. Dassgupta, Hindu Mysticism, (Preface), p. IX.
19 ਪ੍ਰੇਮ ਪ੍ਰਕਾਸ਼ ਸਿੰਘ (ਸੰਪਾ.), ਸੰਸਕ੍ਰਿਤ ਪੰਜਾਬੀ ਕੋਸ਼, ਪੰਨਾ- 728.
20 ਕਾਲਿਕਾ ਪ੍ਰਸ਼ਾਦ (ਸੰਪਾ.), ਵ੍ਰਿਹਤ ਹਿੰਦੀ ਕੋਸ਼, ਪੰਨਾ-551.
21 ਸ਼ਾਮ ਸੁੰਦਰ ਦਾਸ (ਸੰਪਾ.), ਹਿੰਦੀ ਸ਼ਬਦ ਸਾਗਰ, ਭਾਗ ਅੱਠਵਾਂ, ਪੰਨਾ-4142.
22 ਰਾਮ ਕੁਮਾਰ ਵਰਮਾ, ਕਬੀਰ ਦਾ ਰਹੱਸਵਾਦ, ਪੰਨਾ-7.
23 ਕਾਲਿਕਾ ਪ੍ਰਸ਼ਾਦ (ਸੰਪਾ.), ਹਿੰਦੀ ਕੋਸ਼, ਪੰਨਾ-951.
24 ਸ਼ਯਾਮ ਸੁੰਦਰ ਦਾਸ (ਸੰਪਾ.), ਹਿੰਦੀ ਸ਼ਬਦ ਸਾਗਰ, ਭਾਗ 8, ਪੰਨਾ-4142.

ਸਿਧਾਂਤ ਹੈ ਜੋ ਆਧਿਆਤਮਕ ਅਤੇ ਸਾਹਿਤਕ ਖੇਤਰਾਂ ਵਿਚ ਪਰਮਾਤਮਾ ਨਾਲ ਹੋਣ ਵਾਲੇ ਜੀਵਆਤਮਾ ਦੇ ਅਨੁਰਾਗ ਜਾਂ ਪ੍ਰੇਮ ਦਾ ਸੂਚਕ ਹੈ।"[25]

ਆਮ ਤੌਰ ਤੇ ਹਨੇਰਾ, ਅਗਿਆਨਤਾ, ਵਹਿਮ-ਭਰਮ, ਜਾਦੂ-ਟੂਣੇ ਆਦਿ ਨੂੰ ਰਹੱਸਵਾਦ ਨਾਲ ਜੋੜਿਆ ਜਾਣ ਲੱਗ ਪਿਆ ਹੈ ਜਿਸ ਨਾਲ ਰਹੱਸਵਾਦ ਦੇ ਵਿਸ਼ੇ ਵਿਚ ਅਨੇਕਾਂ ਧਾਰਨਾਵਾਂ ਪ੍ਰਚੱਲਿਤ ਹੋ ਗਈਆਂ ਹਨ। ਇਹਨਾਂ ਧਾਰਨਾਵਾਂ ਨੇ ਰਹੱਸਵਾਦ ਦੇ ਵਿਸ਼ੇ ਨੂੰ ਜਿਆਦਾ ਗੁੰਝਲਦਾਰ ਅਤੇ ਅਸਪੱਸ਼ਟ ਬਣਾ ਦਿੱਤਾ। ਅਸਲ ਵਿਚ ਬੁੱਧੀ ਦੀ ਪਹੁੰਚ ਤੋਂ ਦੂਰ, ਸਮਝ ਤੋਂ ਪਰ੍ਹੇ ਅਸੱਪਸ਼ਟ ਕਥਨਾਂ ਨੂੰ ਵੀ ਰਹੱਸਵਾਦ ਦਾ ਨਾਂ ਦਿੱਤਾ ਜਾਣ ਲੱਗ ਪਿਆ ਹੈ। ਭਾਵ ਜੋ ਕੁੱਝ ਵੀ ਸਧਾਰਨ ਇੰਦਰੀਆਂ ਦੇ ਗਿਆਨ, ਬੁੱਧੀ ਅਤੇ ਤਰਕ ਦੁਆਰਾ ਸਮਝ ਵਿਚ ਨਹੀਂ ਆਇਆ, ਉਹ ਰਹੱਸਵਾਦ ਦਾ ਵਿਸ਼ਾ ਬਣ ਗਿਆ। ਬਹੁਤੇ ਵਿਦਵਾਨਾਂ ਨੇ ਰਹੱਸਵਾਦ ਦਾ ਧਰਮ ਨਾਲ ਅਨਿੱਖੜਵਾਂ ਸਬੰਧ ਦੱਸਿਆ ਹੈ ਪਰ ਨਾਲ ਹੀ ਕੁਝ ਵਿਦਵਾਨਾਂ ਨੇ ਰਹੱਸਵਾਦ ਨੂੰ ਜਾਦੂ, ਟੂਣੇ ਅਤੇ ਵਹਿਮ-ਭਰਮ ਨਾਲ ਵੀ ਜੋੜਿਆ ਹੈ। ਪ੍ਰੰਤੂ ਰਹੱਸਵਾਦ ਇਹਨਾਂ ਸਭ ਤੋਂ ਭਿੰਨ ਹੈ ਕਿਉਂਕਿ ਰਹੱਸਵਾਦ ਦਾ ਖੇਤਰ ਅਤੇ ਉਦੇਸ਼ ਇਹਨਾਂ ਸਭ ਤੋਂ ਵੱਖਰਾ ਹੈ।

### 1.5 ਧਰਮ ਅਤੇ ਰਹੱਸਵਾਦ

ਸਧਾਰਨ ਨਜ਼ਰੀਏ ਨਾਲ ਉਦੇਸ਼ ਦੇ ਪੱਖ ਤੋਂ ਵੇਖੀਏ ਤਾਂ ਧਰਮ ਅਤੇ ਰਹੱਸਵਾਦ ਵਿਚ ਕੋਈ ਬਹੁਤਾ ਅੰਤਰ ਨਜ਼ਰ ਨਹੀਂ ਆਉਂਦਾ ਕਿਉਂਕਿ ਧਰਮ ਅਤੇ ਰਹੱਸਵਾਦ ਦਾ ਉਦੇਸ਼ ਰੱਬ ਦੀ ਪ੍ਰਾਪਤੀ ਹੁੰਦਾ ਹੈ। "ਰਹੱਸਵਾਦ ਨੂੰ ਦੁਨੀਆਂ ਦੇ ਸਾਰੇ ਧਰਮਾਂ ਦੀ ਸਾਂਝੀ ਕੜੀ ਕਿਹਾ ਜਾ ਸਕਦਾ ਹੈ ਕਿਉਂਕਿ ਰਹੱਸਵਾਦ ਤੋਂ ਹੀਨ ਧਰਮ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਧਰਮ ਅਤੇ ਰਹੱਸਵਾਦ ਦੀ ਮੁੱਖ ਸਾਂਝ ਈਸ੍ਵਰੀ ਅਨੁਭਵ ਤੇ ਅਧਾਰਤ ਹੋਣਾ ਹੈ।"[26] ਰਹੱਸਵਾਦ ਅਤੇ ਧਰਮ ਬਾਰੇ ਗੱਲ ਕਰਦੇ ਹੋਏ ਅਚਾਰੀਆ ਪਰਸੂਰਾਮ ਚਤੁਰਵੇਦੀ ਕਹਿੰਦੇ ਹਨ ਕਿ,

> 'ਬਹੁਤ ਸਾਰੇ ਲੇਖਕ ਇਸ ਗੱਲ ਵਿਚ ਸਹਿਮਤ ਲਗਦੇ ਹਨ ਕਿ ਰਹੱਸਵਾਦ ਨੂੰ ਅਸੀਂ ਕਿਸੇ ਧਰਮ ਜਾਂ ਸੰਪਰਦਾ ਵਿਸ਼ੇਸ਼ ਤੋਂ ਭਿੰਨ ਨਹੀਂ ਕਹਿ ਸਕਦੇ। ਜਿਸ ਪ੍ਰਕਾਰ ਕਿਸੇ ਧਰਮ ਦਾ ਉਦੇਸ਼ ਈਸ਼ਵਰ ਦੀ ਪ੍ਰਾਪਤੀ ਅਤੇ

---

[25] ਰਾਮ ਚੰਦਰ ਵਰਮਾ (ਸੰਪਾ.), ਮਾਨਵ ਹਿੰਦੀ ਕੋਸ਼, ਭਾਗ 4, ਪੰਨਾ- 484.

[26] ਡਾ. ਬਲਕਾਰ ਸਿੰਘ, ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ, ਪੰਨਾ-3.

ਅਧਿਆਤਮਿਕ ਜੀਵਨ ਰਿਹਾ ਹੈ ਠੀਕ ਉਸੇ ਪ੍ਰਕਾਰ ਸਾਨੂੰ ਰਹੱਸਵਾਦ ਦਾ ਵੀ ਲਗਦਾ ਹੈ।'[27]

ਉਹ ਅੱਗੇ ਸਪੱਸ਼ਟ ਕਰਦੇ ਹਨ ਕਿ,

'ਕੁੱਝ ਅਜਿਹੇ ਲੋਕ ਆਪਣੇ ਮਤ ਦਾ ਸਮਰਥਨ ਉਹਨਾਂ ਵਿਸ਼ੇਸ਼ ਤਰਕਾਂ ਦੁਆਰਾ ਵੀ ਕਰਨਾ ਚਾਹੁੰਦੇ ਹਨ ਜਿਸ ਅਨੁਸਾਰ ਮਾਨਵ ਜਾਤੀ ਦੇ ਆਤਮਿਕ ਵਿਕਾਸ ਦਾ ਅਧਿਐਨ ਕਰਨ ਵਾਲੇ ਪੰਡਤਾਂ ਨੇ ਇਸ ਨੂੰ (ਰਹੱਸਵਾਦੀ ਨੂੰ) ਉਸ ਦੀ (ਧਰਮ ਦੀ) ਇਕ ਵਿਸ਼ੇਸ਼ ਸਥਿਤੀ (ਸਥਾਨ) ਦੇ ਰੂਪ ਵਿਚ ਸਵੀਕਾਰ ਕਰ ਲਿਆ ਹੈ ਪ੍ਰੰਤੂ ਸਾਨੂੰ ਅਜਿਹੇ ਲੋਕਾਂ ਦਾ ਮਤ ਸਰਵ ਪ੍ਰਮਾਣਿਤ ਨਹੀਂ ਲਗਦਾ। ਇਹ ਲੋਕ ਆਪਣਾ ਉਪਰੋਕਤ ਮਤ ਪ੍ਰਗਟ ਕਰਦੇ ਸਮੇਂ ਹਮੇਸ਼ਾ ਇਹ ਗੱਲ ਭੁੱਲ ਜਾਂਦੇ ਹਨ ਕਿ ਜਿਸ ਆਸਥਾ ਨੂੰ ਵਿਅਕਤ ਕਰਨ ਲਈ ਧਰਮ ਸ਼ਬਦ ਦਾ ਉਹ ਇਥੇ ਪ੍ਰਯੋਗ ਕਰਦੇ ਹਨ ਉਹ ਅਸਲ ਵਿਚ ਧਰਮ ਨਾ ਹੋ ਕੇ ਕਿਸੇ ਮਜ਼ਹਿਬ ਜਾਂ ਪੰਥ ਦੇ ਨਾਲ ਸੰਬੰਧਿਤ ਕਿਹਾ ਜਾ ਸਕਦਾ ਹੈ। ਉਸਨੂੰ ਜ਼ਿਆਦਾਤਰ ਈਸ਼ਵਰ ਸ਼ਾਸਤਰ (Theology) ਦੇ ਨਾਲ ਚੱਲਣਾ ਪੈਂਦਾ ਹੈ। ਇਸ ਵਿਚ ਵਿਸ਼ੇਸ਼ ਅਚਾਰ, ਬ੍ਰਹਮ, ਪੂਜਾ, ਸੰਪਰਦਾਇਕ ਵਿਵਸਥਾ ਆਦਿ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਜੋ ਰਹੱਸਵਾਦ ਦੇ ਲਈ ਉਨੇ ਜ਼ਰੂਰੀ ਨਹੀਂ। ਇਸ ਤਰ੍ਹਾਂ ਇਸ ਨੂੰ (ਰਹੱਸਵਾਦ ਨੂੰ) ਅਜਿਹੇ ਧਰਮਾਂ ਦੇ ਵਿਕਾਸ ਕ੍ਰਮ ਦੀ ਕਿਸੇ ਕੜੀ ਦੇ ਰੂਪ ਵਿਚ ਮੰਨ ਲੈਣਾ ਵੀ ਆਪਣੇ ਆਪ ਵਿਚ ਨਿਰਆਧਾਰ ਬਣ ਜਾਂਦਾ ਹੈ।'[28]

ਧਰਮ ਅਤੇ ਰਹੱਸਵਾਦ ਵਿਚ ਕੁਝ ਬੁਨਿਆਦੀ ਫ਼ਰਕ ਹੈ ਕਿਉਂਕਿ ਧਰਮ ਵਿਚ ਉਸਦੇ ਕਰਮਕਾਂਡ, ਧਰਮ ਦਾ ਰਾਜਨੀਤਕ ਅਤੇ ਸਮਾਜਿਕ ਪੱਖ ਅਤੇ ਉਸ ਦੀਆਂ ਸੰਪਰਦਾਵਾਂ ਆਦਿ ਸਭ ਕੁਝ ਸ਼ਾਮਿਲ ਹੁੰਦਾ ਹੈ। ਹਰੇਕ ਧਰਮ ਵਿਚ ਕੁਝ ਵਿਅਕਤੀਆਂ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਹੈ ਜੋ ਆਪਣੇ ਆਪਣੇ ਧਰਮ, ਸੰਪਰਦਾ ਜਾਂ ਮਜ਼ਹਬ ਦੇ ਲੋਕਾਂ ਦਾ ਮਾਰਗਦਰਸ਼ਨ ਕਰਦੇ ਹਨ ਪ੍ਰੰਤੂ ਰਹੱਸਵਾਦ ਵਿਚ ਜੀਵਆਤਮਾ ਅਤੇ ਪਰਮਾਤਮਾ ਤੋਂ ਬਿਨਾ ਹੋਰ ਤੀਜਾ ਕੋਈ ਨਹੀਂ ਹੁੰਦਾ। ਧਰਮ ਵਿਚ ਆਤਮਿਕ ਪੱਖ ਦੇ ਨਾਲ-ਨਾਲ

---

[27] ਅਚਾਰੀਆ ਪਰਸੂਰਾਮ ਚਤੁਰਵੇਦੀ, ਰਹੱਸਵਾਦ, ਪੰਨਾ-8.
[28] ਉਹੀ, ਪੰਨਾ 8-9.

ਦੁਨਿਆਵੀ ਕਰਮਕਾਂਡਾਂ ਤੇ ਵੀ ਜ਼ੋਰ ਦਿੱਤਾ ਜਾਂਦਾ ਹੈ ਜਦੋਂ ਕਿ ਰਹੱਸਵਾਦ ਵਿਚ ਕੇਵਲ ਆਤਮਿਕ ਪੱਖ ਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਇਥੇ ਕਰਮਕਾਂਡਾਂ ਲਈ ਕੋਈ ਜਗ੍ਹਾ ਨਹੀਂ ਹੁੰਦੀ।

ਇਸ ਬਾਰੇ R.M. Johnes ਵੀ ਸਪਸ਼ਟ ਕਰਦੇ ਹਨ ਕਿ, "ਰਹੱਸਵਾਦ ਧਰਮ ਤੋਂ ਪਰ੍ਹੇ ਦੀ ਕੋਈ ਅਸਲੀਅਤ ਹੈ। ਕੋਈ ਡੂੰਘਾ ਆਤਮਿਕ ਅਨੁਭਵ ਹੈ।"[29]

ਉਪਰੋਕਤ ਪੱਖ ਦੀ ਹਾਮੀ ਭਰਦੇ ਹੋਏ ਡਾ. ਦਰਸ਼ਨ ਸਿੰਘ ਵੀ ਸਪੱਸ਼ਟ ਕਰਦੇ ਹਨ ਕਿ,

> 'ਰਹੱਸਵਾਦ ਆਪਣੇ ਅੰਤਰੀਵੀ ਅਤੇ ਤਤਕਾਲੀ ਅਨੁਭਵ ਤੇ ਬਲ ਕਾਰਨ ਕਦੇ ਵੀ ਧਾਰਿਮਕ ਸੰਸਥਾਵਾਂ ਦੇ ਬਾਹਰੀ ਬੰਧਨ ਵਿਧਾਨਾਂ ਅਤੇ ਜਖ ਠੰਢੇ ਬੌਧਿਕ ਸਿਧਾਂਤਾਂ ਨੂੰ ਪ੍ਰਵਾਨ ਨਹੀਂ ਕਰ ਸਕਿਆ। ਇਸੇ ਕਾਰਣ ਧਰਮ ਦਾ ਕੇਂਦਰੀ ਤੱਤ ਹੁੰਦੇ ਹੋਏ ਵੀ ਕੁਝ ਧਰਮਾਂ ਵਿਚ ਸ਼ੱਕੀ ਨਜ਼ਰ ਨਾਲ ਵੇਖਿਆ ਜਾਂਦਾ ਰਿਹਾ ਹੈ।'[30]

ਸੋ ਅਸੀਂ ਕਹਿ ਸਕਦੇ ਹਾਂ ਕਿ ਰਹੱਸਵਾਦ ਦੀ ਧਰਮ ਨਾਲ ਤੁਲਨਾ ਕਰਨੀ ਠੀਕ ਨਹੀਂ ਕਿਉਂਕਿ ਧਰਮ ਵਿਚ ਅਧਿਆਤਮਿਕਤਾ ਦੇ ਨਾਲ ਕਰਮ ਕਾਂਡ ਤੇ ਦੁਨਿਆਵੀ ਗੱਲਾਂ ਤੇ ਵੀ ਜ਼ੋਰ ਦਿੱਤਾ ਜਾਂਦਾ ਹੈ ਜਦੋਂ ਕਿ ਰਹੱਸਵਾਦ ਇਹਨਾਂ ਸਭ ਤੋਂ ਦੂਰ ਹੁੰਦਾ ਹੈ। ਰਹੱਸਵਾਦੀ ਲਈ ਇਕ ਹੀ ਟੀਚਾ ਆਪਣੇ ਪ੍ਰਭੂ ਨਾਲ ਮੇਲ ਅਤੇ ਉਸਨੂੰ ਜਾਨਣਾ ਹੁੰਦਾ ਹੈ। ਬਾਕੀ ਸਭ ਉਸ ਲਈ ਵਿਅਰਥ ਹੁੰਦਾ ਹੈ। ਇਸ ਲਈ ਰਹੱਸਵਾਦ ਨੂੰ ਧਰਮ ਦਾ ਇਕ ਪੱਖ ਮਾਤਰ ਹੀ ਮੰਨਿਆ ਜਾ ਸਕਦਾ ਹੈ।

### 1.6 ਜਾਦੂ ਅਤੇ ਰਹੱਸਵਾਦ:

ਰਹੱਸਵਾਦ ਅਤੇ ਜਾਦੂ ਦੋ ਵੱਖ-ਵੱਖ ਧਾਰਨਾਵਾਂ ਹਨ। ਦੋਹਾਂ ਦੇ ਉਦੇਸ਼ ਵੱਖੋ-ਵੱਖਰੇ ਹਨ। ਰਹੱਸਵਾਦੀ ਜਗਿਆਸੂ ਆਪਾ ਮਿਟਾ ਕੇ ਉਸ ਅਸੀਮ ਸ਼ਕਤੀ ਵਿਚ ਅਭੇਦ ਹੋਣਾ ਚਹੁੰਦਾ ਹੈ। ਰਹੱਸਵਾਦੀ ਮਨੋਦਸ਼ਾ ਇਕ ਭਾਵਨਾਤਮਿਕ ਦਸ਼ਾ ਹੈ ਬੌਧਿਕ ਨਹੀਂ। ਇਸ ਲਈ ਰਹੱਸਵਾਦੀ ਉਸ ਅਸੀਮ ਸੱਚ ਦਾ ਅਨੁਭਵ ਬੁੱਧੀ ਦੁਆਰਾ ਨਹੀਂ ਸਗੋਂ ਭਾਵਨਾਤਮਿਕ ਕੋਸ਼ਿਸ਼ਾਂ ਦੁਆਰਾ ਹੀ ਪ੍ਰਾਪਤ ਕਰ ਸਕਦਾ ਹੈ ਪ੍ਰੰਤੂ ਜਾਦੂ ਦਾ ਉਦੇਸ਼ ਬੁੱਧੀ ਦੀ ਵਰਤੋਂ ਕਰਕੇ

[29] R.M. Jones, Study in Mystical Religion, p. XV.
[30] ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਧ ਅਧਿਐਨ, ਪੰਨਾ-11.

ਆਪਣੀ ਗਿਆਨ ਸ਼ਕਤੀ ਵਿਚ ਵਾਧਾ ਕਰਨਾ ਅਤੇ ਆਪਣੀ ਸੱਤਾ ਸਥਾਪਿਤ ਕਰਨਾ ਹੈ। ਇਸ ਤਰ੍ਹਾਂ ਜਾਦੂ ਅਤੇ ਰਹੱਸਵਾਦ ਨੂੰ ਇਕ ਦੂਜੇ ਦੇ ਵਿਪਰੀਤ ਕਿਹਾ ਜਾ ਸਕਦਾ ਹੈ ਕਿਉਂਕਿ ਰਹੱਸਵਾਦ ਵਿਚ ਨਾ ਬੁੱਧੀ ਦੀ ਵਰਤੋਂ ਅਤੇ ਨਾ ਹੀ "ਮੈਂ" ਦੀ ਭਾਵਨਾ ਹੁੰਦੀ ਹੈ ਪ੍ਰੰਤੂ ਜਾਦੂ ਇਹਨਾਂ ਦੋਹਾਂ ਤੇ ਹੀ ਅਧਾਰਿਤ ਹੈ। ਕੁਮਾਰੀ ਅੰਡਰਹਿਲ ਦਾ ਕਹਿਣਾ ਹੈ ਕਿ,

> 'ਮਾਨਵ ਜਾਤੀ ਦੇ ਅਧਿਆਤਮਿਕ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਪ੍ਰਮੁੱਖ ਸੱਤਾ ਤੇ ਵਿਚਾਰ ਕਰਦੇ ਸਮੇਂ ਉਹ ਉਸਦੇ ਪ੍ਰਤੀ ਹਮੇਸ਼ਾ ਦੋ ਵਿਭਿੰਨ ਪ੍ਰੰਤੂ ਮੌਲਿਕ ਦ੍ਰਿਸ਼ਟੀਕੋਣਾਂ ਨੂੰ ਪ੍ਰਮੁੱਖਤਾ ਦਿੰਦੀ ਆਈ ਹੈ। ਉਸਦੇ ਸੰਪਰਕ ਵਿਚ ਆਉਣ ਦੇ ਉਦੇਸ਼ ਨਾਲ ਉਹ ਇਹ ਦੋਨਾਂ ਦੇ ਅਨੁਸਾਰ ਦੋ ਪ੍ਰਕਾਰ ਦੀਆਂ ਧਾਰਨਾਵਾਂ ਨੂੰ ਆਪਣੇ ਕੰਮ ਵਿਚ ਲਿਆਉਂਦੀ ਆਈ ਹੈ।'[31]

ਅੱਗੇ ਚੱਲ ਕੇ ਅੰਡਰਹਿਲ ਨੇ ਇਹਨਾਂ ਧਾਰਨਾਵਾਂ ਨੂੰ way of magic ਅਤੇ way ot mysticism ਦਾ ਨਾਮ ਦਿੱਤਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਦੱਸਿਆ ਹੈ ਕਿ,

> 'ਅਸਲ ਵਿਚ ਇਹ ਦੋਵੇਂ ਆਪਣੇ ਅੰਤਿਮ ਰੂਪਾਂ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਤੋਂ ਭਿੰਨ ਹਨ ਪ੍ਰੰਤੂ ਫੇਰ ਵੀ ਇਹਨਾਂ ਦੀਆਂ ਸੀਮਾਵਾਂ ਨਿਰਧਾਰਿਤ ਕਰਨੀਆਂ ਸੌਖੀਆਂ ਨਹੀਂ ਹਨ। ਇਹ ਦੋਵੇਂ ਇਕ ਸਮਾਨ ਭਾਸ਼ਾ, ਸਾਧਨ ਅਤੇ ਪ੍ਰਸਥਿਤੀਆਂ ਨੂੰ ਕੰਮ ਵਿਚ ਲਾ ਕੇ ਕਿਸੇ ਜਗਿਆਸੂ ਨੂੰ ਭਰਮ ਵਿਚ ਪਾ ਦਿੰਦੇ ਹਨ। ਫਲਸਰੂਪ ਬਹੁਤ ਕੁਝ ਜਿਸ ਨੂੰ ਅਸਲ ਵਿਚ ਜਾਦੂ ਕਹਿਣਾ ਚਾਹੀਦਾ ਹੈ ਉਸ ਦਾ ਸਧਾਰਨ ਰਹੱਸਵਾਦ ਦੇ ਰੂਪ ਵਿਚ ਵਰਣਨ ਕੀਤਾ ਜਾਣ ਲੱਗ ਪੈਂਦਾ ਹੈ। ਅਸਲ ਵਿਚ ਦੋਵੇਂ ਵਿਦਿਆਵਾਂ ਇਕ ਅਜਿਹੇ ਖੇਤਰ ਦੇ ਦੋ ਪੱਖਾਂ ਦੀ ਪ੍ਰਤੀਨਿੱਧਤਾ ਕਰਦੀਆਂ ਹਨ ਜਿਸ ਨੂੰ ਮਨੁੱਖ ਦੀ ਅੰਦਰੂਨੀ ਆਤਮਿਕ ਚੇਤਨਾ ਕਿਹਾ ਜਾ ਸਕਦਾ ਹੈ ਅਤੇ ਇਹਨਾਂ ਦੋਵਾਂ ਦੇ ਵਿਚ ਸਭ ਧਰਮ ਆ ਜਾਂਦੇ ਹਨ ਜੋ ਇਸ ਰੂਪਕ ਦੇ ਅਨੁਸਾਰ ਉਸ ਚੇਤਨਾ ਖੇਤਰ ਵਿਚ ਪਾਏ ਜਾਣ ਵਾਲੇ ਵਿਭਿੰਨ ਪੜਾਵਾਂ ਦੀ ਜਾਣਕਾਰੀ ਦੇ ਸਕਦੇ ਹਨ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਜਾਦੂ ਵਿਦਿਆ ਤੇ ਰਹੱਸਵਾਦ ਇਹ ਦੋਵੇਂ ਹੀ ਅੰਤ ਵਿਚ ਜਾ ਕੇ ਕਿਸੇ ਧਰਮ ਦੇ ਰੂਪ ਵਿਚ ਪਰਿਵਰਤਿਤ ਹੋ ਜਾਂਦੇ ਹਨ। ਇਹਨਾਂ ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ।'[32]

---

[31] Evelyn Underhill, Mysticis, p. 55.
[32] -ibid-, p. 70.

ਕੁਮਾਰੀ ਅੰਡਰਹਿਲ ਜਾਦੂ ਵਿਦਿਆ ਅਤੇ ਰਹੱਸ ਵਿਦਿਆ ਦੀ ਤੁਲਨਾ ਕਰਦੇ ਹੋਏ ਇਹਨਾਂ ਦੋਹਾਂ ਵਿਚ ਅੰਤਰ ਦਿਖਾਉਣ ਦੀ ਕੋਸ਼ਿਸ਼ ਵੀ ਕਰਦੇ ਹਨ। ਉਹਨਾਂ ਨੇ ਕਿਹਾ ਹੈ ਕਿ,

> 'ਅਸਲ ਵਿਚ ਇਹ ਦੋਵੇਂ ਕਿਸੇ ਅਸਾਧਾਰਨ ਸ਼ਕਤੀ ਨੂੰ ਪ੍ਰਾਪਤ ਕਰ ਦੇਣ ਦਾ ਦਾਅਵਾ ਕਰਦੀਆਂ ਹਨ ਪ੍ਰੰਤੂ ਇਹਨਾਂ ਦੇ ਉਦੇਸ਼ਾਂ ਤੇ ਸਾਧਨਾਵਾਂ ਵਿਚ ਕਾਫ਼ੀ ਅੰਤਰ ਪਾਇਆ ਜਾਂਦਾ ਹੈ। ਰਹੱਸਵਾਦ ਦਾ ਸਾਧਕ ਜਿੱਥੇ ਆਪਣੀ ਸੰਕਲਪ ਸ਼ਕਤੀ ਦਾ ਪ੍ਰਯੋਗ ਉਸ ਨੂੰ ਆਪਣੇ ਭਾਵ ਵੇਗ ਦੇ ਸਹਿਯੋਗ ਵਿਚ ਲਿਆ ਕੇ ਕਰਨਾ ਚਾਹੁੰਦਾ ਹੈ ਤੇ ਆਪਣੀ ਪ੍ਰੱਗਿਆ ਦੇ ਬਲ ਤੇ ਪਰਮਸੱਤਾ ਨਾਲ ਪ੍ਰੇਮਾਤਮਕ ਸੰਪਰਕ ਸਥਾਪਤ ਕਰਕੇ ਆਪਣੇ ਵਿਅਕਤੀਤਵ ਨੂੰ ਵਿਸ਼ਵਾਸ਼ਾਤਮਕ ਚੇਤਨਾ ਵਿਚ ਲੀਨ (ਅਨੁਪ੍ਰਵਿਤ) ਵੀ ਕਰਨਾ ਚਾਹੁੰਦਾ ਹੈ ਉਥੇ ਜਾਦੂ ਦਾ ਕੰਮ ਆਪਣੀ ਸੰਕਲਪ ਸ਼ਕਤੀ ਨੂੰ ਬੌਧਿਕ ਬਲ ਦੀ ਸਹਾਇਤਾ ਨਾਲ ਗਿਆਨਾਤਮਕ ਸ਼ਕਤੀ ਦਾ ਨਿਰਮਾਣ ਕਰਨਾ ਹੀ ਰਿਹਾ ਹੈ।'[33]

ਇਸੇ ਤਰ੍ਹਾਂ ਹੀ ਡਾ. ਦਰਸ਼ਨ ਸਿੰਘ ਨੇ ਵੀ ਜਾਦੂ ਅਤੇ ਰਹੱਸਵਾਦ ਵਿਚ ਅੰਤਰ ਦਸਦੇ ਹੋਏ ਕਿਹਾ ਹੈ ਕਿ,

> 'ਆਪਣੇ ਰਹੱਸਮਈ ਰੂਪ ਕਾਰਣ ਰਹੱਸਵਾਦ ਜਾਦੂ ਅਤੇ ਤੰਤਰ ਸਾਧਨਾ ਨਾਲ ਮੇਲ ਖਾਂਦਾ ਹੈ ਪ੍ਰੰਤੂ ਜਾਦੂ ਅਤੇ ਤੰਤਰ ਦੀ ਤਰ੍ਹਾਂ ਰਹੱਸਵਾਦ ਦਾ ਮਨੋਰਥ ਪ੍ਰਾਭੌਤਿਕ ਸ਼ਕਤੀਆਂ ਦਾ ਵਸ਼ੀਕਰਨ ਜਾਂ ਰਿਧੀਆਂ ਸਿੱਧੀਆਂ ਪ੍ਰਾਪਤ ਕਰਨਾ ਨਹੀਂ ਹੁੰਦਾ। ਰਹੱਸਵਾਦ ਆਪੇ ਦੇ ਸਭ ਬੰਧਨਾਂ ਤੋਂ ਮੁਕਤ ਹੋ ਕੇ ਅਨੰਤ ਅਤੇ ਸਦੀਵੀ ਅਸਲੀਅਤ ਵਿਚ ਸਮਾ ਜਾਣ ਦਾ ਯਤਨ ਹੁੰਦਾ ਹੈ।'[34]

ਸੋ ਸਪੱਸ਼ਟ ਹੈ ਕਿ ਰਹੱਸਵਾਦ ਦਾ ਜਾਦੂ ਨਾਲ ਕੋਈ ਸਬੰਧ ਨਹੀਂ ਹੈ। ਰਹੱਸਵਾਦ ਭਾਵਨਾ ਨਾਲ ਆਪਾ ਮਿਟਾਉਣ ਦਾ ਨਾਂ ਹੈ ਜਦੋਂ ਕਿ ਜਾਦੂ ਬੁੱਧੀ ਨਾਲ ਸੱਤਾ ਸਥਾਪਿਤ ਕਰਨ ਦਾ ਨਾਂ ਹੈ। ਇਸ ਲਈ ਇਹਨਾਂ ਨੂੰ ਇਕੋ ਤਰ੍ਹਾਂ ਨਾਲ ਵਿਅਕਤ ਨਹੀਂ ਕੀਤਾ ਜਾ ਸਕਦਾ।

---

[33] ਕੁਮਾਰੀ ਅੰਡਰਹਿਲ, ਰਹੱਸਵਾਦ, ਪੰਨਾ-70.

[34] ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ-11.

## 1.7 ਅਧਿਆਤਮਵਾਦ ਅਤੇ ਰਹੱਸਵਾਦ:

ਅਧਿਆਤਮਵਾਦ ਦਰਸ਼ਨ ਦਾ ਹੀ ਇਕ ਰੂਪ ਹੈ ਜਿਸ ਨੇ ਮਨੁੱਖੀ ਜੀਵਨ ਉੱਤੇ ਬਹੁਤ ਪ੍ਰਭਾਵ ਪਾਇਆ ਹੈ। ਸਭ ਧਰਮਾਂ ਦੇ ਦਰਸ਼ਨ ਵਿਚ ਅਧਿਆਤਮਵਾਦ ਪ੍ਰਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ। ਜੇਕਰ ਅਸੀਂ ਇਹ ਕਹੀਏ ਕਿ ਮਨੁੱਖ ਨੂੰ ਅਧਿਆਤਮਿਕਤਾ ਨਾਲ ਜੋੜਨਾ ਧਰਮ ਦਾ ਮੁੱਖ ਉਦੇਸ਼ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅਧਿਆਤਮਵਾਦ ਵਿਚੋਂ ਹੀ ਰਹੱਸਵਾਦ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਰਹੱਸਵਾਦ ਅਧਿਆਤਮਵਾਦ ਦੀ ਹੀ ਦੇਣ ਹੈ। ਸਧਾਰਨ ਤੌਰ ਤੇ ਵੇਖਿਆਂ ਰਹੱਸਵਾਦ ਅਤੇ ਅਧਿਆਤਮਵਾਦ ਦੋਵੇਂ ਇਕੋ ਜਿਹੇ ਹੀ ਲਗਦੇ ਹਨ ਕਿਉਂਕਿ ਦੋਹਾਂ ਦਾ ਉਦੇਸ਼ ਅਤੇ ਟੀਚਾ ਇਕ ਹੀ ਹੁੰਦਾ ਹੈ ਪ੍ਰੰਤੂ ਇਹ ਦੋਵੇਂ ਇਕ ਹੋ ਕੇ ਵੀ ਵੱਖ-ਵੱਖ ਹਨ। ਭਾਵੇਂ ਰਹੱਸਵਾਦ ਦਾ ਜਨਮ ਅਧਿਆਤਮਵਾਦ ਵਿਚੋਂ ਹੋਇਆ ਹੈ ਪ੍ਰੰਤੂ ਇਸ ਦੀ ਆਪਣੀ ਵੱਖਰੀ ਹੋਂਦ ਅਤੇ ਵੱਖਰਾ ਸਥਾਨ ਹੈ। ਨਾਲਿਨੀ ਕਾਂਤ ਗੁਪਤਾ ਅਨੁਸਾਰ, 'To equate mysticism and spirituality is not always happily or even correct.'[35]

ਡਾ. ਗੋਬਿੰਦ ਤਿਗੁਣਾਯਤ ਅਨੁਸਰ, 'ਰਹੱਸਵਾਦ ਪਰਮਾਤਮਾ ਦੇ ਅਧਿਆਤਮਿਕ ਸਰੂਪ ਨਾਲ ਆਤਮਾ ਦੀ ਭਾਵਨਾਤਮਿਕ ਏਕਤਾ ਦੀ ਅਨੁਭੂਤੀ ਦੇ ਇਤਿਹਾਸ ਦਾ ਪ੍ਰਕਾਸ਼ਨ ਹੈ।'[36] ਇਸੇ ਬਾਰੇ ਡਾ. ਰਾਧਾਕ੍ਰਿਸ਼ਨਨ ਵੀ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ ਕਿ, 'ਅਧਿਆਤਮਕਤਾ, ਧਰਮ ਅਤੇ ਉਸ ਦੇ ਅੰਦਰਲੇ ਤੱਤਾਂ ਦਾ ਸਾਰ ਹੈ। ਰਹੱਸਵਾਦ ਵਿਚ ਧਰਮ ਦੇ ਇਸ ਪੱਖ ਤੇ ਜ਼ੋਰ ਦਿੱਤਾ ਜਾਂਦਾ ਹੈ।'[37]

ਅਧਿਆਤਮਵਾਦ ਵਿਚ ਬੁੱਧੀ ਅਤੇ ਭਾਵਨਾ ਦੋਹਾਂ ਦੇ ਖੇਤਰ ਸ਼ਾਮਿਲ ਹੁੰਦੇ ਹਨ ਪ੍ਰੰਤੂ ਰਹੱਸਵਾਦ ਵਿਚ ਬੁੱਧੀ ਦੀ ਕੋਈ ਜਗ੍ਹਾ ਨਹੀਂ ਹੁੰਦੀ। ਭਾਵ ਕਿ ਅਸੀਂ ਕਹਿ ਸਕਦੇ ਹਾਂ ਕਿ ਰਹੱਸਵਾਦ ਅਧਿਆਤਮਵਾਦ ਦੀ ਅਗਲੀ ਪਉੜੀ ਦਾ ਨਾਂ ਹੈ। ਅੰਡਰਹਿਲ ਨੇ ਇਸ ਬਾਰੇ ਦੱਸਿਆ ਹੈ ਕਿ, 'ਅਧਿਆਤਮਕ ਜੀਵਨ ਦੀ ਵਿਦਿਆ ਦਾ ਨਾਂ ਰਹੱਸਵਾਦ ਹੈ।'[38]

ਹਰ ਰਹੱਸਵਾਦੀ ਅਧਿਆਤਮਵਾਦੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਕੋਈ ਅਧਿਆਤਮਵਾਦੀ ਰਹੱਸਵਾਦੀ ਹੋਵੇ। ਸੋ ਰਹੱਸਵਾਦ ਅਤੇ ਅਧਿਆਤਮਵਾਦ ਦੋਹਾਂ ਨੂੰ ਇਕ ਨਹੀਂ ਮੰਨਿਆ ਜਾ ਸਕਦਾ ਸਗੋਂ ਇਹ ਦੋਵੇਂ ਇਕ ਲੜੀ ਦੀਆਂ ਦੋ ਕੜੀਆਂ ਹਨ।

---

[35] Nalini Kant Gupta, Poets and Mysticism, p. 19.
[36] ਡਾ. ਗੋਬਿੰਦ ਤਿਗੁਣਾਯਤ, ਕਬੀਰ ਔਰ ਜਾਯਸੀ ਕਾ ਰਹੱਸਵਾਦ ਔਰ ਤੁਲਨਾਤਮਿਕ ਵਿਵੇਚਨ, ਪੰਨਾ-67.
[37] ਰਾਧਾ ਕ੍ਰਿਸ਼ਨਨ, Esten Religion & Western thought, p. 61.
[38] E. Underhill, Mysticism (Preface), p. XIV.

ਰਹੱਸਵਾਦ ਇਕ ਅਜਿਹਾ ਅਨੁਭਵ ਜਾਂ ਗਿਆਨ ਹੈ ਜੋ ਜੀਵ ਨੂੰ ਬ੍ਰਹਮ ਨਾਲ ਅਭੇਦ ਕਰਵਾਉਣ ਦੇ ਸਾਧਨ ਜੁਟਾਉਂਦਾ ਹੈ। ਜੀਵ ਤੇ ਪਰਮਸੱਤਾ ਵਿਚਲਾ ਮਾਰਗ ਹੀ ਅਸਲ ਵਿਚ ਰਹੱਸਵਾਦ ਹੈ ਜਿਸ ਤੇ ਚੱਲ ਕੇ ਆਤਮਾ ਦਾ ਪਰਮਾਤਮਾ ਨਾਲ ਮੇਲ ਸੰਭਵ ਹੈ।

ਰਹੱਸਵਾਦ ਇਕ ਅਜਿਹਾ ਗਿਆਨ ਦਾ ਮਾਰਗ ਹੈ ਜਿਸ ਉੱਤੇ ਪਹੁੰਚ ਕੇ ਜਗਿਆਸੂ ਅਨੰਦਿਤ ਹੋ ਉਠਦਾ ਹੈ। ਉਸ ਨੂੰ ਆਪਣੇ ਚਾਰੇ ਪਾਸੇ ਉਜਲਾ ਅਨੁਭਵ ਹੁੰਦਾ ਹੈ। ਇਹ ਇਕ ਅਜਿਹੀ ਅਨੰਦਮਈ ਸਾਧਨਾ ਦਸ਼ਾ ਹੈ ਜਿਸ ਉਪਰ ਪਹੁੰਚ ਕੇ ਕਿਸੇ ਹੋਰ ਖੁਸ਼ੀ ਦੀ ਲਾਲਸਾ ਨਹੀਂ ਰਹਿੰਦੀ। ਸਾਧਕ ਨੂੰ ਖੁਸ਼ੀ ਦੀ ਸਿਖ਼ਰਲੀ ਸੀਮਾ ਪ੍ਰਾਪਤ ਹੋ ਜਾਂਦੀ ਹੈ। ਜੀਵ ਆਤਮਾ ਦੀ ਪਰਮਾਤਮਾ ਨਾਲ ਇਸ ਤਰ੍ਹਾਂ ਅਭੇਦਤਾ ਹੋ ਜਾਂਦੀ ਹੈ ਜਿਵੇਂ ਹਵਾ ਹਵਾ ਵਿਚ ਪਾਣੀ ਪਾਣੀ ਵਿਚ ਤੇ ਅਗਨੀ ਅਗਨੀ ਵਿਚ ਮਿਲ ਕੇ ਇਕ ਹੋ ਜਾਂਦੀ ਹੈ। ਭਿੰਨਤਾ ਦੀ ਕੋਈ ਵੀ ਗੁੰਜਾਇਸ਼ ਨਹੀਂ ਰਹਿੰਦੀ। ਜੀਵ ਆਤਮਾ ਤੇ ਪਰਮਸੱਤਾ ਵਿਚੋਂ ਦੋਵਾਂ ਨੂੰ ਅਲੱਗ ਅਲੱਗ ਕਰ ਸਕਣਾ ਅਸੰਭਵ ਹੋ ਜਾਂਦਾ ਹੈ। ਮਨ ਦੀ ਇਸ ਆਨੰਦਮਈ ਸਥਿਤੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਰਹੱਸਵਾਦੀ ਕਿਸੇ ਵੀ ਜਾਤ, ਧਰਮ ਜਾਂ ਦੇਸ਼ ਦੀਆਂ ਹੱਦਾਂ ਤੱਕ ਸੀਮਤ ਨਹੀਂ ਰਹਿੰਦੇ। ਜਿਵੇਂ ਗੁਰਬਾਣੀ ਵਿਚ ਵੀ ਜੀਵ ਆਤਮਾ ਤੇ ਪਰਮਸੱਤਾ ਨੂੰ ਪਤੀ ਪਤਨੀ ਦੇ ਰਿਸ਼ਤੇ ਰਾਹੀਂ ਦ੍ਰਿਸ਼ਟਮਾਨ ਕੀਤਾ ਗਿਆ ਹੈ ਉਸੇ ਤਰ੍ਹਾਂ ਪਰਮਸੱਤਾ ਨਾਲ ਅਭੇਦ ਹੋਣ ਦੀ ਜੀਵ ਆਤਮਾ ਦੀ ਸਥਿਤੀ ਅਜਿਹੀ ਹੁੰਦੀ ਹੈ ਜਿਵੇਂ ਕਿ ਇਕ ਸੱਚੇ ਪ੍ਰੇਮੀ ਪ੍ਰੇਮਿਕਾ ਦੇ ਮਿਲਾਪ ਤੋਂ ਬਾਅਦ ਉਹਨਾਂ ਦੇ ਦਿਲ ਵਿਚ ਨਿਵੇਕਲਾ ਤੇ ਖੁਸ਼ੀ ਦੇਣ ਵਾਲਾ ਅਹਿਸਾਸ ਹੁੰਦਾ ਹੈ ਜਿਸ ਨੂੰ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਰਹੱਸਵਾਦ ਵਿਚ ਵੀ ਅਜਿਹੀ ਅਵਸਥਾ ਆ ਜਾਂਦੀ ਹੈ ਕਿ ਸਾਧਕ ਉਸ ਪਰਮਸੱਤਾ ਨਾਲ ਅਭੇਦਤਾ ਤੋਂ ਬਾਅਦ ਅਲੌਕਿਕ ਅਨਹਦ ਨਾਦ ਦੀ ਧੁਨੀ ਸੁਣਦਾ-ਸੁਣਦਾ ਮਗਨ ਹੋ ਜਾਂਦਾ ਹੈ ਜਿਸ ਨੂੰ ਚੁੱਪ ਦੀ ਅਵਸਥਾ ਵਿਚ ਹੀ ਮਾਣਿਆ ਜਾ ਸਕਦਾ ਹੈ।

ਰੁਡੋਲਫ ਓਟੋ ਏਕਹਾਰਟ ਤੇ ਸ਼ੰਕਰ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ, 'ਪਰਮਾਤਮਾ ਨੂੰ ਪਾ ਕੇ ਜੀਵ ਚੁੱਪ ਹੋ ਜਾਂਦਾ ਹੈ। ਜੋ ਸਭ ਤੋਂ ਖ਼ੂਬਸੂਰਤ ਗੱਲ ਜੀਵ ਪਰਮਾਤਮਾ ਬਾਰੇ ਕਹਿ ਸਕਦਾ ਹੈ ਕਿ ਉਹ ਪਰਮਾਤਮਾ ਦੇ ਅਨੰਦ ਰੂਪ ਨੂੰ ਜਾਣ ਕੇ ਜੀਵ ਕੁਝ ਨਹੀਂ ਕਹਿ ਸਕਦਾ।'[39] ਰਹੱਸਵਾਦ ਪਰਮਤੱਤ ਕੀ ਖੋਜ ਕਰਦਾ ਹੈ ਪਰ ਆਪਣੀ ਖੋਜ

[39] Rudolf Otto, Mysticism East and West, p. 31.

ਵਿਚ ਉਹ ਸਿੱਧੇ ਨਹੀਂ ਅਸਿੱਧੇ ਸਾਧਨ ਵਰਤਦਾ ਹੈ। ਰਹੱਸਵਾਦੀ ਸੋਚਦਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਸਹਿਜ ਅਵਸਥਾ ਵਿਚ ਪੁੱਜ ਕੇ ਹੀ ਹੋ ਸਕਦੀ ਹੈ। ਫਿਰ ਉਹ ਸਹਿਜ ਅਵਸਥਾ ਦੀ ਪ੍ਰਾਪਤੀ ਲਈ ਅਨੇਕਾਂ ਸਾਧਨ ਵਰਤਦਾ ਹੈ, ਪਰ ਉਹ ਬੁੱਧੀ, ਭਾਵਨਾ ਤੇ ਵਿਚਾਰਾਂ ਦਾ ਲੜ ਨਹੀਂ ਛੱਡਦਾ। 'ਕੋਈ ਪਲ ਅਜਿਹਾ ਵੀ ਆ ਜਾਂਦਾ ਹੈ ਜਦੋਂ ਰਹੱਸਵਾਦੀ ਨੂੰ ਸੱਚ ਦਾ ਧੁੰਦਲਾ ਅਸਪੱਸ਼ਟ ਸਰੂਪ ਇਕ ਦਮ ਸਪੱਸ਼ਟ ਹੋ ਜਾਂਦਾ ਹੈ ਫਿਰ ਉਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ।'[40] ਕੋਈ ਵੀ ਜਗਿਆਸੂ ਰਹੱਸਵਾਦੀ ਹੋਏ ਬਿਨਾ ਧਾਰਮਿਕ ਰੁਚੀਆਂ ਵਾਲਾ ਨਹੀਂ ਹੋ ਸਕਦਾ।

ਧਰਮ ਦਾ ਅਸਲੀ ਗਿਆਨ ਹੀ ਉਦੋਂ ਹੋ ਸਕਦਾ ਹੈ ਜਦੋਂ ਕੀ? ਕਿਵੇ? ਕਿਉਂ? ਆਦਿ ਪ੍ਰਸ਼ਨ ਇਸ ਵਿਚੋਂ ਪੈਦਾ ਹੋਣ, ਜਿਸ ਦੀ ਸੋਝੀ ਬਿਨਾਂ ਧਰਮ ਦੀ ਸੋਝੀ ਨਹੀਂ ਹੋ ਸਕਦੀ ਤੇ ਪੂਰਨ ਸੋਝੀ ਬਿਨਾਂ ਧਰਮ ਵਿਚ ਰੁਚੀ ਪੈਦਾ ਹੋਣੀ ਅਸੰਭਵ ਹੈ ਧਰਮ ਦਾ ਅਸਲੀ ਉਦੇਸ਼ ਆਤਮਾ ਦੀ ਪਰਮਾਤਮਾ ਨਾਲ ਇਕਮਿਕਤਾ ਹੈ।

ਐਡਵਰਡ ਕੇਅਰਡ ਅਨੁਸਾਰ, 'ਆਤਮਾ ਤੇ ਪਰਮਾਤਮਾ ਦੇ ਮੇਲ ਹੋ ਜਾਣ ਤੇ ਸਭ ਧਰਮ ਪਿੱਛੇ ਰਹਿ ਜਾਂਦੇ ਹਨ।'[41]

ਪਰਮਾਤਮਾ ਨਾਲ ਅਭੇਦਤਾ ਦਾ ਟੀਚਾ ਮਿੱਥ ਕੇ ਬਹੁਤ ਸਾਰੇ ਰਹੱਸਵਾਦੀ ਦੌੜ ਵਿਚ ਲੱਗੇ ਹੋਏ ਹਨ ਪਰ ਉਹਨਾਂ ਵਿਚੋਂ ਵਿਰਲਾ ਹੀ ਕੋਈ ਅਜਿਹਾ ਬਚਦਾ ਹੈ ਜੋ ਅਭੇਦਤਾ ਦੀ ਜਾਂ ਪਰਮ ਆਨੰਦ ਦੀ ਸਥਿਤੀ ਤੱਕ ਪਹੁੰਚਦਾ ਹੈ। ਭਾਵੇਂ ਰੱਬ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਆਦਮੀ ਵਿਚ ਕੋਈ ਵਿਸ਼ੇਸ਼ ਗਿਆਨ ਜਾਂ ਉੱਚੀ ਸ਼ਖ਼ਸੀਅਤ ਦਾ ਹੋਣਾ ਜ਼ਰੂਰੀ ਨਹੀਂ ਪਰ ਇਸ ਸਾਧਨਾ ਮਾਰਗ ਤੇ ਚੱਲੇ ਰਹੱਸਵਾਦੀ ਵਿਚ ਕੁਝ ਕੁ ਵਿਸ਼ੇਸ਼ਤਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਵੇਂ:

1. ਉੱਚਾ ਸੁੱਚਾ ਆਚਰਨ
2. ਪ੍ਰਭੂ ਮਿਲਾਪ ਦੀ ਤਾਂਘ
3. ਗਿਆਨ ਦੀ ਲਗਨ
4. ਇੱਛਾ ਸ਼ਕਤੀ ਤੇ ਕੰਟਰੋਲ
5. ਨਿਰਸੁਆਰਥੀ ਭਾਵਨਾ

---

[40] W.R. Inge, Mysticism in Religion, p. 24.
[41] Edwzrd Caird, Evolution of Theology in the Greek Philosophers, p. 210.

6. ਦ੍ਰਿੜ ਵਿਸ਼ਵਾਸ

ਵੱਖ-ਵੱਖ ਧਰਮਾਂ ਵੱਲ ਝਾਤ ਮਾਰੀਏ ਤਾਂ ਇਹ ਵੇਖਣ ਨੂੰ ਮਿਲਦਾ ਹੈ ਕਿ ਹਰ ਧਰਮ ਵਿਚ ਇਹ ਤੱਥ ਲੱਭਣ ਦਾ ਯਤਨ ਕੀਤਾ ਗਿਆ ਹੈ ਕਿ ਬ੍ਰਹਮ, ਈਸ਼ਵਰ, ਅੱਲ੍ਹਾ, ਪਰਮਾਤਮਾ, ਗਾਡ, ਕੀ ਹੈ? ਇਸ ਦੀ ਸੋਝੀ ਕਿਵੇਂ ਪਾਈ ਜਾ ਸਕਦੀ ਹੈ? ਅਸਲ ਵਿਚ ਇਹੀ ਰਹੱਸ ਹੈ। ਇਸੇ ਰਹੱਸ ਨੂੰ ਸੁਲਝਾਉਣਾ ਹੀ ਰਹੱਸਵਾਦ ਦਾ ਮੂਲ ਮੰਤਵ ਹੈ। ਰਹੱਸਵਾਦ ਕੀ ਹੈ? ਇਸ ਸਬੰਧੀ ਬੁੱਧ ਧਰਮ ਵਿਚ ਕੋਈ ਜੁਆਬ ਨਹੀਂ ਮਿਲਦਾ। ਵੇਦਾਂਤ ਵੀ ਨੇਤ ਨੇਤ[42] (ਇਹ ਨਹੀਂ ਇਹ ਵੀ ਨਹੀਂ) ਕਹਿ ਕੇ ਰੁਕ ਜਾਂਦਾ ਹੈ। ਵੇਦਾਂਤ ਕਿਸੇ ਨੁਕਤੇ ਨੂੰ ਪਰਮਾਤਮਾ ਨਹੀਂ ਮੰਨਦਾ ਉਹ ਹੋਰ ਅੱਗੇ ਹੋਰ ਅੱਗੇ ਦੀ ਧਾਰਨਾ ਵਿਚ ਵਿਸ਼ਵਾਸ ਰੱਖਦਾ ਹੈ।

ਸੂਫ਼ੀ ਧਰਮ ਵਿਚ ਸੂਫ਼ੀ (ਇਕ ਉਰਦੂ ਦੇ ਕਵੀ ਦੇ ਸ਼ਬਦਾਂ ਵਿਚ) ਆਪਣੀ ਸੱਤਾ ਨੂੰ ਉਸ ਪਰਮਸੱਤਾ ਦੀ ਅਭੇਦਤਾ ਨਾਲ ਸਾਂਝੀ ਕਰਦੇ ਹੋਏ ਕੁਝ ਤੱਥਾਂ ਤੇ ਜ਼ੋਰ ਦਿੰਦੇ ਹਨ। ਸੂਫ਼ੀਆਂ ਅਨੁਸਾਰ ਪਰਮਾਤਮਾ, ਅੱਲ੍ਹਾ, ਖ਼ੁਦਾ, ਦੁਨੀਆਂ ਦੇ ਕਣ-ਕਣ ਵਿਚ ਮੌਜੂਦ ਹੈ। ਉਸਨੂੰ ਹਰ ਥਾਂ ਤੇ ਵੇਖਿਆ ਜਾ ਸਕਦਾ ਹੈ ਪਰ ਲੋੜ ਹੈ ਉਸ ਨਾਲ ਇਕਮਿਕ ਹੋਣ ਲਈ ਗਿਆਨ ਦੀ। ਜਿਵੇਂ:

ਜ਼ਾਹਿਦ ਸ਼ਰਾਬ ਪੀਨੇ ਦੇ ਮਸਜਿਦ ਮੇਂ ਬੈਠਕਰ,
ਯਾ ਵਹ ਜਗਾਹ ਬਤਾ ਕਿ ਜਹਾਂ ਪਰ ਖ਼ੁਦਾ ਨ ਹੋ।

ਸੂਫ਼ੀ ਸਾਧਕਾਂ ਅਨੁਸਾਰ ਜਿਥੇ ਮੈਂ ਤੇ ਮੇਰੀ ਦੀ ਹੋਂਦ ਖ਼ਤਮ ਹੋ ਕੇ ਤੂੰ ਅਤੇ ਤੇਰੀ (ਪਰਮਾਤਮਾ) ਦੀ ਹੋਂਦ ਪੈਦਾ ਹੁੰਦੀ ਹੈ ਉਥੇ ਰਹੱਸਵਾਦ ਜਿਹਾ ਗਿਆਨ ਸਹੀ ਤਰੀਕੇ ਨਾਲ ਕੰਮ ਕਰਦਾ ਹੈ। ਜਦੋਂ ਤੱਕ ਮੈਂ ਦਾ ਸੰਕਲਪ ਨਹੀਂ ਮਰਦਾ ਉਦੋਂ ਤੱਕ ਰੱਬ ਨਾਲ ਅਭੇਦਤਾ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਰਹੱਸਵਾਦ ਵਿਚ 'ਮੈਂ' ਤੇ 'ਮੇਰੀ' ਦੀ ਅਣਹੋਂਦ ਲਗਭਗ ਸਾਰੇ ਧਰਮਾਂ ਨੇ ਪ੍ਰਵਾਨ ਕੀਤੀ ਹੈ। ਅੰਡਰਹਿਲ ਵੀ ਇਸ ਤੱਥ ਨਾਲ ਸਹਿਮਤ ਹੈ ਕਿ ਬ੍ਰਾਹਮਣ, ਸੂਫ਼ੀ ਤੇ ਈਸਾਈ ਧਰਮ ਵਿਚ ਇਸ ਤੱਥ ਨਾਲ ਸੰਬੰਧਿਤ ਕੋਈ ਮੱਤਭੇਦ ਨਹੀਂ ਹੈ।[43]

[42] ਨੇਤ ਨੇਤ ਕਥੰਤਿ ਬੇਦਾ॥, (ਸਲੋਕ ਸਹਸਕ੍ਰਿਤੀ ਮ: 5), ਗੁਰੂ ਗ੍ਰੰਥ ਸਾਹਿਬ ਪੰਨਾ ਨੰ.-1359.
[43] E. Underhill, The Essentials of Mysticism, p. 41.

ਰਹੱਸਵਾਦੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਉਹ ਆਪਣਾ ਅਨੁਭਵ ਦੂਜਿਆਂ ਨਾਲ ਸਾਂਝਾ ਕਰਨ ਤੋਂ ਅਸਮਰੱਥ ਰਹਿੰਦਾ ਹੈ। ਆਪਣੇ ਟੀਚੇ ਤੱਕ ਪਹੁੰਚ ਕੇ ਪ੍ਰਾਪਤ ਹੋਏ ਆਨੰਦ ਨੂੰ ਉਹ ਸਿਰਫ਼ ਮਹਿਸੂਸ ਕਰ ਸਕਦਾ ਹੈ। ਗੂੰਗੇ ਦੇ ਗੁੜ ਖਾਣ ਵਾਂਗੂੰ ਉਹ ਦੂਸਰਿਆਂ ਨੂੰ ਖੁਸ਼ੀ ਜਾਂ ਆਨੰਦ ਦੀ ਅਵਸਥਾ ਬਿਆਨ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਇਸ ਅਵਸਥਾ ਨੂੰ ਸਮਝ ਸਕਦਾ ਹੈ। ਇਸ ਆਨੰਦ ਦੀ ਪ੍ਰਾਪਤੀ ਸਿਰਫ਼ ਉਸੇ ਨੂੰ ਹੀ ਹੋ ਸਕਦੀ ਹੈ ਜੋ ਮਨੁੱਖ ਇਸ ਆਨੰਦ ਦੀ ਅਵਸਥਾ ਤੱਕ ਖੁਦ ਪਹੁੰਚਦਾ ਹੈ।

## 1.8 ਰਹੱਸਵਾਦ ਦਾ ਘੇਰਾ:

ਰਹੱਸਵਾਦ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਇਸ ਵਿਚ ਉਹ ਸਾਰਾ ਸਾਹਿਤ ਆ ਜਾਂਦਾ ਹੈ ਜਿਸ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਰੱਬ ਦੀ ਭਾਲ ਕੀਤੀ ਗਈ ਹੋਵੇ ਜਾਂ ਰੱਬ ਦੇ ਗੁੱਝੇ ਭੇਦ ਜਾਂ ਰਹੱਸ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੋਵੇ। ਜੇ ਇਹ ਕਹਿ ਲਿਆ ਜਾਵੇ ਕਿ ਜਿੰਨਾ ਉਸ ਪਾਰਬ੍ਰਹਮ ਦਾ ਸਰੂਪ ਵਿਸ਼ਾਲ ਹੈ ਉਨਾ ਹੀ ਰਹੱਸਵਾਦ ਦਾ ਘੇਰਾ ਵਿਸ਼ਾਲ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਰਹੱਸਵਾਦ ਨੂੰ ਫਿਲਾਸਫ਼ੀ ਦੇ ਪੱਖ ਤੋਂ ਵੀ ਵੇਖਿਆ ਜਾਵੇ ਤਾਂ ਇਹ ਬਹੁਤ ਹੀ ਵਿਸ਼ਾਲ ਅਰਥਾਂ ਵਾਲਾ ਹੈ। ਇਸ ਨੂੰ ਅਸੀਂ ਕਿਸੇ ਵਿਸ਼ੇਸ਼ ਦਾਰਸ਼ਨਿਕ ਫਿਰਕੇ ਵਿਚ ਸੀਮਤ ਨਹੀਂ ਕਰ ਸਕਦੇ। ਰਹੱਸਵਾਦ ਆਦਿ ਕਾਲ ਤੋਂ ਲੈ ਕੇ ਹੀ ਸਾਰੇ ਧਰਮਾਂ ਦਾ ਆਧਾਰ ਬਿੰਦੂ ਰਿਹਾ ਹੈ।

ਪਰਮਾਤਮਾ ਦਾ ਗਿਆਨ ਪਾਉਣਾ ਇੰਦਰੀਆਂ ਤੇ ਬੁੱਧੀ ਤੋਂ ਪਰੇ ਦੀ ਗੱਲ ਹੈ। ਜੇਕਰ ਇਸ ਨੂੰ ਕਿਸੇ ਘੇਰੇ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ ਤਾਂ ਪਰਮਾਤਮਾ ਸਬੰਧੀ ਗਿਆਨ ਦਾ ਘੇਰਾ ਵੀ ਅਸੀਮਤ ਹੈ।

ਉਪਨਿਸ਼ਦਾਂ ਵਿਚ ਆਏ 'ਤਤਵਮਸਿ' (ਉਹੀ ਤੂੰ ਹੈ) 'ਸੋਹੰ' (ਮੈਂ ਉਹੀ ਹਾਂ) 'ਅਹੰ-ਬ੍ਰਹਮਾਸਮਿ' (ਮੈਂ ਬ੍ਰਹਮ ਹਾਂ) ਆਦਿ ਸ਼ਬਦ ਤੇ ਸੂਫ਼ੀਆਂ ਦਾ 'ਅਨਹਲਹਕ' ਦਾ ਨਾਅਰਾ ਵੀ ਇਸੇ ਤੱਥ ਤੇ ਚਾਨਣਾ ਪਾਉਂਦਾ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਰਹੱਸਵਾਦ ਸਰਬਵਿਆਪਕ ਤੇ ਗੁੰਝਲਦਾਰ ਵਿਸ਼ਾ ਹੈ। ਇਸ ਦਾ ਘੇਰਾ ਅਸੀਮਤ ਹੋਣ ਕਰਕੇ ਇਸਨੂੰ ਸੀਮਤ ਸ਼ਬਦਾਂ ਦੀ ਪਕੜ ਵਿਚ ਲੈਣਾ ਅਸੰਭਵ ਹੈ।

## 1.9 ਰਹੱਸਵਾਦ ਦਾ ਇਤਿਹਾਸ:

ਰਹੱਸਵਾਦ ਦਾ ਇਤਿਹਾਸ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਗਿਆ ਸੀ। ਮਨੁੱਖ ਦੇ ਜਨਮ ਤੋਂ ਇਹ ਰਹੱਸ ਗੁੰਝਲ ਬਣ ਗਿਆ ਹੈ ਕਿ ਮਨੁੱਖ ਦਾ ਜਨਮ ਕਿਵੇਂ ਹੋਇਆ? ਸ੍ਰਿਸ਼ਟੀ ਨੂੰ ਚਲਾਉਣ ਵਾਲੀ ਕਿਹੜੀ ਸ਼ਕਤੀ ਹੈ ਜੋ ਅਦ੍ਰਿਸ਼ਟ ਹੁੰਦਿਆਂ ਹੋਇਆਂ ਵੀ ਸ੍ਰਿਸ਼ਟੀ ਸਾਜਣ ਦਾ ਕਾਰਜ ਬਿਨਾ ਰੁਕੇ ਕਰ ਰਹੀ ਹੈ? ਆਦਿ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਤੇ ਉਹ ਜੰਗਲੀ ਜਾਨਵਰਾਂ ਤੇ ਕੁਦਰਤੀ ਆਫ਼ਤਾਂ ਤੋਂ ਡਰਦਾ ਸੀ। ਇਸ ਡਰ ਨੂੰ ਆਪਣੇ ਮਨ ਵਿਚੋਂ ਕੱਢਣ ਲਈ ਉਸਨੇ ਦੈਵੀ ਸ਼ਕਤੀਆਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਭਾਵੇਂ ਇਹ ਸ਼ਕਤੀਆਂ ਦਾ ਅਸਲੀਅਤ ਨਾਲ ਕੋਈ ਸਬੰਧ ਨਹੀਂ ਸੀ ਪਰ ਇਹਨਾਂ ਨੂੰ ਧਿਆ ਕੇ ਮਨੁੱਖ ਨੇ ਮਨ ਦੀ ਸ਼ਾਂਤੀ ਲੱਭ ਲਈ ਤੇ ਇਸ ਵਿਚ ਉਸ ਦਾ ਵਿਸ਼ਵਾਸ਼ ਬਣ ਗਿਆ।

ਰਹੱਸਵਾਦ ਬਾਰੇ ਸਭ ਤੋਂ ਪੁਰਾਣੀ ਮਿਸਾਲ ਸਾਡੇ ਕੋਲ ਵੇਦ ਤੇ ਉਪਨਿਸ਼ਦ ਹਨ। ਇਹਨਾਂ ਵਿਚ ਤਪ, ਸਾਧਨਾ, ਇਸਤਰੀ ਪੁਰਸ਼ ਸਬੰਧੀ ਰਹੱਸਾਤਮਕ ਵਿਚਾਰ ਵੇਖਣ ਨੂੰ ਮਿਲਦੇ ਹਨ। ਇਹਨਾਂ ਦੇ ਗੁੱਝੇ ਭੇਦ ਭਾਵ ਰਹੱਸ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਉਪਨਿਸ਼ਦਾਂ ਵਿਚਲਾ ਰਹੱਸਵਾਦ ਖ਼ਾਸ ਮਹੱਤਵਤਾ ਦਾ ਧਾਰਨੀ ਹੈ।

ਉਪਨਿਸ਼ਦ ਕਾਲ ਵਿਚ ਰਹੱਸਵਾਦ ਭਾਰਤ ਵਿਚ ਖ਼ਾਸ ਮਹੱਤਵ ਵਾਲਾ ਸੀ। ਉਪਨਿਸ਼ਦ ਨੂੰ ਤਾਂ ਰਹੱਸ ਦਾ ਖ਼ਜ਼ਾਨਾ ਕਿਹਾ ਜਾਂਦਾ ਹੈ। ਉਪਨਿਸ਼ਦ ਉਹ ਹਿਮਾਲਾ ਹੈ ਜਿਸ ਵਿਚੋਂ ਵੇਦਾਂਤ ਦੀਆਂ ਭਿੰਨ-ਭਿੰਨ ਗੰਗਾ ਦੀਆਂ ਧਾਰਾਵਾਂ ਨਿਕਲ ਕੇ ਵਹਿੰਦੀਆਂ ਹਨ।[44]

ਵੇਦ, ਉਪਨਿਸ਼ਦ, ਗੀਤਾ ਤੇ ਹੋਰ ਅਨੇਕਾਂ ਭਗਤੀ ਤੇ ਦਰਸ਼ਨ ਦੇ ਗ੍ਰੰਥ ਹਨ ਜੋ ਰਹੱਸਾਤਮ ਭਾਵਾਂ, ਪ੍ਰਗਟਾਵਿਆਂ ਆਦਿ ਨਾਲ ਭਰੇ ਪਏ ਹਨ।[45]

ਸੋ ਰਹੱਸਵਾਦ ਦਾ ਇਤਿਹਾਸ ਬਹੁਤ ਪੁਰਾਣਾ ਹੈ। ਸ੍ਰਿਸ਼ਟੀ ਦੀ ਹੋਂਦ ਹੀ ਮਨੁੱਖ ਲਈ ਰਹੱਸ ਬਣੀ ਰਹੀ ਹੈ। ਇਸ ਲਈ ਇਸਦੀ ਹੋਂਦ ਤੇ ਇਸਦੀ ਚਾਲਕ ਸ਼ਕਤੀ ਦੇ ਰਹੱਸ ਬਾਰੇ ਮਨੁੱਖ ਜੁਗਾਂ ਜੁਗਾਂਤਰਾਂ ਤੋਂ ਹੀ ਵੱਖ-ਵੱਖ ਹੀਲੇ ਅਪਣਾ ਕੇ ਇਸ ਰਹੱਸ ਨੂੰ ਬੁੱਝਣ ਦਾ ਯਤਨ ਕਰਦਾ ਰਿਹਾ ਹੈ। ਇਸ ਰਹੱਸ ਨੂੰ ਜਾਣਨ ਲਈ ਵੇਦਾਂ, ਉਪਨਿਸ਼ਦਾਂ, ਭਗਵਤ ਗੀਤਾ, ਗੁਰੂ ਗ੍ਰੰਥ ਸਾਹਿਬ ਅਤੇ ਹੋਰਨਾ ਧਾਰਮਿਕ ਗ੍ਰੰਥਾਂ ਵਿਚ ਵੀ ਵਰਣਨ ਮਿਲਦਾ ਹੈ। ਸੋ ਸ਼ੁਰੂ ਤੋਂ ਹੀ ਰਹੱਸ ਨੂੰ ਘੋਖਣ ਸਮਝਣ ਦੀ ਪਿਰਤ ਤਾਂ ਸੀ ਪਰ ਇਸਦਾ ਨਾਂ ਰਹੱਸਵਾਦ ਨਹੀਂ ਸੀ। ਰਹੱਸਵਾਦ ਸ਼ਬਦ ਦੀ ਵਰਤੋਂ ਨਵੀਂ ਹੈ।

---

[44] ਹਿੰਦੀ ਸਾਹਿਤਯ ਕੋਸ਼, ਪੰਨਾ-637.

[45] W.T. Stace, Mysticism and Philosophy, p. 118.

## 1.10 ਵੱਖ-ਵੱਖ ਧਰਮਾਂ ਵਿਚ ਰਹੱਸਵਾਦ

ਵੱਖ-ਵੱਖ ਵਿਦਵਾਨਾਂ ਨੇ ਰਹੱਸਵਾਦ ਦੀ ਵਿਆਖਿਆ ਆਪੋ ਆਪਣੇ ਤਰੀਕੇ ਨਾਲ ਵਿਭਿੰਨ ਸ਼ਬਦਾਂ ਵਿਚ ਕੀਤੀ ਹੈ ਪਰ ਸਭ ਦੀ ਪਰਿਭਾਸ਼ਾ ਦੇ ਮੂਲ ਅਰਥ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ। ਹਰ ਵਿਦਵਾਨ ਨੇ ਹੀ ਰਹੱਸਵਾਦ ਨੂੰ ਆਤਮਾ ਦੇ ਪਰਮਾਤਮਾ ਨਾਲ ਸਬੰਧ ਦਾ ਗਿਆਨ ਮੰਨਿਆ ਹੈ।

ਦੁਨੀਆਂ ਦੇ ਹਰ ਧਰਮ ਵਿਚ ਆਤਮਾ ਤੇ ਪਰਮਾਤਮਾ ਦੇ ਸਬੰਧ ਦੀ ਗੱਲ ਕੀਤੀ ਗਈ ਹੈ। ਉਸਦਾ ਨਾਮ ਭਾਵੇਂ ਕੋਈ ਵੀ ਹੋਵੇ ਪਰ ਸਭ ਧਰਮਾਂ ਦਾ ਮੂਲ ਤੱਤ ਇਕੋ ਹੀ ਹੈ। ਵੱਖ-ਵੱਖ ਧਰਮਾਂ ਵਿਚ ਰਹੱਸਵਾਦ ਨੂੰ ਵੱਖ-ਵੱਖ ਢੰਗਾਂ ਨਾਲ ਵਿਅਕਤ ਕੀਤਾ ਗਿਆ ਹੈ। ਵੇਦਾਂ ਨੂੰ ਭਾਰਤ ਵਿਚ ਆਦਿ ਕਾਲ ਤੋਂ ਹੀ ਅਨੰਦ ਗਿਆਨ ਦਾ ਸੋਮਾਂ ਮੰਨਿਆ ਗਿਆ ਹੈ। ਵੇਦਾਂ ਦੀ ਗਿਣਤੀ ਚਾਰ ਹੈ - ਰਿਗਵੇਦ, ਸਾਮਵੇਦ, ਯਜੁਰਵੇਦ, ਅਣਰਵ ਵੇਦ।

ਵੇਦਾਂ ਨੂੰ ਭਾਰਤੀ ਰਹੱਸਵਾਦ ਵਿਚ ਸਭ ਤੋਂ ਪਹਿਲਾ ਰਹੱਸਵਾਦੀ ਸੋਮਾਂ ਮੰਨਿਆ ਗਿਆ ਹੈ। ਰਾਮ ਨਰਾਯਨ ਪਾਂਡੇ ਅਨੁਸਾਰ ਵੀ, 'ਵੈਦਿਕ ਸਾਹਿਤ ਦੇ ਮਹੱਤਵਪੂਰਨ ਗ੍ਰੰਥਾਂ ਵਿਚ ਉਤਕ੍ਰਿਸ਼ਟ ਦਰਜੇ ਦੀ ਰਹੱਸਾਨੁਭੂਤੀ ਅਭਿਵਿਅਕਤ ਹੋਈ ਹੈ।'[46] ਰਿਸ਼ੀਆਂ ਮੁਨੀਆਂ ਨੇ ਵੇਦਾਂ ਵਿਚ ਸਪਸ਼ਟ ਲਿਖਿਆ ਹੈ ਕਿ ਪਾਰਬ੍ਰਹਮ ਪਰਮੇਸ਼ਰ ਵਿਆਪਕ ਹੈ ਅਤੇ ਉਹ ਸੰਸਾਰ ਦੇ ਕਣ-ਕਣ ਵਿਚ ਮੌਜੂਦ ਹੈ। ਵੇਦਾਂ ਵਿਚ ਭਾਵੇਂ ਬ੍ਰਹਮ ਸਬੰਧੀ ਸਭ ਤੋਂ ਵੱਡਾ ਰਹੱਸ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਮਨੁੱਖ ਲਈ ਬ੍ਰਹਮ ਨੂੰ ਅਪਹੁੰਚ ਕਰਾਰ ਦਿੱਤਾ ਹੈ। ਡਾ. ਬਲਕਾਰ ਸਿੰਘ ਅਨੁਸਾਰ,

> 'ਵੇਦਾਂ ਵਿਚ ਭਾਵੇਂ ਪਰਮਾਤਮਾ ਨੂੰ ਹੀ ਕੇਂਦਰ ਪਰਵਾਨ ਕੀਤਾ ਹੋਇਆ ਹੈ ਪਰ ਪਰਮਾਤਮਾ ਤੇ ਮਨੁੱਖ ਦਾ ਰਿਸ਼ਤਾ ਇਸ ਭਾਂਤ ਪ੍ਰਸਤੁਤ ਹੋਇਆ ਹੈ ਕਿ ਪਰਮਾਤਮਾ ਮਨੁੱਖ ਲਈ ਅਪਹੁੰਚ, ਅਦਿੱਖ ਅਤੇ ਕਾਲਪਨਿਕ ਸ਼ਕਤੀ ਹੀ ਬਣ ਗਿਆ ਹੈ। ਏਸੇ ਵਿਚੋਂ ਹੀ ਬਹੁਦੇਵਵਾਦ ਪੈਦਾ ਹੋਇਆ ਜਿਸ ਨੇ ਵੇਦਾਂ ਦੇ ਰਹੱਸਵਾਦ ਦਾ ਸੰਦਰਭ ਹੀ ਬਦਲ ਦਿੱਤਾ। ਬਹੁਦੇਵਵਾਦ ਜੋ ਪਰਮਾਤਮਾ ਦੇ ਪ੍ਰਾਇਣ ਹੋ ਕੇ ਪਰਮਾਤਮ ਤੱਤਾਂ ਨੂੰ ਅਮਲੀ ਜੀਵਨ ਵਿਚ ਅਪਣਾਉਣ ਨਾਲ ਸਾਹਮਣੇ ਆਉਂਦਾ ਹੈ, ਭਾਰਤੀ ਰਹੱਸਵਾਦ ਦਾ ਮੁੱਢਲਾ ਸਰੂਪ ਪਰਵਾਨ ਕੀਤਾ ਜਾ ਸਕਦਾ ਹੈ।'[47]

---

[46] ਰਾਮ ਨਾਰਾਯਨ ਪਾਂਡੇ, ਭਕਤੀ ਕਾਵਯ ਮੇਂ ਰਹੱਸਵਾਦ, ਪੰਨਾ-25,26.

[47] ਪ੍ਰੋ. ਬਲਕਾਰ ਸਿੰਘ, ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ, ਪੰਨਾ-13.

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਰਹੱਸਵਾਦ ਬੀਜ ਰੂਪ ਵਿਚ ਵੇਦਾਂ ਵਿਚ ਸਾਹਮਣੇ ਆਉਂਦਾ ਹੈ ਪਰ ਇਸਦੀ ਨਿਯਮਬੱਧ ਅਭਿਵਿਅਕਤੀ ਉਪਨਿਸ਼ਦਾਂ ਵਿਚ ਹੀ ਹੋਈ ਹੈ। ਵੇਦਾਂ ਵਿਚ ਰਹੱਸਵਾਦ ਤੱਤਾਂ ਦੇ ਰੂਪ ਵਿਚ ਮਿਲਦਾ ਹੈ ਜਦੋਂ ਕਿ ਉਪਨਿਸ਼ਦਾਂ ਵਿਚ ਤੱਤਾਂ ਦੇ ਉਜਾਗਰ ਰੂਪ ਵਿਚ ਪੇਸ਼ ਹੁੰਦਾ ਹੈ। ਉਪਨਿਸ਼ਦ ਕਾਲ ਤੱਕ ਬ੍ਰਹਮ ਵਿਦਿਆ ਬਿਲਕੁਲ ਰਹੱਸਵਾਦੀ ਮੰਨੀ ਜਾਂਦੀ ਸੀ ਜੋ ਸਧਾਰਨ ਵਿਅਕਤੀ ਦੀ ਸਮਝ ਤੋਂ ਕੋਹਾਂ ਦੂਰ ਸੀ। ਅਜਿਹੀ ਰਹੱਸ ਅਨੁਭੂਤੀ ਜਾਂ ਬ੍ਰਹਮ ਵਿਦਿਆ ਕਿਸੇ ਗੁਰੂ ਤੋਂ ਬਿਨਾ ਹਾਸਿਲ ਕਰਨੀ ਮੁਸ਼ਕਿਲ ਸੀ। ਮਹਿੰਦਰਨਾਥ ਅਨੁਸਾਰ,

> 'ਉਪਨਿਸ਼ਦਾਂ ਵਿਚ ਕ੍ਰਿਪਾ ਜਾਂ ਮਿਹਰ ਦੇ ਸਿਧਾਂਤ ਤੇ ਬਹੁਤ ਜ਼ੋਰ ਨਹੀਂ ਦਿੱਤਾ ਗਿਆ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਵਿਚੋਲਗੀ ਪ੍ਰਵਾਨ ਕੀਤੀ ਗਈ ਹੈ। ਉਪਨਿਸ਼ਦਾਂ ਮੁਤਾਬਕ ਮੁਕਤੀ ਦਾ ਹੇਤੂ ਗਿਆਨ ਹੈ ਨਾ ਕਿ ਕ੍ਰਿਪਾ ਅਤੇ ਇਹ ਗਿਆਨ ਪ੍ਰਾਤਿਭ ਅਤੇ ਅਨੁਭਵੀ ਗਿਆਨ ਹੈ। ਏਸੇ ਲਈ ਇਸ ਅਨੁਭਵ ਦੀ ਪ੍ਰਾਪਤੀ ਲਈ ਗੁਰੂ ਦੇ ਨਿਰਦੇਸ਼ਨ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ।'[48]

ਉਪਨਿਸ਼ਦਾਂ ਵਿਚ ਪ੍ਰਸਤੁਤ ਗਿਆਨ ਨੂੰ ਵੀ ਰਿਸ਼ੀਆਂ ਮੁਨੀਆਂ ਦੀ ਆਤਮ ਅਨੁਭੂਤੀ ਦੇ ਅਧਾਰਤ ਹੀ ਸਵੀਕਾਰ ਕੀਤਾ ਗਿਆ ਹੈ ਜਿਸਨੂੰ ਸਤਿਗਿਆਨ ਕਿਹਾ ਗਿਆ ਹੈ। ਇਸ ਗਿਆਨ ਨੂੰ ਸਪਸ਼ਟ ਕਰਨ ਲਈ ਮੁੰਡਕੋ ਉਪਨਿਸ਼ਦ ਵਿਚ ਦੋ ਪ੍ਰਕਾਰ ਦੀ ਵਿਦਿਆ ਸਵੀਕਾਰ ਕੀਤੀ ਗਈ ਹੈ 'ਪਰਾ ਅਤੇ ਅਪਰਾ'। ਪਰਾ ਵਿਦਿਆ ਨੂੰ ਸ੍ਰੇਸ਼ਟ ਮੰਨਿਆ ਜਾਂਦਾ ਸੀ ਕਿਉਂਕਿ ਇਸ ਰਾਹੀਂ ਪਰਮੇਸ਼ਰ ਦਾ ਗਿਆਨ ਹੁੰਦਾ ਸੀ। ਉਪਨਿਸ਼ਦ ਜੋ ਭਾਰਤੀ ਦਰਸ਼ਨ ਅਤੇ ਅਧਿਆਤਮਿਕਤਾ ਦਾ ਆਧਾਰ ਹਨ, ਉਹਨਾਂ ਵਿਚ ਰਹੱਸ ਅਨੁਭਵ ਦੇ ਭਿੰਨ-ਭਿੰਨ ਪਹਿਲੂਆਂ ਤੇ ਅੰਗਾਂ ਦਾ ਵਿਸਤ੍ਰਿਤ ਵਰਣਨ ਪ੍ਰਾਪਤ ਹੁੰਦਾ ਹੈ।

ਸ੍ਵੇਤਾ ਸਵ੍ਰਤਰ ਉਪਨਿਸ਼ਦ ਨੂੰ ਤਾਂ ਰਹੱਸਵਾਦੀ ਅਨੁਭੂਤੀਆਂ ਜਾਂ ਉਪਕਰਨਾਂ ਦਾ ਕੋਸ਼ ਹੀ ਕਹਿ ਸਕਦੇ ਹਾਂ।[49]

ਇਸ ਤਰ੍ਹਾਂ ਸਮੁੱਚੇ ਉਪਨਿਸ਼ਦ ਸਾਹਿਤ ਵਿਚ ਨਾ ਕੇਵਲ ਬ੍ਰਹਮ ਦੇ ਗਿਆਨ ਦਾ ਰਹੱਸ ਹੀ ਸਾਹਮਣੇ ਆਇਆ ਸਗੋਂ ਅਜਿਹੇ ਰਹੱਸ ਨੂੰ ਜਾਣਨ ਲਈ ਸਾਧਨਾਂ ਦੇ ਪੜਾਅ

---

[48] Mahendra Nath Sircar, Hindu Mysticism, p. 4.
[49] ਡਾ. ਰਾਮ ਨਾਰਾਯਨ ਪਾਂਡੇ, ਭਗਤੀ ਕਾਵਿ ਮੇਂ ਰਹੱਸਵਾਦ, ਪੰਨਾ-37.

ਅਤੇ ਉਹਨਾਂ ਦੇ ਰਹੱਸ ਦੇ ਨਿਰਦੇਸ਼ਨ ਵੀ ਪ੍ਰਾਪਤ ਹੁੰਦੇ ਹਨ। ਗੀਤਾ ਵਿਚ ਚਾਰਵਾਕ ਦਾ ਵਰਣਨ ਹੈ। ਉਹ ਭਾਵੇਂ ਰਹੱਸਵਾਦੀ ਘੇਰੇ ਵਿਚ ਨਹੀਂ ਆਉਂਦੇ ਪ੍ਰੰਤੂ ਭਗਵਤ ਗੀਤਾ ਨੂੰ ਰਹੱਸ ਅਨੁਭੂਤੀਆਂ ਦਾ ਸ੍ਰੋਤ ਕਿਹਾ ਜਾਂਦਾ ਹੈ। ਉਪਨਿਸ਼ਦਾਂ ਤੋਂ ਬਾਅਦ ਗੀਤਾ ਭਾਰਤੀ ਰਹੱਸ ਸਾਧਨਾ ਅਤੇ ਅਧਿਆਤਮਿਕਤਾ ਦਾ ਮਹਾਨ ਗ੍ਰੰਥ ਹੈ। ਗੀਤਾ ਵਿਚ ਦਾਰਸ਼ਨਿਕ ਸਿਧਾਂਤਾਂ ਤੋਂ ਬਿਨਾ ਅਧਿਆਤਮਿਕ ਤੇ ਰਹੱਸਮਈ ਤੱਤਾਂ ਦਾ ਵੀ ਪ੍ਰਗਟਾਅ ਹੋਇਆ ਹੈ। ਆਤਮਾ ਦੀ ਅਮਰਤਾ, ਅਵਤਾਰਵਾਦ, ਜੀਵਨ ਵਿਚ ਨਿਰਲੇਪ ਹੋ ਕੇ ਹਿਤਕਾਰੀ ਕਾਰਜ ਕਰਨ ਦਾ ਉਪਦੇਸ਼, ਨਿਸ਼ਕਾਮ ਕਾਰਜ ਆਦਿ ਰਹੱਸਾਤਮਿਕ ਪ੍ਰਵਿਰਤੀਆਂ ਦਾ ਪ੍ਰਗਟਾਅ ਹੋਇਆ ਹੈ। ਉਹ ਭਾਰਤੀ ਅਧਿਆਤਮਿਕ ਲਹਿਰਾਂ ਦਾ ਆਧਾਰ ਹੈ। ਗੀਤਾ ਦੇ ਗਿਆਰਵੇਂ ਅਧਿਆਇ ਵਿਚ ਤਾਂ ਰਹੱਸਵਾਦੀ ਅਨੁਭੂਤੀ ਤੀਬਰ ਰੂਪ ਵਿਚ ਪੇਸ਼ ਹੁੰਦੀ ਹੈ। ਇਕ ਪੱਛਮੀ ਵਿਦਵਾਨ ਅਨੁਸਾਰ, 'ਗੀਤਾ ਰਹੱਸਵਾਦ ਦਾ ਪ੍ਰਸੰਗ ਕੇਵਲ ਮਾਤਰ ਧਰਮ ਪੁਸਤਕ ਦਾ ਨਹੀਂ ਹੈ ਸਗੋਂ ਇਹ ਤਾਂ ਰਹੱਸਵਾਦੀ ਦਰਸ਼ਨ ਦਾ ਨਿਚੋੜ ਹੈ।'[50] ਗੀਤਾ ਦਾ ਰਹੱਸਵਾਦ ਉਪਨਿਸ਼ਦਾਂ ਨਾਲੋਂ ਵੱਖਰਾ ਹੈ। ਉਪਨਿਸ਼ਦਾਂ ਦਾ ਧਰਮ ਸਿਧਾਂਤ ਗਿਆਨ ਤੱਕ ਹੀ ਸੀਮਤ ਹੈ ਜਦੋਂ ਕਿ ਗੀਤਾ ਦਾ ਧਰਮ ਸਿਧਾਂਤ ਕਰਮਸ਼ੀਲ ਗਿਆਨ ਵਾਲਾ ਹੈ। ਸੋ ਗੀਤਾ ਭਾਰਤੀ ਰਹੱਸਵਾਦ ਦਾ ਸਰਵਸ੍ਰੇਸ਼ਠ ਗ੍ਰੰਥ ਹੋ ਨਿਬੜਦੀ ਹੈ।

ਈਸਾਈ ਧਰਮ ਵਿਚ ਵੀ ਰਹੱਸਵਾਦ ਸਬੰਧੀ ਵਰਣਨ ਮਿਲਦਾ ਹੈ। ਈਸਾ ਮਸੀਹ ਦੀ ਮੌਤ ਤੋਂ ਬਾਅਦ ਜਦੋਂ ਉਹਨਾਂ ਨੂੰ ਦਫਨਾ ਦਿੱਤਾ ਗਿਆ ਸੀ ਤਾਂ ਉਹਨਾਂ ਦੁਆਰਾ ਦੁਬਾਰਾ ਜ਼ਿੰਦਾ ਹੋ ਜਾਣ ਦਾ ਰਹੱਸ ਈਸਾਈ ਧਰਮ ਦੇ ਰਹੱਸਵਾਦ ਦਾ ਮੂਲ ਕੇਂਦਰ ਬਿੰਦੂ ਹੈ। ਜਰਤੁਸ਼ਤੀ ਪਰਮਾਤਮਾ ਨੂੰ 'ਅਹੁਰ ਮਜ਼ਦ' ਦੇ ਨਾਂ ਨਾਲ ਵਿਅਕਤ ਕਰਦੇ ਹੋਏ ਪਰਮਾਤਮਾ ਦੇ ਰਹੱਸ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ:

> 'ਪਰਮਾਤਮਾ ਕੇਵਲ ਇਕੋ ਹੀ ਹੈ ਅਤੇ ਉਹ ਅਹੁਰ ਮਜ਼ਦ ਹੈ: ਉਹ ਸਰਵ-ਉੱਚ ਅਤੇ ਸਰਵ ਵਿਆਪਕ ਹੈ। ਇਸ ਲਈ ਸਾਰੇ ਬ੍ਰਹਿਮੰਡ ਵਿਚ ਇਕ ਕਿਣਕਾ ਵੀ ਅਜਿਹਾ ਨਹੀਂ ਜਿਥੇ ਅਹੁਰਮਜ਼ਦ ਮੌਜੂਦ ਨਾ ਹੋਵੇ। ਉਹ ਸਭ ਲਈ ਇਕੋ ਜਿਹਾ ਹੈ। ਅਹੁਰਜ਼ਮਦ (ਅਹੁਰਮਜ਼ਦ) ਲਈ ਵਰਤੇ ਨਾਵਾਂ ਵਿਚੋਂ ਇਕ ਨਾ ਅਵਿਤਾਨਯੋ (Avtanyo) ਹੈ ਜਿਸ ਦਾ ਅਰਥ ਹੈ ਹਰ ਥਾਂ ਹਾਜ਼ਰ ਨਾਜ਼ਰ, ਭਾਵੇਂ ਅਸੀਂ ਉਸ ਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਵੇਖ ਸਕਦੇ

[50] Sindey Spencer, Mysticism in World Religions, p. 29.

ਕਿਉਂਕਿ ਉਹ ਅਤਿਅੰਤ ਸੂਖਮ ਅਤੇ ਅਦਿੱਖ ਹੈ। ਅਹੁਰਮਜ਼ਦ ਅਦਿਖ ਅਤੇ ਗੁਪਤ ਹੈ ਪਰ ਉਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ।'[51]

ਜੈਨ ਧਰਮ ਵਿਚ ਪ੍ਰਭੂ ਸੱਤਾ ਨੂੰ ਕੋਈ ਸਥਾਨ ਪ੍ਰਾਪਤ ਨਾ ਹੋਣ ਕਰਕੇ ਤੀਰਥੰਕਾਰਾਂ ਦੀ ਪੂਜਾ ਨੂੰ ਅਹਿਮੀਅਤ ਦਿੱਤੀ ਗਈ ਹੈ। ਤੀਰਥੰਕਾਰਾਂ ਨੂੰ ਬੰਧਨ ਯੁਕਤ ਰੂਹਾਂ ਮੰਨਿਆ ਗਿਆ ਹੈ ਜਿਨ੍ਹਾਂ ਨੇ ਆਪਣੇ 'ਯਤਨਾਂ' ਸਦਕਾ ਬੰਧਨ ਮੁਕਤੀ ਪ੍ਰਾਪਤ ਕੀਤੀ ਸੀ। ਜੈਨ ਧਰਮ ਵਿਚ ਆਤਮਾ ਦਾ ਰਹੱਸ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ ਅਤੇ ਮੰਨਿਆ ਹੈ ਕਿ ਆਤਮਾ ਬੰਧਨ ਵਿਚ ਆਉਂਦੀ ਹੈ ਅਤੇ ਆਪਣੇ ਯਤਨਾਂ ਸਦਕਾ ਮੁਕਤ ਹੋ ਸਕਦੀ ਹੈ। ਬੰਧਨ ਮੁਕਤ ਹੋਣ ਲਈ ਸਤਿ ਗਿਆਨ ਅਤੇ ਸ਼ਰਧਾ ਜੈਨ ਧਰਮ ਦਾ ਮੂਲ ਸ੍ਰੋਤ ਹਨ। ਅਹਿੰਸਾ ਦਾ ਵੀ ਜੈਨ ਧਰਮ ਵਿਚ ਮਹੱਤਵਪੂਰਨ ਸਥਾਨ ਹੈ। ਜੈਨੀ ਅਹਿੰਸਾ ਨੂੰ ਬਾਣੀ, ਸੋਚ ਸ਼ਕਤੀ ਅਤੇ ਕਰਮ ਰਾਹੀਂ ਅਪਣਾਉਣ ਤੇ ਜ਼ੋਰ ਦਿੰਦੇ ਹਨ।

ਜੈਨ ਚਿੰਤਨ ਦਾ ਰਹੱਸਵਾਦੀ ਪ੍ਰਸੰਗ ਕਾਇਮ ਹੈ ਅਤੇ ਇਸ ਚਿੰਤਨ ਨੇ ਮੱਧਕਾਲੀਨ ਰਹੱਸਵਾਦ ਨੂੰ ਉਸਾਰਨ ਅਤੇ ਸੰਵਾਰਨ ਵਿਚ ਕਾਫ਼ੀ ਹਿੱਸਾ ਪਾਇਆ ਹੈ।[52]

ਬੋਧੀ ਚਿੰਤਨ ਭਾਵੇਂ ਜੈਨ ਚਿੰਤਨ ਦਾ ਅਨੁਸਾਰੀ ਨਹੀਂ ਹੈ ਪਰ ਇਸਦੇ ਪ੍ਰਭਾਵ ਤੋਂ ਮੁਕਤ ਵੀ ਨਹੀਂ ਹੈ। ਸੋ ਜੈਨ ਰਹੱਸਵਾਦ ਨੂੰ ਭਾਰਤੀ ਰਹੱਸਵਾਦ ਦਾ ਇਕ ਅਹਿਮ ਅੰਗ ਮੰਨਿਆ ਜਾਂਦਾ ਹੈ।

ਬੁੱਧ ਧਰਮ ਵਿਚ ਰਾਜਕੁਮਾਰ ਸਿਧਾਰਥ ਦੀ ਗਿਆਨ ਪ੍ਰਾਪਤੀ ਤੋਂ ਬਾਅਦ 'ਚੁੱਪ' ਦੀ ਅਵਸਥਾ ਰਹੱਸਵਾਦੀ ਹੈ। ਇਸ ਰਹੱਸ ਜਾਂ ਗਿਆਨ ਪ੍ਰਾਪਤੀ ਨੂੰ ਬੁੱਧ ਨੇ ਦੁਨੀਆਂ ਨਾਲ ਸਾਂਝਾ ਕਰਨਾ ਚਾਹਿਆ ਪਰ ਉਹ ਅਸਫ਼ਲ ਰਹੇ ਕਿਉਂਕਿ ਰਹੱਸਵਾਦੀ ਲਈ ਆਪਣਾ ਅਨੁਭਵ ਬਿਆਨ ਕਰਨਾ ਵੱਸੋਂ ਬਾਹਰੀ ਗੱਲ ਹੁੰਦੀ ਹੈ। 'ਨਿਰਵਾਣ' ਬੋਧੀ ਰਹੱਸਵਾਦ ਦੀ ਆਤਮ ਪ੍ਰਾਪਤੀ ਹੈ। ਇਸ 'ਨਿਰਵਾਣ' ਨੂੰ ਮਹਾਤਮਾ ਬੁੱਧ ਨੇ ਜੀਵਨ ਦੀ ਅੰਤਿਮ ਅਵਸਥਾ ਦੱਸਿਆ ਹੈ ਜੋ ਮਨੁੱਖ ਦਾ ਪਰਮ ਆਦਰਸ਼ ਹੈ।

ਸੂਫ਼ੀਵਾਦ ਦੀ ਅਧਾਰਸ਼ਿਲਾ ਹੀ ਰਹੱਸਵਾਦੀ ਹੈ। ਸੂਫ਼ੀ ਰਹੱਸਵਾਦ ਵਿਚ ਅਧਿਆਤਮਕ ਅਨੁਭਵ ਦੀ ਅੰਤਿਮ ਮੰਜ਼ਿਲ 'ਬਕਾ ਬਿਲਾ' ਹੈ ਜਿਥੇ ਸਾਧਕ 'ਫਨਾ ਫਿਲਾ' ਤੋਂ ਅੱਗੇ ਲੰਘ ਜਾਂਦਾ ਹੈ:

---

[51] ਗੁਰਬਚਨ ਸਿੰਘ ਤਾਲਿਬ, ਸੰਸਾਰ ਦੇ ਕੁਝ ਮੁੱਖ ਧਰਮ (ਅਨੁ. ਡਾ. ਦਰਸ਼ਨ ਸਿੰਘ), ਪੰਨਾ–116.
[52] Kshiti Mohan Sen, Hinduism, p. 66.

'ਆਰਿਫ਼ ਇਸ ਦਿਸਦੇ ਸੰਸਾਰ ਤੋਂ ਕੱਟ ਕੇ ਆਪਣੇ ਸਰੀਰਕ ਵਜ਼ੂਦ ਨੂੰ ਭੀ ਮਿਥਿਆ ਅਨੁਭਵ ਕਰਦਾ ਹੈ; ਕੇਵਲ ਰੁਹਾਨੀ ਦੁਨੀਆਂ ਵਿਚ ਵਿਚਰਦਾ ਆਪਣੀ ਆਤਮਾ ਨੂੰ, ਉਸ ਪਰਮਾਤਮਾ ਨਾਲ ਇਕਮਿਕ ਹੋਇਆ ਅਨੁਭਵ ਕਰਦਾ ਹੈ ਤੇ ਏਦਾਂ 'ਵਾਸਿਲ ਬਿਲਾ' ਤੋਂ 'ਬਕਾ' ਅਥਵਾ ਅਮਰਪਦ ਨੂੰ ਪ੍ਰਾਪਤ ਹੁੰਦਾ ਹੈ।'[53]

ਸੂਫ਼ੀ ਸਾਈ ਬੁੱਲ੍ਹੇ ਸ਼ਾਹ ਵੀ ਪਹੁੰਚੇ ਹੋਏ ਰਹੱਸਵਾਦੀ ਸਨ ਜਿਨ੍ਹਾਂ ਰੱਬ ਦੇ ਰੂਹ ਦੇ ਮਿਲਾਪ ਲਈ ਧਾਰਮਿਕ ਕਰਮਕਾਂਡਾਂ ਨੂੰ ਫੋਕੇ ਅਡੰਬਰ ਦਸਦਿਆਂ ਸਿੱਧਾ ਰੱਬ ਨਾਲ ਇਸ਼ਕ ਦਾ ਮਾਰਗ ਅਪਨਾਇਆ।

ਇਸ ਤਰ੍ਹਾਂ ਇਸਲਾਮਿਕ ਰਹੱਸਵਾਦ ਅਤੇ ਸੂਫ਼ੀ ਰਹੱਸਵਾਦ ਦੋਵੇਂ ਇਕ ਈਸ਼ਵਰਵਾਦ ਦੀ ਧਾਰਨਾ ਨੂੰ ਪੇਸ਼ ਕਰਦੇ ਹਨ। ਸੂਫ਼ੀ ਮੱਤ ਇਸਲਾਮਿਕ ਰਹੱਸਵਾਦ ਨੂੰ ਪੇਸ਼ ਕਰਦਾ ਹੈ ਅਤੇ ਕੁਰਾਨ ਨੂੰ ਅੰਤਿਮ ਪ੍ਰਮਾਣ ਵਜੋਂ ਪੇਸ਼ ਕਰਦਾ ਹੈ।

ਸਿੱਖ ਰਹੱਸਵਾਦ ਦਾ ਮੁੱਖ ਧੁਰਾ ਆਤਮਿਕ ਸੱਚ ਹੈ। ਇਹ ਸੱਚ ਬ੍ਰਹਮ ਹੀ ਹੈ ਜੋ ਸ੍ਰਿਸ਼ਟੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਗੁਰਬਾਣੀ ਅਨੁਸਾਰ ਬ੍ਰਹਮ ਅਗੰਮ ਹੈ, ਅਗੋਚਰ ਹੈ, ਅਬਿਨਾਸੀ ਹੈ। ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਸਰੂਪ ਨੂੰ ਮੂਲ ਮੰਤਰ ਰਾਹੀਂ ਪੇਸ਼ ਕੀਤਾ ਹੈ:

ੴ ਸਤਿਨਾਮੁ ਕਰਤਾਪੁਰਖ ਨਿਰਭਉ ਨਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਗੁਰੂ ਜੀ ਅਨੁਸਾਰ ਬ੍ਰਹਮ ਇਕ ਹੈ, ਉਸਦਾ ਨਾਮ ਸੱਚ ਹੈ, ਉਹ ਸਭ ਕੁਝ ਕਰਨ ਕਰਾਉਣ ਵਾਲਾ ਹੈ, ਉਸਨੂੰ ਕੋਈ ਡਰ ਨਹੀਂ, ਉਸਦਾ ਕਿਸੇ ਨਾਲ ਵੈਰ ਨਹੀਂ, ਉਹ ਸਦੀਵੀ ਹੈ, ਜੂਨਾਂ ਤੋਂ ਰਹਿਤ ਹੈ। ਉਹ ਆਪਣੇ ਆਪੇ ਤੋਂ ਪ੍ਰਗਟ ਹੋਇਆ ਹੈ ਤੇ ਉਸਨੂੰ ਗੁਰੂ ਦੀ ਮਿਹਰ ਨਾਲ ਜਾਣਿਆ ਜਾ ਸਕਦਾ ਹੈ। ਗੁਰੂ ਜੀ ਨੇ ਮੂਲਮੰਤਰ ਰਾਹੀਂ ਬ੍ਰਹਮ ਦੇ ਰਹੱਸ ਦੀਆਂ ਵਿਸ਼ੇਸ਼ਤਾਈਆਂ ਦੱਸੀਆਂ ਹਨ। ਸਿੱਖ ਧਰਮ ਵਿਚ ਰਹੱਸਵਾਦ ਦਾ ਮੂਲ ਧੁਰਾ ਬ੍ਰਹਮ ਅਤੇ ਇਸਦੀ ਸਾਜੀ ਸ੍ਰਿਸ਼ਟੀ ਹੈ। ਸਿੱਖ ਰਹੱਸਵਾਦ ਪ੍ਰਭੂ ਦੀ ਏਕਤਾ ਅਤੇ ਉਸ ਦੇ ਆਦਿ, ਮੱਧ ਅਤੇ ਅੰਤ ਤੱਕ ਸੱਚ ਹੋਣ ਭਾਵ ਸਦੀਵੀ ਹੋਣ ਤੇ ਅਧਾਰਤ ਹੈ ਜਿਸਦਾ ਪ੍ਰਤੀਪਾਦਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਇਆ ਮਿਲਦਾ ਹੈ।

---

[53] ਡਾ. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ-112.

ਗੁਰਬਾਣੀ ਵਿਚ ਬ੍ਰਹਮ ਦੇ ਦੋਹਾਂ ਰੂਪਾਂ ਨਿਰਗੁਣ ਅਤੇ ਸਰਗੁਣ ਨੂੰ ਮਾਨਤਾ ਦਿੱਤੀ ਗਈ ਹੈ। ਬ੍ਰਹਮ ਦੀ ਇਹ ਸਰਵਵਿਆਪਕਤਾ ਈਸ਼ਵਰਵਾਦੀ ਰਹੱਸਵਾਦ ਦਾ ਸਮਰਥਨ ਕਰਦੀ ਹੈ ਨਾ ਕਿ ਵਿਰੋਧ ਕਿਉਂਕਿ ਇਹ ਨਿਰਗੁਣ ਅਤੇ ਸਰਗੁਣ ਹੋਣ ਦੀ ਦੈਵੀ ਖੇਡ ਈਸ਼ਵਰ ਦੇ ਹੁਕਮ ਅਨੁਸਾਰ ਹੁੰਦੀ ਹੈ।

ਸਿੱਖ ਰਹੱਸਵਾਦ ਦਾ ਇਕ ਪੱਖ ਬ੍ਰਹਮ ਤੇ ਦੂਜਾ ਪੱਖ ਜੀਵ ਅਤੇ ਸ੍ਰਿਸ਼ਟੀ ਦੀ ਰਚਨਾ ਨਾਲ ਸਬੰਧ ਰੱਖਦਾ ਹੈ। ਮਨੁੱਖੀ ਜਨਮ ਨੂੰ ਸ੍ਰਿਸ਼ਟੀ ਦਾ ਦੁਰਲਭ ਤੇ ਅਨਮੋਲ ਜਨਮ ਮੰਨਿਆ ਗਿਆ ਹੈ ਕਿਉਂਕਿ ਇਸ ਜਨਮ ਵਿਚ ਹੀ ਮਨੁੱਖ ਆਤਮਿਕ ਸ਼ੁੱਧੀ ਰਾਹੀਂ ਬ੍ਰਹਮ ਨਾਲ ਅਭੇਦਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਅਭੇਦਤਾ ਸਿੱਖ ਧਰਮ ਵਿਚ ਸਭ ਤੋਂ ਉੱਤਮ ਰਸਤਾ ਨਾਮ ਸਿਮਰਨ ਹੀ ਦੱਸਿਆ ਗਿਆ ਹੈ। ਆਤਮਿਕ ਅਨੁਭਵ ਨੂੰ ਪਾਉਣ ਲਈ ਸਿੱਖ ਧਰਮ ਵਿਚ ਨਾਮ ਸਿਮਰਨ ਨੂੰ ਮੁੱਖ ਤੇ ਕੇਂਦਰੀ ਤੱਤ ਮੰਨਿਆ ਗਿਆ ਹੈ। 'ਗੁਰਮਤਿ ਚਿੰਤਨ ਵਿਚ ਨਾਮ ਸਿਮਰਨ ਦੀ ਮਹੱਤਤਾ ਤੇ ਲੋੜ ਨੂੰ ਧਿਆਨ ਵਿਚ ਰੱਖ ਕੇ ਹੀ ਵਿਦਵਾਨਾਂ ਨੇ ਗੁਰਮਤਿ ਰਹੱਸਵਾਦ ਨੂੰ ਨਾਮ ਸਿਮਰਨ ਰਹੱਸਵਾਦ ਆਖਿਆ ਹੈ।'[54]

ਰਹੱਸਵਾਦ ਨੂੰ ਵਿਦਵਾਨਾਂ ਨੇ ਦੋ ਪ੍ਰਕਾਰ ਦਾ ਮੰਨਿਆ ਹੈ – ਇਕ ਗਿਆਨ ਆਧਾਰਿਤ ਹੈ ਜਿਸਨੂੰ ਦਾਰਸ਼ਨਿਕ ਰਹੱਸਵਾਦ ਕਿਹਾ ਜਾਂਦਾ ਹੈ ਅਤੇ ਦੂਜਾ ਪ੍ਰੇਮ ਆਧਾਰਿਤ ਹੈ ਜਿਸਨੂੰ ਭਾਵਾਤਮਕ ਰਹੱਸਵਾਦ ਦਾ ਨਾਂ ਦਿੱਤਾ ਜਾਂਦਾ ਹੈ। ਗੁਰਬਾਣੀ ਵਿਚ ਜਿਸ ਰਹੱਸਵਾਦ ਦਾ ਚਿਤ੍ਰਣ ਹੋਇਆ ਹੈ ਉਹ ਨਿਸ਼ਚੈ ਹੀ ਭਾਵਾਤਮਕ ਅਥਵਾ ਪ੍ਰੇਮ ਅਧਾਰਿਤ ਹੈ। ਗੁਰਮਤਿ ਭਗਤੀ ਅਸਲ ਵਿਚ ਹੈ ਹੀ ਪ੍ਰੇਮ ਭਗਤੀ ਜਾਂ ਭਾਉ ਭਗਤੀ।[55] ਸੁਰਿੰਦਰ ਸਿੰਘ ਕੋਹਲੀ ਵੀ ਨਾਮ ਨੂੰ ਗੁਰਮਤਿ ਰਹੱਸਵਾਦ ਦਾ ਧੁਰਾ ਸਵੀਕਾਰ ਕਰਦੇ ਹਨ। ਉਹ ਗੁਰੂ ਨਾਨਕ ਦੇਵ ਜੀ ਦੇ ਰਹੱਸਵਾਦ ਨੂੰ ਪ੍ਰੇਮ ਰਹੱਸਵਾਦ ਕਹਿੰਦੇ ਹਨ ਜਿਸ ਦੀ ਪ੍ਰਾਪਤੀ ਲਈ ਗੁਰੂ ਤੇ ਨਾਮ ਮਹੱਤਵਪੂਰਨ ਹਨ।[56]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਰਹੱਸਵਾਦ ਅਨੁਸਾਰ ਮਨੁੱਖ ਦੀ ਆਤਮਿਕ ਸ਼ੁੱਧੀ ਲਈ ਨਾਮ ਸਿਮਰਨ ਬਹੁਤ ਜ਼ਰੂਰੀ ਹੈ। ਮਨੁੱਖ ਦੇ ਜਨਮ ਲੈਣ ਦਾ ਮੁੱਖ ਉਦੇਸ਼ ਹੀ ਨਾਮ ਸਿਮਰਨ ਹੈ। ਨਾਮ ਸਿਮਰਨ ਲਈ ਜੋ ਤੱਤ ਜ਼ਰੂਰੀ ਮੰਨੇ ਗਏ ਹਨ ਉਹ ਹਨ

---

[54] ਬਲਕਾਰ ਸਿੰਘ, ਸਿੱਖ ਰਹੱਸਵਾਦ ਅਨੁਭੂਤੀ ਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਿਕ ਅਧਿਐਨ, ਪੰਨਾ–52.
[55] ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨਾ–410.
[56] Surinder Singh Kohli, Philosophy of Guru Nanak, p. 63.

ਪ੍ਰਭੂ ਮਿਲਾਪ ਦੀ ਤਾਂਘ, ਪ੍ਰਭੂ ਪ੍ਰੇਮ, ਸਾਧ ਸੰਗਤ ਤੇ ਗੁਰੂ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਗਿਆ ਹੈ:

ਪ੍ਰਭ ਮਿਲਣੈ ਕੀ ਏਹ ਨੀਸਾਣੀ॥
ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 106)

ਇਸੇ ਤਰ੍ਹਾਂ ਸਿੱਖ ਧਰਮ ਵਿਚ ਰਹੱਸਮਈ ਅਨੁਭਵ ਲਈ ਅਨੇਕਾਂ ਸੰਕਲਪਾਂ ਨੂੰ ਪੌੜੀਆਂ ਦੀ ਤਰ੍ਹਾਂ ਦੱਸਿਆ ਹੈ। ਜਿਨ੍ਹਾਂ ਪੌੜੀਆਂ ਤੇ ਚੜ੍ਹ ਕੇ ਮਨੁੱਖ ਆਤਮਿਕ ਅਨੁਭਵ ਜਾਂ ਰਹੱਸਵਾਦੀ ਦੀ ਉੱਚੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ।

ਸਿੱਖ ਰਹੱਸਵਾਦ ਦਾ ਸਰੂਪ ਜਪੁਜੀ ਸਾਹਿਬ ਵਿਚ ਦਿੱਤੇ ਪੰਜ ਖੰਡਾਂ ਵਿਚ ਵੀ ਸਪਸ਼ਟ ਦੇਖਿਆ ਜਾ ਸਕਦਾ ਹੈ।

**I. ਧਰਮ ਖੰਡ:**

ਇਸ ਖੰਡ ਵਿਚ ਪਰਮਾਤਮਾ ਦੇ ਸੱਚੇ ਦਰਬਾਰ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਚੌਂਤੀਵੀਂ ਪਉੜੀ ਦੀਆਂ ਪਹਿਲੀਆਂ ਪੰਕਤੀਆਂ ਵਿਚ ਪਰਮਾਤਮਾ ਦੀ ਸਰਬਸ਼ਕਤੀਮਾਨਤਾ ਬਾਰੇ ਸੂਚਨਾ ਪ੍ਰਦਾਨ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਨੇ ਦਿਨ ਰਾਤ, ਰੁੱਤਾਂ, ਖਿੱਤਾ, ਵਾਰ, ਪੌਣ ਪਾਣੀ, ਅਗਨੀ ਅਤੇ ਪਤਾਲ ਲੋਕ ਦੀ ਸਿਰਜਣਾ ਕਰਕੇ ਧਰਤੀ ਨੂੰ ਮਨੁੱਖ ਦੇ ਰਹਿਣ ਲਈ ਇਕ ਧਰਮਸ਼ਾਲਾ ਵਾਂਗ ਸਾਜਿਆ ਹੈ। ਪਰਮਾਤਮਾ ਚਾਹੁੰਦਾ ਹੈ ਕਿ ਮਨੁੱਖ ਇਸ ਧਰਮਸ਼ਾਲਾ ਵਿਚ ਰਹਿੰਦੇ ਹੋਏ ਮਨੁੱਖੀ ਧਰਮ ਦਾ ਪੂਰੀ ਤਰ੍ਹਾਂ ਪਾਲਣ ਕਰਨ। ਮਨੁੱਖ ਨੂੰ ਕਰਮਾਂ ਅਨੁਸਾਰ ਹੀ ਪਰਮਾਤਮਾ ਦੇ ਦਰਬਾਰ ਵਿਚ ਫਲ ਮਿਲੇਗਾ। ਗੁਰੂ ਨਾਨਕ ਦੇਵ ਜੀ ਨੇ ਧਰਮ ਖੰਡ ਨੂੰ ਇਰਾਦਾ ਸ਼ਕਤੀ ਦੀ ਸਹਾਇਤਾ ਨਾਲ ਮਨੁੱਖੀ ਫ਼ਰਜ਼ ਪਾਲਣ ਦੀ ਅਵਸਥਾ ਦੱਸਿਆ ਹੈ।

**II. ਗਿਆਨ ਖੰਡ:**

ਧਰਮ ਖੰਡ ਵਿਚ ਪਰਮਾਤਮਾ ਦੇ ਸੱਚੇ ਦਰਬਾਰ ਦਾ ਜੋ ਚਿੱਤਰ ਪੇਸ਼ ਕੀਤਾ ਗਿਆ ਸੀ, ਗਿਆਨ ਖੰਡ ਵਿਚ ਉਸ ਚਿੱਤਰ ਦਾ ਹੋਰ ਪਾਸਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਇੱਥੇ ਦੱਸਿਆ ਗਿਆ ਹੈ ਕਿ ਪਰਮਾਤਮਾ ਦੇ ਦਰਬਾਰ ਵਿਚ ਜਿੰਨੇ ਵੀ ਦੇਵੀ-ਦੇਵਤੇ, ਸਿੱਧ ਪੁਰਖ, ਸੰਤ, ਭਗਤ ਅਤੇ ਪ੍ਰਕਿਰਤੀ ਦੀਆਂ ਪ੍ਰਮੁੱਖ ਸ਼ਕਤੀਆਂ ਹਾਜ਼ਰ ਰਹਿੰਦੀਆਂ ਹਨ, ਇਹਨਾਂ ਸਭ

ਦਾ ਸਿਰਜਕ ਤੇ ਸੰਚਾਲਕ ਪਰਮਾਤਮਾ ਹੈ। ਗਿਆਨ ਖੰਡ ਵਿਚ ਪਹੁੰਚ ਕੇ ਮਨੁੱਖ ਨੂੰ ਇਹ ਸੋਝੀ ਹੁੰਦੀ ਹੈ ਕਿ ਪ੍ਰਭੂ ਦੀ ਵਿਸ਼ਾਲ ਤੇ ਬਚਿੱਤਰ ਲੀਲਾ ਵਿਚ ਉਸਦੀ ਹਸਤੀ ਨਿਗੁਣੀ ਜਿਹੀ ਹੈ। ਇਸ ਖੰਡ ਵਿਚ ਮਨੁੱਖ ਨੂੰ ਬ੍ਰਹਮ ਦੇ ਸਰੂਪ ਦਾ ਗਿਆਨ ਹੁੰਦਾ ਹੈ।

**III. ਸਰਮ ਖੰਡ:**

ਇਹ ਖੰਡ ਅਧਿਆਤਮਿਕ ਸੱਚਾਈ ਦਾ ਮੰਡਲ ਹੈ ਜਿਥੇ ਮਨੁੱਖੀ ਚੇਤਨਾ ਦਾ ਪੁਨਰ ਨਿਰਮਾਣ ਹੁੰਦਾ ਹੈ। ਇਥੇ ਸੁਰਤ, ਮਨ, ਬੁੱਧੀ ਦੀ ਨਵੀਂ ਘਾੜਤ ਘੜੀ ਜਾਂਦੀ ਹੈ। ਸਰਮ ਖੰਡ ਸ਼ਖ਼ਸੀਅਤ ਦੇ ਅੰਗਾਂ ਨੂੰ ਨਵੇਂ ਸਿਰਿਉਂ ਹੁਕਮ ਦੇ ਸਾਂਚੇ ਵਿਚ ਢਾਲਣ ਦੀ ਅਵਸਥਾ ਹੈ। ਇਹ ਸਾਰੀ ਜਾਗ੍ਰਿਤੀ ਸਿਮਰਨ ਦੇ ਆਸਰੇ ਹੀ ਨਿਭਦੀ ਹੈ ਕਿਉਂਕਿ ਸਿਮਰਨ ਹੁਕਮ ਦੇ ਸੰਕਲਪ ਦੀ ਜੋਤ ਜਗਾਈ ਰੱਖਦਾ ਹੈ।

**IV. ਕਰਮ ਖੰਡ:**

ਨਵੀਂ ਸੁਰਤੀ ਤੇ ਆਤਮਿਕ ਬਲ ਨਾਲ ਭਰਪੂਰ ਵਿਅਕਤੀ ਕਰਮ ਖੰਡ ਵਿਚ ਪ੍ਰਵੇਸ਼ ਹੁੰਦਾ ਹੈ। ਇਸ ਖੰਡ ਵਿਚ ਅਜਿਹੇ ਮਹਾਂਬਲੀ ਯੋਧੇ ਤੇ ਭਗਤ ਪਹੁੰਚਦੇ ਹਨ ਜਿਨ੍ਹਾਂ ਦੇ ਮਨ ਵਿਚ ਪਰਮਾਤਮਾ ਦੇ ਨਾਮ ਦੀ ਜੋਤੀ ਸਦਾ ਚਲਦੀ ਰਹਿੰਦੀ ਹੈ। ਇਸ ਖੰਡ ਵਿਚ ਪਹੁੰਚ ਕੇ ਮਨੁੱਖ ਦੈਵੀ ਗੁਣਾਂ ਵਿਚ ਪੂਰੀ ਤਰ੍ਹਾਂ ਰੰਗਿਆ ਜਾਂਦਾ ਹੈ। ਉਹਨਾਂ ਨੂੰ ਆਨੰਦ ਦੀ ਪ੍ਰਾਪਤ ਹੋ ਜਾਂਦੀ ਹੈ ਅਤੇ ਸੱਚੇ ਪਰਮਾਤਮਾ ਨੂੰ ਆਪਣੇ ਮਨ ਵਿਚ ਵਸਾ ਕੇ ਉਹ ਪਰਮਾਨੰਦ ਦੀ ਅਵਸਥਾ ਵਿਚ ਅਡੋਲ ਟਿਕੇ ਰਹਿੰਦੇ ਹਨ।

**V. ਸੱਚ ਖੰਡ:**

ਸਚਖੰਡ ਆਤਮਿਕ ਅਵਸਥਾ ਦੀ ਸਭ ਤੋਂ ਉੱਚੀ ਅਵਸਥਾ ਹੈ। ਇਹ ਖੰਡ ਪਰਮਾਤਮਾ ਦਾ ਸਥਾਈ ਟਿਕਾਣਾ ਹੈ। ਇਥੋਂ ਹੀ ਉਹ ਜੀਵਨ ਦੀ ਅਨਿਕ ਮੁਖੀ ਲੀਲਾ ਸੰਚਾਲਿਤ ਕਰਦਾ ਹੈ। ਇਸ ਖੰਡ ਵਿਚ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ।

ਇਸ ਤਰ੍ਹਾਂ ਸਿੱਖ ਰਹੱਸਵਾਦ ਬ੍ਰਹਮ ਦੀ ਹੋਂਦ, ਅਕਾਰ ਅਤ ਵਰਤਾਰੇ ਦਾ ਰਹੱਸ ਹੈ। ਸਮੁੱਚੀ ਗੁਰਬਾਣੀ ਵਿਚ ਮੂਲ ਰਹੱਸ ਬ੍ਰਹਮ ਅਤੇ ਅਗਲੇ ਰਹੱਸ ਬ੍ਰਹਮ ਦੀ ਰਚਨਾ ਸ੍ਰਿਸ਼ਟੀ ਤੇ ਸ੍ਰਿਸ਼ਟੀ ਦਾ ਅੰਗ ਜੀਵ ਹੈ। ਗੁਰਮਤਿ ਰਹੱਸਵਾਦ ਜੀਵ ਨੂੰ ਬ੍ਰਹਮ ਨਾਲ ਅਭੇਦਤਾ ਦਾ ਰਸਤਾ ਦਿਖਾਉਂਦਾ ਹੈ।

# ਅਧਿਆਇ - ਦੂਜਾ

## ਸੁਖਮਨੀ ਸਾਹਿਬ: ਇਕ ਆਮ ਪਰਿਚੈ

### 2.1 ਗੁਰੂ ਅਰਜਨ ਦੇਵ ਜੀ : ਜੀਵਨ ਤੇ ਰਚਨਾ

### 2.1.1 ਜਨਮ ਅਤੇ ਮਾਤਾ-ਪਿਤਾ

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹਨ। ਉਹਨਾਂ ਦਾ ਜਨਮ 15 ਅਪ੍ਰੈਲ 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ। ਆਪ ਜੀ ਦੇ ਪਿਤਾ ਗੁਰੂ ਰਾਮਦਾਸ ਜੀ ਸਨ ਜੋ ਕਿ ਸਿੱਖਾਂ ਦੇ ਚੌਥੇ ਗੁਰੂ ਹਨ ਅਤੇ ਮਾਤਾ ਭਾਨੀ ਜੀ ਸਨ। ਗੁਰੂ ਅਰਜਨ ਦੇਵ ਜੀ ਦੇ ਜਨਮ ਦੇ ਸਮੇਂ ਬਾਰੇ ਵਿਦਵਾਨਾਂ ਵਿਚ ਸਹਿਮਤੀ ਨਹੀਂ ਮਿਲਦੀ। ਕੁਝ ਵਿਦਾਵਾਨਾਂ ਅਨੁਸਾਰ ਗੁਰੂ ਜੀ ਦਾ ਜਨਮ 1553 ਈ: ਦਾ ਹੈ ਪਰ ਕੁਝ ਵਿਦਵਾਨ ਗੁਰੂ ਜੀ ਦਾ ਜਨਮ 1563 ਈ: ਨੂੰ ਹੋਇਆ ਮੰਨਦੇ ਹਨ। ਤਰਕ ਦੇ ਅਧਾਰ ਤੇ ਵੇਖਿਆਂ ਪਤਾ ਲਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ: ਨੂੰ ਹੀ ਹੋਇਆ। ਡਾ. ਅੰਮ੍ਰਿਤ ਲਾਲ ਪਾਲ ਅਨੁਸਾਰ,

> '1610 ਬਿਕਰਮੀ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਜਨਮ 1553 ਈਸਵੀ ਬਣਦਾ ਹੈ ਪਰ ਉਨ੍ਹਾਂ ਨੇ ਤਾਂ ਕੇਵਲ 43 ਵਰ੍ਹੇ ਹੀ ਆਯੂ ਬਤੀਤ ਕੀਤੀ ਹੈ। ਇਸ ਲਈ ਸਾਡੀ ਜਾਚੇ ਬਾਵਨ ਅੱਖਰੀ ਦੇ ਰਚਣਹਾਰ, ਸ਼ਹੀਦਾਂ ਦੇ ਸਿਰਤਾਜ, ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸੰਪਾਦਕ, ਸ਼ਾਂਤੀ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸਿਖ ਮੱਤ ਦੇ ਚੌਥੇ ਗੁਰੂ ਗੁਰੂ ਰਾਮ ਦਾਸ ਜੀ ਦੇ ਘਰ, ਮਾਤਾ ਭਾਨੀ ਜੀ ਦੀ ਕੁੱਖ ਤੋਂ ਦਿਨ ਮੰਗਲਵਾਰ 19 ਵਿਸਾਖ ਸੰਮਤ 1620 ਬਿਕਰਮੀ ਅਥਵਾ 15 ਅਪ੍ਰੈਲ 1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ।'[1]

ਆਪ ਜੀ ਦੇ ਨਾਨਾ ਜੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਸਨ। 'ਗੁਰੂ ਅਰਜਨ ਦੇਵ ਜੀ ਦਾ ਬਚਪਨ ਗੋਇੰਦਵਾਲ ਵਿਚ ਹੀ ਗੁਜਰਿਆ। ਇਹਨਾਂ ਦੇ ਨਾਨਾ ਗੁਰੂ ਅਮਰਦਾਸ ਗੁਰੂ ਅੰਗਦ ਦੇਵ ਦੀ ਆਗਿਆ ਅਨੁਸਾਰ ਆਪਣੀ ਰਿਹਾਇਸ਼ ਗੋਇੰਦਵਾਲ ਵਿਖੇ ਬਣਾ ਚੁੱਕੇ ਸਨ।'[2]

---

[1] ਡਾ. ਅੰਮ੍ਰਿਤ ਲਾਲ ਪਾਲ, ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ, ਪੰਨਾ-1.

[2] ਭਾਈ ਸੰਤੋਖ ਸਿੰਘ, ਗੁਰੂ ਪ੍ਰਤਾਪ ਸੂਰਜ, (ਪਦਾ 28 ਤੋਂ 37), ਪੰਨਾ-698.

ਗੁਰੂ ਅਰਜਨ ਦੇਵ ਜੀ ਬਚਪਨ ਵਿਚ ਜ਼ਿਆਦਾ ਸਮਾਂ ਆਪਣੇ ਨਾਨਾ ਜੀ ਗੁਰੂ ਅਮਰਦਾਸ ਜੀ ਕੋਲ ਹੀ ਰਹੇ ਸਨ। ਗੁਰੂ ਅਮਰਦਾਸ ਜੀ ਦਾ ਵੀ ਆਪਣੇ ਦੋਹਤੇ ਨਾਲ ਵੱਧ ਲਗਾਉ ਸੀ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ, 'ਅਰਜਨ ਦੇਵ ਆਪਣੇ ਨਾਨਕੇ ਪਿੰਡ ਜੰਮੇਂ ਤੇ ਨਾਨਾ ਗੁਰੂ ਅਮਰਦਾਸ ਦੀ ਗੋਦੀ ਵਿਚ ਪਲੇ। ਅਰਜਨ ਦੇਵ ਪਹਿਲੇ ਗੁਰੂ ਹਨ ਜਿਨ੍ਹਾਂ ਨੂੰ ਜਨਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ।'[3]

ਗੁਰੂ ਅਰਜਨ ਦੇਵ ਜੀ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਗੁਰੂ ਜੀ ਦੇ ਦੋ ਭਰਾ ਪ੍ਰਿਥੀ ਚੰਦ ਅਤੇ ਮਹਾਂਦੇਵ ਸਨ। ਪ੍ਰਿਥੀ ਚੰਦ ਚਲਾਕ ਕਿਸਮ ਦਾ ਵਿਅਕਤੀ ਸੀ ਜੋ ਗੁਰੂ ਜੀ ਨਾਲ ਈਰਖਾ ਕਰਦਾ ਸੀ। ਗੁਰੂ ਅਰਜਨ ਦੇਵ ਜੀ ਆਪਣੇ ਨਾਨਾ ਅਮਰਦਾਸ ਜੀ ਅਤੇ ਪਿਤਾ ਰਾਮਦਾਸ ਜੀ ਦੇ ਆਗਿਆਕਾਰੀ ਸਨ। ਪ੍ਰਿਥੀਚੰਦ ਨੂੰ ਇਸ ਗੱਲ ਦਾ ਡਰ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਪਿਤਾ ਵੱਲੋਂ ਗੁਰਗੱਦੀ ਨਾ ਦੇ ਦਿੱਤੀ ਜਾਵੇ। ਮਹਾਂਦੇਵ ਤਿਆਗੀ ਵਿਅਕਤੀ ਸੀ। ਉਸਨੂੰ ਦੁਨੀਆਂਦਾਰੀ ਬੰਧਨ ਲਗਦੀ ਸੀ। ਪਰ ਪ੍ਰਿਥੀ ਚੰਦ ਨੇ ਪਿਤਾ ਦੀ ਗੁਰਗੱਦੀ ਹਾਸਿਲ ਕਰਨ ਲਈ ਬਹੁਤ ਮਾੜੇ ਤਰੀਕੇ ਵੀ ਵਰਤੇ। ਗੁਰੂ ਅਰਜਨ ਦੇਵ ਜੀ ਬਚਪਨ ਤੋਂ ਹੀ ਨਿਮਰ ਸੁਭਾਅ ਦੇ ਮਾਲਕ ਸਨ। ਇਸ ਲਈ ਗੁਰੂ ਅਰਜਨ ਦੇਵ ਜੀ ਦੇ ਨਾਨਾ ਗੁਰੂ ਅਮਰਦਾਸ ਜੀ ਨੇ ਬਚਪਨ ਵਿਚ ਹੀ ਇਹਨਾਂ ਦੇ ਗੁਣਾਂ ਨੂੰ ਪਛਾਣ ਲਿਆ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਗੁਰੂ ਅਮਰਦਾਸ ਜੀ ਆਰਾਮ ਕਰ ਰਹੇ ਸਨ ਤਾਂ ਬਾਲ ਗੁਰੂ ਅਰਜਨ ਰਿੜ੍ਹਦੇ ਰਿੜ੍ਹਦੇ ਆਪ ਦੇ ਮੰਜੇ ਪਾਸ ਚਲੇ ਗਏ। ਮਾਤਾ ਭਾਨੀ ਜੀ ਨੇ ਝਟਪਟ ਅੱਗੇ ਹੋ ਕੇ ਬਾਲ ਗੁਰੂ ਅਰਜਨ ਨੂੰ ਰੋਕਣਾ ਚਾਹਿਆ ਤਾਂ ਜੋ ਗੁਰੂ ਅਮਰਦਾਸ ਜੀ ਆਰਾਮ ਵਿਚ ਵਿਘਣ ਨਾ ਪਵੇ ਪਰ ਗੁਰੂ ਅਮਰਦਾਸ ਜੀ ਨੇ ਦੋਹਿਤੇ ਬਾਲ ਅਰਜਨ ਨੂੰ ਬਾਹਾਂ ਵਿਚ ਚੁੱਕ ਲਿਆ ਅਤੇ ਪਿਆਰ ਕਰਦੇ ਹੋਏ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਦਿੱਤਾ। ਇਸੇ ਤਰ੍ਹਾਂ ਇਕ ਵਾਰ ਗੁਰੂ ਅਮਰਦਾਸ ਜੀ ਨੇ ਬਚਪਨ ਵਿਚ ਹੀ ਬਾਲ ਅਰਜਨ ਨੂੰ 'ਵਡ ਪੁਰਖ' ਦਾ ਵਰ ਦਿੱਤਾ ਜਿਸ ਘਟਨਾ ਦਾ ਬਿਆਨ ਡਾ. ਮਹਿੰਦਰ ਕੌਰ ਗਿੱਲ ਨੇ ਵੀ ਕੀਤਾ ਹੈ:

> 'ਗੁਰੂ ਅਰਜਨ ਦੇਵ ਜੀ ਬਚਪਨ ਵਿਚ ਹੀ ਨਿਰਭੈ ਅਤੇ ਲਾਉਬਾਲੀ ਬਿਰਤੀ ਵਾਲੇ ਸਨ। ਰਵਾਇਤ ਅਨੁਸਾਰ ਇਕ ਦਿਨ ਇਹਨਾਂ ਦੇ ਨਾਨਾ ਗੁਰੂ ਅਮਰਦਾਸ ਸਮਾਧੀ ਵਿਚ ਬੈਠੇ ਸਨ। ਬਾਲਕ ਅਰਜਨ ਦੀ ਗੇਂਦ ਖੇਡਦਿਆਂ ਹੋਇਆਂ ਨਾਨੇ ਦੇ ਕਮਰੇ ਵਿਚ ਜਾ ਪਈ। ਇਹ ਦੌੜ ਕੇ ਗਏ ਤੇ ਮੰਜੀ ਨੂੰ

[3] ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ, ਪੰਨਾ-12.

ਫੜਕੇ ਆਪਣੀ ਗੇਂਦ ਚੁੱਕ ਲਈ। ਮੰਜੀ ਹਿਲਣ ਤੇ ਨਾਨਾ ਜੀ ਦੀ ਬਿਰਤੀ ਉੱਖੜ ਗਈ ਤੇ ਸਹਿਜ ਸੁਭਾਅ ਬੱਚੇ ਦੀ ਇਸ ਅਭੋਲ ਹਰਕਤ ਨੂੰ ਵੇਖ ਕੇ 'ਇਹ ਵਡ ਪੁਰਖ ਹੈ ਭਾਰੀ, ਇਸ ਮੰਜੀ ਹਲਾਈ ਅਸਾਡੀ ਸਾਰੀ' ਦਾ ਬਚਨ ਕੀਤਾ।'[4]

ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਉਪਰ ਮਾਤਾ ਭਾਨੀ ਜੀ ਦੇ ਪਵਿੱਤਰ ਤੇ ਧਾਰਮਿਕ ਵਿਚਾਰਾਂ ਦਾ ਅਤੇ ਨਾਨਾ ਗੁਰੂ ਅਮਰਦਾਸ ਜੀ ਦੇ ਅਧਿਆਤਮਕ ਜੀਵਨ ਦਾ ਡੂੰਘਾ ਪ੍ਰਭਾਵ ਪਿਆ। ਇਸ ਕਾਰਨ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਵਿਚ ਨੇਕੀ, ਨਿਰਮਤਾ, ਸਹਿਣਸ਼ੀਲਤਾ, ਖਿਮਾ ਜਿਹੇ ਦੈਵੀ ਗੁਣ ਸਹਿਜੇ ਹੀ ਸਮਾ ਗਏ।

### 2.1.2 ਵਿੱਦਿਆ:

ਗੁਰੂ ਅਰਜਨ ਦੇਵ ਜੀ ਇਕ ਉੱਚ ਕੋਈ ਦੇ ਵਿਦਵਾਨ ਸਨ। ਆਪ ਜੀ ਦੇ ਜੀਵਨ ਅਤੇ ਰਚਨਾਵਾਂ ਤੋਂ ਵਿੱਦਿਆ ਪ੍ਰਾਪਤੀ ਬਾਰੇ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਘਰ ਦਾ ਧਾਰਮਿਕ ਚੌਗਿਰਦਾ ਹੋਣ ਕਾਰਨ ਆਪ ਜੀ ਨੂੰ ਧਾਰਮਿਕ ਸਦਾਚਾਰਕ ਤੇ ਅਧਿਆਤਮਿਕ ਸਿੱਖਿਆ ਆਪਣੇ ਨਾਨਾ ਗੁਰੂ ਅਮਰਦਾਸ ਜੀ, ਪਿਤਾ ਗੁਰੂ ਰਾਮਦਾਸ ਜੀ ਤੇ ਮਾਤਾ ਭਾਨੀ ਜੀ ਤੋਂ ਵਿਰਾਸਤ ਵਿਚ ਹੀ ਮਿਲੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਨਾਨਾ ਗੁਰੂ ਅਮਰਦਾਸ ਜੀ ਦੀ ਹਿਦਾਇਤ ਅਨੁਸਾਰ ਬਾਬਾ ਬੁੱਢਾ ਜੀ ਤੋਂ ਗੁਰਮੁਖੀ ਦੇ ਅੱਖਰ ਸਿੱਖੇ ਅਤੇ ਗੁਰਬਾਣੀ ਦਾ ਅਧਿਐਨ ਕੀਤਾ। ਸੰਸਕ੍ਰਿਤ ਅਤੇ ਦੇਵਨਾਗਰੀ ਦੀ ਵਿੱਦਿਆ ਪਿੰਡ ਦੀ ਚਾਟਸਾਲ ਵਿਚ ਪਾਂਧਾ ਕੇਸ਼ੋ ਅਤੇ ਗੋਪਾਲ ਪਾਸੋਂ ਹਾਸਿਲ ਕੀਤੀ। ਗੁਰੂ ਜੀ ਨੇ ਫ਼ਾਰਸੀ ਆਪਣੇ ਪਿੰਡ ਦੇ ਸਰਕਾਰੀ ਮਕਤਬੇ ਵਿਚ ਹਾਸਿਲ ਕੀਤੀ। ਗੁਰਮੁਖ ਸਿੰਘ ਅਨੁਸਾਰ ਵੀ,

> 'ਵਿੱਦਿਆ ਗੁਰੂ ਜਾਂ ਮਕਤਬ ਭਾਵੇਂ ਕੋਈ ਵੀ ਹੋਵੇ, ਇਹ ਤੱਥ ਆਪਣੀ ਬਾਣੀ ਦੇ ਅਧਿਐਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਲਾ ਤੋਂ ਭਲੀ-ਭਾਂਤ ਸਿੱਧ ਹੋ ਜਾਂਦਾ ਹੈ ਕਿ ਆਪ ਨੇ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਪੰਜਾਬੀ, ਬ੍ਰਜ ਅਤੇ ਸੰਸਕ੍ਰਿਤ ਭਾਸ਼ਾਵਾਂ, ਵਿਆਕਰਣ, ਛੰਦ-ਸ਼ਾਸਤਰ ਅਤੇ ਸੰਗੀਤ ਦਾ ਗੂੜ੍ਹਾ ਗਿਆਨ ਪ੍ਰਾਪਤ ਕਰ ਲਿਆ ਸੀ। ਆਪ ਦੀ ਬਾਣੀ ਵਿਚ ਸਮੁੱਚੇ ਰੂਪ ਵਿਚ ਵਿਸ਼ੇਸ਼ ਕਰਕੇ ਸਲੋਕ, ਸੰਸਕ੍ਰਿਤੀ ਅਤੇ ਸੰਸਕ੍ਰਿਤੀ ਦਾ ਤਤਸਮ ਸ਼ਬਦ ਭੰਡਾਰ ਆਪ ਜੀ ਦੇ ਗੂੜ੍ਹ ਸੰਸਕ੍ਰਿਤ ਗਿਆਨ ਦੀ ਸਾਖੀ

[4] ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ, ਪੰਨਾ-12-13.

ਭਰਦਾ ਹੈ ਕੇਵਲ ਇਹ ਹੀ ਨਹੀਂ ਸਗੋਂ ਦਰਸ਼ਨ ਦੇ ਖੇਤਰ ਵਿਚ ਆਪ ਨੇ ਬਹੁਤ ਸਾਰੇ ਸ਼ਾਸਤਰ ਅਤੇ ਸਿਮਰਤੀਆਂ ਦਾ ਚੰਗੀ ਤਰ੍ਹਾਂ ਅਧਿਐਨ ਕਰ ਲਿਆ ਸੀ।'[5]

ਸੋ ਗੁਰੂ ਅਰਜਨ ਦੇਵ ਜੀ ਨੂੰ ਅਨੇਕਾਂ ਭਾਸ਼ਾਵਾਂ ਦਾ ਗਿਆਨ ਸੀ। ਆਪ ਜੀ ਦੀਆਂ ਰਚਨਾਵਾਂ ਵਿਚ ਗੁਰਮੁਖੀ ਦੇ ਨਾਲ-ਨਾਲ ਹਿੰਦੀ, ਸੰਸਕ੍ਰਿਤ, ਫ਼ਾਰਸੀ ਦੇ ਸ਼ਬਦ ਵੀ ਵੱਡੀ ਮਾਤਰਾ ਵਿਚ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਨੂੰ ਰਾਗਾਂ ਦਾ ਵੀ ਡੂੰਘਾ ਗਿਆਨ ਸੀ। ਇਸ ਬਾਰੇ ਡਾ. ਅੰਮ੍ਰਿਤ ਲਾਲ ਪਾਲ ਵੀ ਲਿਖਦੇ ਹਨ ਕਿ,

'ਗੁਰੂ ਅਰਜਨ ਦੇਵ ਜੀ ਦਾ ਜਿੱਥੇ ਵਿੱਦਿਆ ਤੇ ਪੂਰਾ ਪੂਰਾ ਅਧਿਕਾਰ ਸੀ, ਉਥੇ ਆਪ ਜੀ ਨੂੰ ਰਾਗਾਂ ਅਤੇ ਹੋਰ ਧਰਮਾਂ ਦਾ ਸੂਖ਼ਮ, ਡੂੰਘਾ ਤੇ ਵਿਸ਼ਾਲ ਗਿਆਨ ਵੀ ਸੀ। ਉਹ ਜਨਸਾਧਾਰਣ ਨੂੰ ਕੀਲ ਕੇ ਰੱਖ ਦੇਣ ਵਾਲਾ ਸੁੰਦਰ ਕੀਰਤਨ ਵੀ ਕਰ ਲੈਂਦੇ ਸਨ ਅਤੇ ਆਪ ਨੇ ਸਿਰੰਦਾ ਵਜਾ ਕੇ ਸਿੱਖਾਂ ਵਿਚ ਆਪ ਮਧੁਰ ਕੀਰਤਨ ਕਰਨ ਦੀ ਪਿਰਤ ਪਾਈ।'[6]

ਸੋ ਗੁਰੂ ਅਰਜਨ ਦੇਵ ਜੀ ਉੱਘੇ ਸਾਹਿਤਕਾਰ, ਕਵੀ, ਚਿੱਤਰਕਾਰ, ਉੱਚ ਕੋਟੀ ਦੇ ਘੋੜ ਸਵਾਰ ਅਤੇ ਅਧਿਆਤਮਕ ਵਿਦਿਆ ਦੇ ਗਿਆਤਾ ਸਨ। ਉਹਨਾਂ ਦੀ ਕਈ ਭਾਸ਼ਾਵਾਂ ਉੱਤੇ ਪਕੜ ਸੀ।

### 2.1.3 ਵਿਆਹ:

ਗੁਰੂ ਅਰਜਨ ਦੇਵ ਜੀ ਦੇ ਵਿਆਹ ਦੇ ਸਮੇਂ ਲਈ ਵਿਦਵਾਨਾਂ ਵਿਚ ਮੱਤਭੇਦ ਹੈ। ਗੁਰੂ ਅਰਜਨ ਦੇਵ ਜੀ ਦੇ ਦੋ ਵਿਆਹ ਸਨ। ਗੁਰੂ ਜੀ ਦਾ ਪਹਿਲਾ ਵਿਆਹ ਪਿੰਡ ਮੌੜ (ਜਿਸਨੂੰ ਮਰੂਆ ਵੀ ਕਿਹਾ ਜਾਂਦਾ ਸੀ) ਦੇ ਖੱਤਰੀ ਜਾਤੀ ਦੇ ਚੰਦਨ ਦਾਸ ਦੀ ਲੜਕੀ ਰਾਮ ਦੇਵੀ ਨਾਲ ਹੋਇਆ। ਸੰਤਾਨ ਨਾ ਹੋਦ ਕਾਰਨ ਅਤੇ ਰਾਮ ਦੇਵੀ ਦੇ ਅਕਾਲ ਚਲਾਣੇ ਕਾਰਨ ਗੁਰੂ ਜੀ ਦੀ ਦੂਸਰੀ ਸ਼ਾਦੀ 1646 ਵਿਚ ਪਿੰਡ 'ਮਾਊ' ਜ਼ਿਲ੍ਹਾ ਜਲੰਧਰ ਵਿਖੇ ਕਿਸ਼ਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਨਾਲ ਹੋਈ। ਦੂਸਰੀ ਸ਼ਾਦੀ ਦੇ ਕਈ ਸਾਲ ਬਾਅਦ ਵੀ ਗੁਰੂ ਜੀ ਦੇ ਘਰ ਸੰਤਾਨ ਪੈਦਾ ਨਾ ਹੋਈ ਤਾਂ ਗੁਰੂ ਜੀ ਨੇ ਆਪਣ ਵੱਡੇ ਭਰਾ ਪ੍ਰਿਥੀ ਚੰਦ ਦੇ ਸਪੁੱਤਰ ਮਿਹਰਬਾਨ ਨੂੰ ਗੋਦ ਲੈ ਲਿਆ। 1652 ਵਿਚ ਮਾਤਾ ਗੰਗਾ ਦੇਵੀ ਜੀ ਦੀ ਕੁੱਖੋਂ ਹਰਗੋਬਿੰਦ

[5] ਗੁਰਮੁਖ ਸਿੰਘ, ਗੁਰੂ ਅਰਜਨ ਦੇਵ ਜੀ: ਜੀਵਨ, ਦਰਸ਼ਨ ਅਤੇ ਬਾਣੀ, ਪੰਨਾ-(ii).
[6] ਡਾ. ਅੰਮ੍ਰਿਤ ਲਾਲ ਪਾਲ, ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ, ਪੰਨਾ-8.

ਜੀ ਦਾ ਜਨਮ ਹੋਇਆ ਜੋ ਸਿੱਖਾਂ ਦੇ ਛੇਵੇਂ ਗੁਰੂ ਹੋਏ ਹਨ। ਪਿੰਡ 'ਮਾਉ' ਵਿਖੇ ਗੁਰੂ ਜੀ ਦੇ ਦੂਜੇ ਵਿਆਹ ਦੀ ਯਾਦਗਾਰ ਮਹਾਨ ਇਤਿਹਾਸਕ ਗੁਰਦੁਆਰਾ ਹੈ ਜਿਥੇ ਹਰ ਸਾਲ ਗੁਰੂ ਅਰਜਨ ਦੇਵ ਜੀ ਦੇ ਵਿਆਹ ਦੀ ਪਵਿੱਤਰ ਯਾਦ ਵਿਚ ਮੇਲਾ ਲਗਦਾ ਹੈ। ਇਸ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਗੁਰੂ ਜੀ ਦੇ ਕੱਪੜੇ (ਇਕ ਕਮੀਜ਼, ਪਜਾਮਾ ਤੇ ਪਰਨਾ) ਜੋ ਵਿਆਹ ਸਮੇਂ ਪਹਿਨੇ ਸਨ, ਸੁਸ਼ੋਭਿਤ ਹਨ।

### 2.1.4 ਗੁਰਗੱਦੀ:

ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪਿਤਾ ਗੁਰੂ ਰਾਮਦਾਸ ਜੀ ਪਾਸੋਂ 1581 ਈ. (1638 ਬਿਕਰਮੀ ਸੰਮਤ) ਨੂੰ ਗੁਰਗੱਦੀ ਪ੍ਰਾਪਤ ਹੋਈ। ਡਾ. ਸੁਖਦਿਆਲ ਸਿੰਘ ਵੀ ਇਸ ਬਾਰੇ ਸਪਸ਼ਟ ਕਰਦੇ ਹਨ ਕਿ,

> 'He worked as the Guru for 25 years. When he assumed the guruship in 1581 there was rule of Akbar, The Great, but the during last two years of his life, there was rule of Jahangir.'[7]

ਗੁਰੂ ਜੀ ਨੂੰ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਹੋਣ ਕਾਰਨ ਗੁਰਗੱਦੀ ਲਈ ਵੱਡੇ ਭਰਾਵਾਂ ਵੱਲੋਂ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਗੁਰੂ ਅਰਜਨ ਦੇਵ ਜੀ ਦੇ ਨਾਨਾ ਗੁਰੂ ਅਮਰਦਾਸ ਜੀ ਅਤੇ ਗੁਰੂ ਪਿਤਾ ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਦੀ ਨਿਮਰਤਾ ਤੇ ਸਹਿਣਸ਼ੀਲਤਾ ਵਾਲੇ ਸੁਭਾਅ ਕਾਰਨ ਸੁਰੂ ਤੋਂ ਹੀ ਇਹਨਾਂ ਨੂੰ ਗੁਰਗੱਦੀ ਲਈ ਯੋਗ ਸਮਝਦੇ ਸਨ। ਇਸ ਕਾਰਨ ਗੁਰੂ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਨਾਲ ਈਰਖਾ ਕਰਦਾ ਸੀ। ਪਰ ਗੁਰੂ ਪਿਤਾ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਦੀ ਗੁਰਗੱਦੀ ਲਈ ਪ੍ਰੀਖਿਆ ਕਈ ਵਾਰ ਲੈ ਚੁੱਕੇ ਸਨ ਜਿਸ ਵਿਚੋਂ ਗੁਰੂ ਜੀ ਯੋਗ ਪਾਏ ਗਏ। ਕਿਹਾ ਜਾਂਦਾ ਹੈ ਕਿ ਇਕ ਵਾਰ ਲਹੌਰ ਗੁਰੂ ਰਾਮਦਾਸ ਜੀ ਦੇ ਤਾਇਆ ਸੰਹਾਰੀ ਮੱਲ ਦੇ ਵੱਡੇ ਲੜਕੇ ਦੀ ਸ਼ਾਦੀ ਦਾ ਨਿਉਤਾ ਆਇਆ। ਗੁਰੂ ਰਾਮਦਾਸ ਜੀ ਕਹਿਣ ਤੇ ਵੀ ਪ੍ਰਿਥੀ ਚੰਦ ਅਤੇ ਮਹਾਂਦੇਵ ਜਾਣ ਤੋਂ ਇਨਕਾਰ ਕਰ ਚੁੱਕੇ ਸਨ ਕਿਉਂਕਿ ਪ੍ਰਿਥੀ ਚੰਦ ਨੂੰ ਡਰ ਸੀ ਕਿ ਗੁਰੂ ਪਿਤਾ ਉਸਦੇ ਲਾਹੌਰ ਜਾਣ ਤੇ ਗੁਰੂ ਅਰਜਨ ਨੂੰ ਗੁਰਗੱਦੀ ਨਾ ਸੋਂਪ ਦੇਣ। ਗੁਰੂ ਅਰਜਨ ਦੇਵ ਆਗਿਆਕਾਰੀ ਸੁਭਾਅ ਦੇ ਹੋਣ ਕਾਰਨ ਗੁਰੂ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਲਾਹੌਰ ਚਲੇ ਗਏ। ਗੁਰੂ ਪਿਤਾ ਨੇ ਹਦਾਇਤ ਕੀਤੀ ਕਿ ਜਿੰਨੀ ਦੇਰ ਉਹਨਾਂ ਨੂੰ ਵਾਪਸ

---

[7] Dr. Sukhdial Singh, Guru Arjan Dev: Life and Times, Journal of Sikh Studies (2006), vol. XXX, no. 2, p. 57.

ਨਾ ਬੁਲਾਇਆ ਜਾਵੇ ਉਹ ਵਾਪਸ ਨਾ ਆਉਣ। ਲਾਹੌਰ ਰਹਿੰਦਿਆਂ ਗੁਰੂ ਅਰਜਨ ਦੇਵ ਜੀ ਨੂੰ ਕਾਫੀ ਸਮਾਂ ਬੀਤ ਗਿਆ। ਉਹ ਪਿਤਾ ਦੇ ਵਿਛੋੜੇ ਵਿਚ ਵਿਆਕੁਲ ਹੋ ਉੱਠੇ। ਗੁਰੂ ਅਰਜਨ ਦੇਵ ਜੀ ਨੇ ਸਨੇਹਪੂਰਵਕ ਇਕ-ਇਕ ਕਰਕੇ ਤਿੰਨ ਪੱਤਰ ਗੁਰੂ ਪਿਤਾ ਵੱਲ ਭੇਜੇ ਪਰ ਦੋ ਪੱਤਰ ਪ੍ਰਿਥੀ ਚੰਦ ਦੇ ਹੱਥ ਲੱਗਣ ਕਾਰਨ ਗੁਰੂ ਰਾਮਦਾਸ ਜੀ ਕੋਲ ਨਾ ਪਹੁੰਚ ਸਕੇ। ਤੀਸਰਾ ਪੱਤਰ ਗੁਰੂ ਰਾਮਦਾਸ ਜੀ ਕੋਲ ਪਹੁੰਚਿਆ ਜਿਸ ਉਪਰ ਅੰਕ 3 ਲਿਖਿਆ ਹੋਇਆ ਸੀ। ਗੁਰੂ ਰਾਮਦਾਸ ਜੀ ਨੇ ਜਦੋਂ ਤੀਸਰਾ ਪੱਤਰ ਪੜ੍ਹਿਆ ਤਾਂ ਅਰਜਨ ਦੀ ਗੁਰੂ ਭਗਤੀ ਤੇ ਸਨੇਹ ਦੇਖ ਕੇ ਖੁਸ਼ ਹੋ ਗਏ। ਉਹਨਾਂ ਨੇ ਪ੍ਰਿਥੀ ਚੰਦ ਕੋਲੋਂ ਜੁਗਤ ਨਾਲ ਦੋਵੇਂ ਪਹਿਲੇ ਪੱਤਰ ਵੀ ਮੰਗਵਾ ਲਏ ਜਿਸ ਨਾਲ ਪ੍ਰਿਥੀ ਚੰਦ ਦੀ ਅਸਲੀਅਤ ਸਾਹਮਣੇ ਆ ਗਈ। ਗੁਰੂ ਰਾਮਦਾਸ ਜੀ ਨੇ ਉਸੇ ਸਮੇਂ ਗੁਰੂ ਅਰਜਨ ਦੇਵ ਜੀ ਨੂੰ ਲਾਹੌਰੋਂ ਵਾਪਸ ਬੁਲਾ ਲਿਆ। ਹੁਣ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਦੀ ਪੂਰੀ ਤਰ੍ਹਾਂ ਪ੍ਰਖਿਆ ਲੈ ਚੁੱਕੇ ਸਨ ਅਤੇ ਉਹਨਾਂ ਨੇ ਗੁਰੂ ਅਰਜਨ ਦੇਵ ਨੂੰ ਹਰ ਤਰ੍ਹਾਂ ਨਾਲ ਗੁਰਗੱਦੀ ਦੇ ਯੋਗ ਸਮਝ ਲਿਆ ਸੀ। ਸੋ ਗੁਰੂ ਰਾਮਦਾਸ ਨੇ ਆਪਣਾ ਅੰਤ ਸਮਾਂ ਨੇੜੇ ਵੇਖ ਕੇ ਗੁਰੂ ਅਰਜਨ ਦੇਵ ਜੀ ਨੂੰ ਭਾਦੋਂ 1, ਸੰਮਤ 1638 ਬਿਕਰਮੀ ਭਾਵ 1581 ਈ: ਨੂੰ ਬਾਬਾ ਬੁੱਢਾ ਜੀ ਦੁਆਰਾ ਗੁਰਿਆਈ ਦਾ ਤਿਲਕ ਲਵਾਇਆ ਤੇ ਗੁਰਗੱਦੀ ਸੌਂਪ ਦਿੱਤੀ। ਕਰਤਾਰ ਸਿੰਘ ਸੂਰੀ ਅਨੁਸਾਰ,

> 'ਸਿੱਖ ਇਤਿਹਾਸ ਵਿਚ ਇਹ ਪਹਿਲਾ ਸਮਾਂ ਸੀ ਜਦ ਕਿ ਗੁਰੂ ਗੱਦੀ ਪੁੱਤਰ ਨੂੰ ਪ੍ਰਾਪਤ ਹੋ ਰਹੀ ਸੀ। ਗੁਰਗੱਦੀ ਦਾ ਅਧਿਕਾਰੀ ਹਰ ਪ੍ਰਕਾਰ ਦੀ ਯੋਗਤਾ ਰੱਖਣ ਵਾਲਾ ਮਹਾਨ ਵਿਅਕਤੀ ਹੀ ਹੋ ਸਕਦਾ ਸੀ, ਇਸਨੂੰ ਵਿਰਾਸਤ ਵਾਂਗ ਪ੍ਰਾਪਤ ਨਹੀ ਸੀ ਕੀਤਾ ਜਾ ਸਕਦਾ। ਇਹੋ ਕਾਰਨ ਸੀ ਕਿ ਗੁਰੂ ਅਮਰਦਾਸ ਤੱਕ ਕਿਸੇ ਗੁਰੂ ਦੀ ਸੰਤਾਨ ਗੁਰੂ ਗੱਦੀ ਦੇ ਯੋਗ ਨਾ ਹੋ ਸਕਣ ਕਾਰਣ ਗੱਦੀ ਪ੍ਰਾਪਤ ਨਾ ਕਰ ਸਕੀ। ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਨੂੰ ਆਪਣੇ ਉਚੇਰੇ ਆਤਮਕ ਜੀਵਨ, ਨਿਸ਼ਕਾਮ ਸੇਵਾ ਤੇ ਗੁਰੂ ਆਸ਼ੇ ਅਨੁਸਾਰ ਜੀਵਨ ਜੀਉਣ ਕਾਰਨ ਗੁਰਗੱਦੀ ਦਾ ਅਧਿਕਾਰ ਪ੍ਰਾਪਤ ਹੋਇਆ ਸੀ। ਇਹ ਪਹਿਲਾ ਸਮਾਂ ਸੀ ਜਦ ਕਿ ਗੁਰੂ ਦੀ ਸੰਤਾਨ ਸੰਪੂਰਣ ਯੋਗਤਾ ਰੱਖਣ ਕਾਰਣ ਗੱਦੀ ਦਾ ਹੱਕ ਲੈ ਰਹੀ ਸੀ।'[8]

---

[8] ਡਾ. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ-75.

ਪ੍ਰਿਥੀ ਚੰਦ ਛੋਟੇ ਭਰਾ ਗੁਰੂ ਅਰਜਨ ਨੂੰ ਗੱਦੀ ਮਿਲਣ ਕਾਰਨ ਪਿਤਾ ਤੋਂ ਨਰਾਜ਼ ਸੀ। ਉਹ ਗੁੱਸੇ ਵਿਚ ਆ ਕੇ ਪਿਤਾ ਗੁਰੂ ਰਾਮਦਾਸ ਜੀ ਦੀ ਸ਼ਾਨ ਦੇ ਖ਼ਿਲਾਫ਼ ਬੋਲਣ ਲੱਗਿਆ। ਗੁਰੂ ਅਰਜਨ ਦੇਵ ਜੀ ਤੋਂ ਗੁਰਗੱਦੀ ਖੋਹਣ ਲਈ ਵੀ ਪ੍ਰਿਥੀ ਚੰਦ ਨੇ ਬਹੁਤ ਚੰਗੇ ਮਾੜੇ ਤਰੀਕੇ ਅਪਣਾਏ ਪਰ ਉਹ ਅਸਫ਼ਲ ਰਿਹਾ।

### 2.1.5 ਨਿਰਮਾਣ ਕਾਰਜ:

#### ਹਰਿਮੰਦਰ ਸਾਹਿਬ ਦੀ ਉਸਾਰੀ:

ਗੁਰੂ ਅਰਜਨ ਦੇਵ ਜੀ ਨੇ 1589 ਈ. ਵਿਚ ਅੰਮ੍ਰਿਤਸਰ ਸਰੋਵਰ ਵਿਚਕਾਰ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਜਿਸਦੀ ਉਸਾਰੀ 1601 ਈ. ਵਿਚ ਮੁਕੰਮਲ ਹੋ ਗਈ। ਹਰਿਮੰਦਰ ਸਾਹਿਬ ਦਾ ਨਕਸ਼ਾ ਗੁਰੂ ਅਰਜਨ ਦੇਵ ਜੀ ਦੀ ਦਿਮਾਗੀ ਕਾਢ ਸੀ। ਹਰਿਮੰਦਰ ਸਾਹਿਬ ਜੀ ਦੇ ਚਾਰੇ ਦਿਸ਼ਾਵਾਂ ਵੱਲ ਚਾਰ ਦਰਵਾਜ਼ੇ ਖੁੱਲ੍ਹੇ ਰੱਖੇ ਗਏ ਜੋ ਇਸ ਤੱਥ ਵੱਲ ਸੰਕੇਤ ਕਰਦੇ ਹਨ ਕਿ ਹਰਿਮੰਦਰ ਵਿਚ ਚਾਰੇ ਧਰਮਾਂ ਹਿੰਦੂ, ਮੁਸਲਿਮ, ਸਿੱਖ, ਈਸਾਈ ਦੇ ਲੋਕ ਆ ਸਕਦੇ ਹਨ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਵੀ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਦੇ ਹੱਥੋਂ ਰਖਵਾਈ ਸੀ। 1819 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਨੂੰ ਤਬਾਹ ਕਰ ਦਿੱਤਾ ਅਤੇ ਸਰੋਵਰ ਨੂੰ ਵੀ ਭਰਵਾ ਦਿੱਤਾ। ਦੋ ਸਾਲ ਮਗਰੋਂ ਖ਼ਾਲਸਾ ਫੌਜਾਂ ਦੇ ਜਿੱਤ ਜਾਣ ਤੇ ਹਰਿਮੰਦਰ ਤੇ ਸਰੋਵਰ ਨੂੰ ਨਵੇਂ ਸਿਰਿਓਂ ਉਸਾਰਿਆ ਗਿਆ। ਅੰਮ੍ਰਿਤਸਰ ਵਿਖੇ ਹੀ ਗੁਰੂ ਅਰਜਨ ਦੇਵ ਜੀ ਨੇ 'ਸੰਤੋਖਸਰ' ਨਾਮ ਦੇ ਸਰੋਵਰ ਦੀ ਖੁਦਵਾਈ ਕਰਵਾਈ। 1643 ਨੂੰ ਇਸ ਦੀ ਉਸਾਰੀ ਮੁਕੰਮਲ ਹੋਈ।

#### ਅੰਮ੍ਰਿਤਸਰ ਵਿਖੇ ਸਰੋਵਰ ਦਾ ਨਿਰਮਾਣ:

ਗੁਰੂ ਅਰਜਨ ਦੇਵ ਜੀ ਨੇ ਨਿਰਮਾਣ ਕਾਰਜ ਵੀ ਬਹੁਤ ਕਰਵਾਇਆ। ਸਭ ਤੋਂ ਪਹਿਲਾਂ ਗੁਰੂ ਪਿਤਾ ਦੇ ਆਦੇਸ਼ ਅਨੁਸਾਰ ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਨੂੰ ਪੱਕਿਆਂ ਕੀਤਾ। ਇਸ ਕਾਰਜ ਲਈ ਆਪ ਨੂੰ ਭਾਈ ਬੁੱਢਾ, ਭਾਈ ਭਗਤੂ ਤੇ ਭਾਈ ਬਹਿਲੋਂ ਨੇ ਵੀ ਸਹਿਯੋਗ ਦਿੱਤਾ। ਮੈਕਾਲਫ ਅਨੁਸਾਰ,

> 'ਸਰੋਵਰ ਮੁਕੰਮਲ ਹੋ ਜਾਣ ਉੱਤੇ ਇਕ ਦਿਨ ਇਹ ਤਿੰਨੇ ਸਿੱਖ ਅਸ਼ਨਾਨ ਕਰ ਰਹੇ ਸਨ ਜਦ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਦੇ ਸ਼ਰੀਰਾਂ ਵੱਲ ਧਿਆਨ ਮਾਰਿਆ ਤਾਂ ਗੁਰੂ ਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ, ਇਹ

ਦੇਖ ਕੇ ਕਿ ਕਿਵੇਂ ਕਾਰ-ਸੇਵਾ ਵਿਚ ਇਹਨਾਂ ਸਿੱਖਾਂ ਦੇ ਸਰੀਰ ਜ਼ਖ਼ਮੀ ਹੋਏ ਸਨ।'[9]

ਅੰਮ੍ਰਿਤਸਰ ਵਿਖੇ ਹੀ ਗੁਰੂ ਜੀ ਨੇ ਗੁਰੂ ਕਾ ਬਾਗ ਲਗਾਵਾਇਆ ਜਿਸ ਤੋਂ ਗੁਰੂ ਜੀ ਦੇ ਕੁਦਰਤ ਪਿਆਰ ਬਾਰੇ ਪ੍ਰਤੱਖ ਪ੍ਰਮਾਣ ਮਿਲਦਾ ਹੈ।

ਗੁਰੂ ਜੀ ਨੇ 1602-03 ਵਿਚ ਅੰਮ੍ਰਿਤਸਰ ਵਿਖੇ ਰਾਮਸਰ ਸਰੋਵਰ ਦਾ ਨਿਰਮਾਣ ਕਰਵਾਇਆ। ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਦਾ ਨਾਂ 'ਰਾਮਸਰ' ਵੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੇ ਨਾਂ ਉੱਪਰ ਰੱਖਿਆ। ਇਸੇ ਸਰੋਵਰ ਦੇ ਕੰਢੇ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਾਹਕਾਰ ਰਚਨਾ 'ਸੁਖਮਨੀ ਸਾਹਿਬ' ਦੀ ਰਚਨਾ ਕੀਤੀ ਅਤੇ ਭਾਈ ਗੁਰਦਾਸ ਜੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਇਸੇ ਸਥਾਨ ਤੇ ਬੈਠ ਕੇ ਲਿਖਵਾਈ ਹੈ। ਹੁਣ ਇਸ ਥਾਂ ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

**ਤਰਨਤਾਰਨ:**

ਪ੍ਰਿਥੀ ਚੰਦ ਦੀ ਵਿਰੋਧਤਾ ਤੋਂ ਤੰਗ ਆ ਕੇ ਗੁਰੂ ਅਰਜਨ ਦੇਵ ਜੀ ਕੁਝ ਦੇਰ ਅੰਮ੍ਰਿਤਸਰ ਤੋਂ ਬਾਹਰ ਰਹੇ। ਇਸ ਸਮੇਂ 1589-90 ਵਿਚ ਆਪ ਨੇ ਤਰਨਤਾਰਨ ਨੂੰ ਆਬਾਦ ਕੀਤਾ। ਡਾ. ਸੁਖਦਿਆਲ ਸਿੰਘ ਦਸਦੇ ਹਨ ਕਿ, "In 1589-90, the Guru choose the site for building this new town in the heart of the Majha, or midland lying between the rivers, the Beas and the Ravi."[10] ਅਤੇ ਇਥੇ ਇਕ ਵੱਡਾ ਸਰੋਵਰ ਤੇ ਅਤੀ ਸੁੰਦਰ ਗੁਰਦੁਆਰਾ ਬਣਵਾਇਆ। ਗੁਰੂ ਜੀ ਨੇ ਤਰਨਤਾਰਨ ਵਿਖੇ ਅਨਾਥਾਂ ਅਤੇ ਯਤੀਮਾਂ ਲਈ ਇਕ ਹਸਪਤਾਲ ਵੀ ਬਣਵਾਇਆ।

**ਕਰਤਾਰਪੁਰ:**

ਗੁਰੂ ਅਰਜਨ ਦੇਵ ਜੀ ਨੇ 1594 ਈ: ਵਿਚ ਕਰਤਾਰਪੁਰ ਨਾਮ ਦਾ ਸ਼ਹਿਰ ਵਸਾਇਆ ਜੋ ਕਿ ਸਿੱਖ ਧਰਮ ਦਾ ਵੱਡਾ ਕੇਂਦਰ ਹੈ।

**ਛੇਹਰਟਾ:**

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੇ ਨੇੜੇ ਛੇਹਰਟਾ ਨਗਰ ਵਸਾਇਆ। ਇਥੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ ਅਤੇ ਖੂਹ ਦੀ ਉਸਾਰੀ ਕਰਵਾਈ। ਭਾਈ

---

[9] ਮੈਕਾਲਫ, ਦੀ ਸਿੱਖ ਰਿਲੀਜਨ, ਭਾਗ-3, ਪੰਨਾ-13.

[10] Dr. Sukhdial Singh, Guru Arjan Dev: Life and Times, Journal of Sikh Studies (2006), vol. XXX, no. 2, p. 58.

ਕਾਨ੍ਹ ਸਿੰਘ ਨਾਭਾ ਅਨੁਸਾਰ, 'ਛਿਹਰਟਾ ਖੂਹ ਜੋ ਅੰਮ੍ਰਿਤਸਰ ਤੋਂ 4 ਮੀਲ ਦੂਰ ਗੁਰੂ ਕੀ ਵਡਾਲੀ ਪਿੰਡ ਵਿਚ 1572 ਈ. (1654 ਬਿਕਰਮੀ) ਵਿਚ ਬਣਵਾਇਆ ਗਿਆ ਜਿਸ ਉੱਤੇ ਛੇ ਹਰਟ ਚੱਲ ਸਕਦੇ ਹਨ। ਇਸੇ ਖੂਹ ਨਾਲ 140 ਵਿਘੇ ਜ਼ਮੀਨ ਵੀ ਹੈ।'[11]

**ਸ੍ਰੀ ਹਰਗੋਬਿੰਦਪੁਰਾ:**

ਗੁਰੂ ਅਰਜਨ ਦੇਵ ਜੀ ਨੇ 1597 ਈ. (1654 ਸੰਮਤ) ਵਿਚ ਗੁਰੂ ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿਚ ਇਕ ਇਤਿਹਾਸਕ ਨਗਰ ਵਸਾਇਆ ਜਿਸਦਾ ਨਾਂ ਵੀ ਗੁਰੂ ਹਰਗੋਬਿੰਦ ਜੀ ਦੇ ਨਾਂ ਉੱਪਰ ਸ੍ਰੀ ਹਰਗੋਬਿੰਦਪੁਰਾ ਰੱਖਿਆ।

**ਲਹੌਰ ਵਿਖੇ ਬਾਉਲੀ ਦਾ ਨਿਰਮਾਣ:**

ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਸੰਮਤ 1595 ਈ. ਵਿਚ ਡੱਬੀ ਬਜ਼ਾਰ ਲਾਹੌਰ ਵਿਖੇ ਇਕ ਬਾਉਲੀ ਦਾ ਨਿਰਮਾਣ ਕਰਵਾਇਆ। ਇਸ ਥਾਂ ਤੇ ਹੁਣ ਗੁਰਦੁਆਰਾ ਸਾਹਿਬ ਸਸ਼ੋਭਿਤ ਹੈ।

**ਖੂਹਾਂ ਦਾ ਨਿਰਮਾਣ:**

ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਵਿਚੋਂ ਭੇਦ-ਭਾਵ ਖ਼ਤਮ ਕਰਨ ਲਈ ਕਈ ਥਾਂ ਖੂਹ ਬਣਵਾਏ ਤਾਂ ਜੋ ਲੋਕ ਵਿਤਕਰੇ ਤੋਂ ਦੂਰ ਰਹਿ ਕੇ ਇਕੱਠੇ ਜਲ ਛਕ ਸਕਣ। ਇਹਨਾਂ ਵਿਖੋਂ ਤਰਨਤਾਰਨ ਵਿਖੇ ਆਪਣੀ ਮਾਤਾ ਭਾਨੀ ਜੀ ਦੇ ਨਾਂ ਤੇ ਬੀਬੀ ਭਾਨੀ ਵਾਲਾ ਖੂਹ ਅਤੇ ਗੁਰੂ ਕਾ ਖੂਹ ਬਣਵਾਏ। ਗੁਰੂ ਕੀ ਵਡਾਲੀ ਤੋਂ ਕੁਝ ਦੂਰੀ ਤੇ ਤਿੰਨ ਹਰਟਾ ਖੂਹ ਅਤੇ ਜਲੰਧਰ ਦੇ ਕਰਤਾਰਪੁਰ ਨਗਰ ਵਿਚ ਗੰਗਸਰ ਕੂਆਂ ਦਾ ਨਿਰਮਾਣ 1552 ਵਿਚ ਕਰਵਾਇਆ।

**ਦੀਵਾਨ ਖਾਨੇ:**

ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਜਾਤਾਂ ਦੇ ਲੋਕਾਂ ਵਿਚੋਂ ਭੇਦ-ਭਾਵ ਖ਼ਤਮ ਕਰਨ ਲਈ ਅਤੇ ਇਕੱਠੇ ਬੈਠ ਕੇ ਵਿਚਾਰ ਵਟਾਂਦਰਾ ਕਰਨ ਲਈ ਦੀਵਾਨਖਾਨੇ ਵੀ ਬਣਵਾਏ। ਲਹੌਰ ਦੀ ਚੂਨਾ ਮੰਡੀ ਵਿਚ ਇਕ ਧਰਮਸ਼ਾਲਾ ਅਤੇ ਇਸਦੇ ਨੇੜੇ ਇਕ ਦੀਵਾਨ ਖਾਨਾ ਬਣਵਾਇਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਇਸ ਦੀਵਾਨਖਾਨੇ ਨਾਲ 4 ਦੁਕਾਨਾਂ ਅਤੇ 18 ਘੁਮਾ ਜ਼ਮੀਨ ਹੈ ਜੋ ਪਿੰਡ ਰਾਣਾ ਭੱਟੀ, ਤਹਿਸੀਲ ਸਾਹਦਰਾ, ਜ਼ਿਲ੍ਹਾ ਸ਼ੇਖਪੁਰਾ ਵਿਚ ਹੈ।'[12]

---

[11] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-367.
[12] ਉਹੀ, ਪੰਨਾ-790.

ਦੂਸਰਾ ਦੀਵਾਨਖਾਨਾ ਕਰਤਾਰਪੁਰ ਵਿਖੇ ਹੈ। ਗੁਰੂ ਅਰਜਨ ਦੇਵ ਜੀ ਨੇ ਇਥੇ ਟਾਹਲੀ ਦਾ ਥੰਮ ਗਡਵਾਇਆ ਸੀ। ਇਹ ਥੰਮ ਅੱਜ ਨਹੀਂ ਹੈ ਪਰ ਇਸ ਥਾਂ ਤੇ ਗੁਰਦੁਆਰਾ ਥੰਮ ਸਾਹਿਬ ਬਣਿਆ ਹੋਇਆ ਹੈ।

ਇਹ ਨਿਰਮਾਣ ਕਾਰਜ ਗੁਰੂ ਅਰਜਨ ਦੇਵ ਜੀ ਦੀ ਦੂਰ ਅੰਦੇਸ਼ੀ ਅਤੇ ਨਿਰਪੱਖ ਸੋਚ ਦਾ ਸਿੱਟਾ ਹਨ। ਸਮੂਹ ਸੰਗਤ ਗੁਰੂ ਜੀ ਦੀਆਂ ਬਣਾਈਆਂ ਇਹਨਾਂ ਅਮਰ ਯਾਦਗਾਰਾਂ ਅੱਗੇ ਸਿਰ ਝੁਕਾਉਂਦੀ ਹੈ।

### 2.1.6 ਸ਼ਹੀਦੀ:

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਬਾਰੇ ਵਿਦਵਾਨਾਂ ਵਿਚ ਮੱਤਭੇਦ ਹਨ। ਕਈ ਵਿਦਵਾਨ ਗੁਰੂ ਜੀ ਦੀ ਸ਼ਹੀਦੀ ਨੂੰ ਘਰੋਗੀ ਫੁੱਟ ਦਾ ਕਾਰਨ ਮੰਨਦੇ ਹਨ ਜਦੋਂਕਿ ਕੁਝ ਵਿਦਵਾਨ ਇਸ ਸ਼ਹੀਦੀ ਦਾ ਕਾਰਨ ਚੰਦੂ ਸ਼ਾਹ ਦੀ ਲੜਕੀ ਨਾਲ ਰਿਸ਼ਤਾ ਜੋੜਨ ਤੋਂ ਗੁਰੂ ਜੀ ਦੀ ਨਾਂਹ ਮੰਨਦੇ ਹਨ। ਬਹੁਤੇ ਵਿਦਵਾਨ ਜਹਾਂਗੀਰ ਦੀ ਗੁਰੂ ਜੀ ਪ੍ਰਤੀ ਈਰਖਾ ਅਤੇ ਜਹਾਂਗੀਰ ਦੇ ਲੜਕੇ ਖੁਸਰੋ ਦੁਆਰਾ ਬਗਾਵਤ ਕਰ ਕੇ ਗੁਰੂ ਜੀ ਨਾਲ ਰਲ ਜਾਣਾ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਮੰਨਦੇ ਹਨ।

ਪਰ ਵੇਖਿਆ ਜਾਵੇ ਤਾਂ ਗੁਰੂ ਅਰਜਨ ਦੇਵ ਜੀ ਦੀ ਵੱਧ ਰਹੀ ਲੋਕਪ੍ਰਿਅਤਾ ਉਹਨਾਂ ਦੀ ਸ਼ਹੀਦੀ ਦਾ ਮੁੱਖ ਕਾਰਨ ਬਣੀ। ਉਹਨਾਂ ਦੁਆਰਾ ਕਰਵਾਏ ਗਏ ਵੱਖ-ਵੱਖ ਉਸਾਰੀ ਕਾਰਜ ਅਤੇ ਮਨੁੱਖਤਾ ਦੀ ਭਲਾਈ ਲਈ ਆਦਿ ਗ੍ਰੰਥ ਦੇ ਸੰਪਾਦਨ ਨਾਲ ਲੋਕਾਂ ਵਿਚ ਗੁਰੂ ਜੀ ਲਈ ਸਤਿਕਾਰ ਦਿਨੋਂ ਦਿਨ ਵੱਧਦਾ ਗਿਆ। ਇਸ ਕਾਰਨ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਅਤੇ ਸਮੇਂ ਦੇ ਸ਼ਾਸਕ ਜਹਾਂਗੀਰ ਦੀ ਮਨ ਵਿਚ ਗੁਰੂ ਜੀ ਲਈ ਈਰਖਾ ਪੈਦਾ ਹੋਣੀ ਸੁਭਾਵਿਕ ਸੀ। ਪ੍ਰਿਥੀ ਚੰਦ ਗੁਰੂ ਜੀ ਅਤੇ ਉਹਨਾਂ ਦੇ ਸਪੁੱਤਰ ਗੁਰੂ ਹਰਗੋਬਿੰਦ ਜੀ ਨੂੰ ਖ਼ਤਮ ਕਰਵਾਉਣ ਲਈ ਛੋਟੇ ਵੱਡੇ ਹੱਥਕੰਡੇ ਵਰਤਦਾ ਰਿਹਾ ਪਰ ਉਹ ਕਾਮਯਾਬ ਨਾ ਹੋ ਸਕਿਆ ਜਦੋਂਕਿ ਜਹਾਂਗੀਰ ਨੇ ਆਪਣੇ ਪੁੱਤਰ ਖੁਸਰੋ ਦੁਆਰਾ ਬਗ਼ਾਵਤ ਕਰਕੇ ਗੁਰੂ ਜੀ ਦੀ ਸ਼ਰਨ ਲੈਣ ਨੂੰ ਇਕ ਸਹੀ ਮੌਕਾ ਸਮਝਦਿਆਂ ਗੁਰੂ ਜੀ ਨੂੰ ਈਨ ਮੰਨਣ ਲਈ ਕਿਹਾ। ਗੁਰੂ ਜੀ ਨੇ ਈਨ ਮੰਨਣ ਨਾਲੋਂ ਸ਼ਹੀਦ ਹੋਣ ਦਾ ਰਸਤਾ ਚੁਣਿਆ। ਜਹਾਂਗੀਰ ਨੇ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਲਈ ਹੁਕਮ ਦੇ ਦਿੱਤੇ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਲਹੌਰ ਦੇ ਹਾਕਮ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤਾ। ਜਹਾਂਗੀਰ ਨੇ ਹੁਕਮ ਦਿੱਤਾ ਕਿ ਗੁਰੂ ਅਰਜਨ ਨੂੰ ਇਸ ਤਰ੍ਹਾਂ ਤਸੀਹੇ ਦਿੱਤੇ ਜਾਣ ਕਿ ਖ਼ੂਨ ਦਾ ਇਕ ਕਤਰਾ ਵੀ

ਨਾ ਡਿੱਗੇ। ਮੁਰਤਜਾ ਖ਼ਾਨ ਨੇ ਦੀਵਾਨ ਚੰਦ ਨੂੰ ਨਾਲ ਰਲਾ ਕੇ ਗੁਰੂ ਜੀ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਉੱਤੇ ਗਰਮ ਰੇਤ ਪਾਈ ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ। ਗੁਰੂ ਜੀ ਦੇ ਸਰੀਰ ਉੱਪਰ ਛਾਲੇ ਪੈ ਗਏ ਪਰ ਗੁਰੂ ਜੀ ਨੇ 'ਤੇਰੇ ਭਾਣੇ ਵਿਚ ਅੰਮ੍ਰਿਤ ਵਸੈ' ਸ਼ਬਦ ਜਾਰੀ ਰੱਖਿਆ। ਮੀਆਂ ਮੀਰ ਨੇ ਵਿਚ ਪੈ ਕੇ ਝਗੜਾ ਮੁਕਾਉਣਾ ਚਾਹਿਆ ਪਰ ਉਸਦੀ ਕੋਈ ਵਾਹ ਨਾ ਚੱਲੀ। ਗੁਰੂ ਜੀ ਦੇ ਛਾਲੇ ਪਏ ਸਰੀਰ ਨੂੰ ਹੋਰ ਕਸ਼ਟ ਦੇਣ ਲਈ ਜੱਲਾਦ ਉਹਨਾਂ ਨੂੰ ਰਾਵੀ ਨਦੀ ਦੇ ਕਿਨਾਰੇ ਲੈ ਗਏ ਤਾਂ ਜੋ ਠੰਡਾ ਪਾਣੀ ਸਰੀਰ ਉੱਪਰ ਪਾਇਆ ਜਾ ਸਕੇ। ਗੁਰੂ ਜੀ ਨੇ ਰਾਵੀ ਨਦੀ ਵਿਚ ਇਸ਼ਨਾਨ ਕੀਤਾ ਅਤੇ ਜਪੁਜੀ ਸਾਹਿਬ ਦਾ ਪਾਠ ਕੀਤਾ। 30 ਮਈ 1606 ਈ: ਨੂੰ 43 ਸਾਲਾਂ ਦੀ ਉਮਰ ਵਿਚ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾ ਗਏ।

### 2.1.7 ਰਚਨਾ:

ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਡੀ ਦੇਣ ਆਦਿ ਗ੍ਰੰਥ ਦੀ ਸੰਪਾਦਨਾ ਹੈ। ਗੁਰੂ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ 1599 ਈ. ਵਿਚ ਸ਼ੁਰੂ ਕੀਤਾ ਜੋ 1604 ਈ. ਵਿਚ ਸੰਪੂਰਨ ਹੋਇਆ। ਹਰਨਾਮ ਸਿੰਘ ਸ਼ਾਨ ਅਨੁਸਾਰ,

> 'Guru Arjun dictated its holy text to Bhai Gurdas (1551-1636), the great savant, scholar and expounder of Sikh faith, on the banks of the tank, called Ramsar, constructed by him during the year 1602-03. It was completed on 2 August 1604 and ceremoniously installed at Harmander Sahib on 1604.'[13]

ਗੁਰੂ ਅਰਜਨ ਦੇਵ ਜੀ ਬਹੁਤ ਵੱਡੇ ਵਿਦਵਾਨ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਸੁਘੜਤਾ ਨਾਲ ਸੰਪੂਰਨ ਕਰਵਾਇਆ। ਪਿਆਰਾ ਸਿੰਘ ਪਦਮ ਅਨੁਸਾਰ,

> 'ਆਖਿਰ ਸਰਬਪੱਖੀ ਵਿਦਵਤਾ ਦਾ ਹੀ ਸਿੱਟਾ ਸੀ ਕਿ ਉਨ੍ਹਾਂ 35-40 ਵਿਅਕਤੀਆਂ ਦੀ ਬਾਣੀ ਨੂੰ ਰਾਗਾਂ, ਛੰਦਾਂ ਤੇ ਹੋਰ ਪਹਿਲੂਆਂ ਨੂੰ ਸਾਹਵੇਂ ਰੱਖ ਕੇ ਸੁਘੜਤਾ ਤੇ ਸੁਚੱਜਤਾ ਨਾਲ ਇਕ ਮਾਲਾ ਵਿਚ ਪਰੋਇਆ। ਪ੍ਰੰਤੂ ਇਸ ਵਿਦਵਾਨ ਕਵੀ ਦੀ ਨਿਮਰਤਾ ਦਾ ਕਮਾਲ ਹੈ ਕਿ ਇਤਨਾ ਕੁਝ ਕਰਦਿਆਂ ਵੀ ਆਖਰ ਉਸ ਹਲੀਮੀ ਤੇ ਆਜਜ਼ੀ ਦਾ ਗੀਤ ਗਾਇਆ।'[14]

---

[13] Harnam Singh Shan, Guru Arjan Dev: The Fifth Prophetpreceptor of the Sikhs, Journal of Sikh Studies, 2006, vol. XXX, no. 2. p. 39.
[14] ਪਿਆਰਾ ਸਿੰਘ ਪਦਮ, ਸੁਖਮਨੀ ਦਰਸ਼ਨ, ਪੰਨਾ-10.

ਆਦਿ ਗ੍ਰੰਥ ਦੇ ਕੁੱਲ ਪੰਨੇ 1430 ਹਨ। ਇਹਨਾਂ ਵਿਚੋਂ 650 ਪੰਨਿਆਂ ਉੱਪਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਸਸ਼ੋਭਿਤ ਹੈ। ਆਦਿ ਗ੍ਰੰਥ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਕੀ ਬਾਣੀਕਾਰਾਂ ਨਾਲੋਂ ਸਭ ਤੋਂ ਵੱਧ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ 30 ਰਾਗਾਂ ਵਿਚ ਅੰਕਿਤ ਹੈ। ਆਦਿ ਗ੍ਰੰਥ ਵਿਚਲੀ ਆਪ ਜੀ ਦੀ ਬਾਣੀ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਰਾਗ ਯੁਕਤ ਬਾਣੀ

2. ਰਾਗ ਮੁਕਤ ਬਾਣੀ

ਰਾਗ ਯੁਕਤ ਬਾਣੀ ਵਿਚ ਪਦੇ, ਅਸਟਪਦੀਆਂ, ਛੰਤ, ਸਲੋਕ, ਅਸਫੋਟਕ ਰਚਨਾਵਾਂ (ਪਹਰੇ, ਦਿਨ, ਰੈਣ), ਲੰਮੇਰੀਆਂ ਰਚਨਾਵਾਂ, ਵਾਰਾਂ (ਪਾਉੜੀਆਂ) ਆਦਿ ਹਨ ਜਦੋਂ ਕਿ ਰਾਗ ਮੁਕਤ ਬਾਣੀ ਵਿਚ ਸਹਸਕ੍ਰਿਤੀ (67 ਸਲੋਕ), ਗਾਥਾ (24 ਸਲੋਕ), ਫੁਨਹੇ (23 ਸਲੋਕ), ਚਉਬੋਲੇ (11 ਸਲੋਕ), ਸਵੱਈਏ, ਵਾਰਾਂ ਤੇ ਵਧੀਕ (22 ਸਲੋਕ), ਮੁੰਦਾਵਨੀ (2 ਸਲੋਕ) ਆਦਿ ਹਨ ਜਿਨ੍ਹਾਂ ਦੀ ਕੁੱਲ ਗਿਣਤੀ 169 ਬਣਦੀ ਹੈ। ਗੁਰੂ ਅਰਜਨ ਦੇਵ ਜੀ ਦੀ ਤੀਸਰੀ ਤਰ੍ਹਾਂ ਦੀ ਬਾਣੀ ਨੂੰ ਫੁਟਕਲ ਬਾਣੀ ਅਧੀਨ ਰੱਖ ਕੇ ਵਾਚਿਆ ਜਾ ਸਕਦਾ ਹੈ। ਇਹ ਬਾਣੀ ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਸੰਗ੍ਰਹਿਤ ਹੈ।

ਗੁਰੂ ਅਰਜਨ ਦੇਵ ਜੀ ਦੀ ਆਦਿ ਗ੍ਰੰਥ ਵਿਚ ਕੁੱਲ ਬਾਣੀ ਦਾ ਵੇਰਵਾ ਇਸ ਤਰ੍ਹਾਂ ਹੈ:-

ਪਦੇ 1344, ਅਸਟਪਦੀਆਂ 63, ਛੰਤ 62, ਸਲੋਕ 463 (281 ਰਾਗ ਯੁਕਤ, 169 ਰਾਗ ਮੁਕਤ ਅਤੇ 13 ਫੁਟਕਲ), ਪਾਉੜੀਆਂ 117, ਅਸਫੋਟਕ 7 (ਪਹਰੇ, ਬਿਰਹੜੇ, ਦਿਨ, ਰੈਣ), ਲੰਮੇਰੀਆਂ ਬਾਣੀਆਂ 4 ।

ਗਿਆਨੀ ਲਾਲ ਸਿੰਘ ਅਨੁਸਾਰ,

> 'ਪੰਜਾਬ ਦੇ ਇਤਿਹਾਸ, ਸਾਹਿਤ, ਬੋਲੀ ਅਤੇ ਸੱਭਿਆਚਾਰ ਉੱਤੇ ਗੁਰੂ ਅਰਜਨ ਦੇਵ ਜੀ ਦੀ ਅਮਿੱਟ ਛਾਪ ਲੱਗੀ ਹੋਈ ਹੈ। ਸ੍ਰੀ ਅੰਮ੍ਰਿਤਸਰ ਰਹਿੰਦਿਆਂ ਗੁਰੂ ਅਰਜਨ ਦੇਵ ਜੀ ਨੇ ਲਗਾਤਾਰ 22 ਸਾਲ ਬਾਣੀ ਦੀ ਨਿਰੰਤਰ ਰਚਨਾ ਕੀਤੀ ਤੇ ਤਿੰਨ ਸਾਲ ਦਾ ਸਮਾਂ ਲਾ ਕੇ ਆਦਿ ਗ੍ਰੰਥ ਦਾ ਸੰਪਾਦਨ ਸੰਪੂਰਨ ਕੀਤਾ।'[15]

[15] ਗਿਆਨੀ ਲਾਲ ਸਿੰਘ, ਪੰਜਾਬੀ ਦੁਨੀਆਂ, ਜੂਨ-ਜੁਲਾਈ 1953, ਪੰਨਾ-61.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਸਭ ਤੋਂ ਵੱਧ ਰਚਨਾ ਗੁਰੂ ਅਰਜਨ ਦੇਵ ਜੀ ਦੀ ਹੈ। ਪਿਆਰਾ ਸਿੰਘ ਪਦਮ ਅਨੁਸਾਰ,

> 'ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 5894 ਸ਼ਬਦ ਹਨ ਜਿਨ੍ਹਾਂ 'ਚੋਂ 4956 ਗੁਰੂ ਸਾਹਿਬਾਨ ਦੇ ਹਨ ਅਤੇ 938 ਭਗਤਾਂ ਅਤੇ ਭੱਟਾਂ ਦੀ ਰਚਨਾ ਹੈ। ਇਹਨਾਂ ਵਿਚੋਂ ਗੁਰੂ ਅਰਜਨ ਦੇਵ ਜੀ ਦੇ 2218 ਸ਼ਬਦ ਹਨ। ਅਕਾਰ ਦੇ ਪੱਖ ਤੋਂ ਦੂਜੇ ਨੰਬਰ ਤੇ ਗੁਰੂ ਨਾਨਕ ਦੇਵ ਜੀ ਦੇ 974 ਸ਼ਬਦ ਅਤੇ ਤੀਜੇ ਨੰਬਰ ਤੇ ਗੁਰੂ ਅਮਰਦਾਸ ਦੀ ਰਚਨਾ 907 ਸ਼ਬਦ ਹਨ।'[16]

ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਰਚਨਾ ਵਿਚੋਂ ਲੰਮੇਰੀਆਂ ਬਾਣੀਆਂ ਸੁਖਮਨੀ (ਗਾਉੜੀ ਰਾਗ), ਬਾਰਾਂਮਾਹ (ਮਾਝ ਰਾਗ), ਬਾਵਨ ਅੱਖਰੀ (ਗਾਉੜੀ ਰਾਗ) ਅਤੇ ਛੇ ਵਾਰਾਂ (ਗਾਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗ) ਵਿਚ ਗੁਰੂ ਜੀ ਦੀ ਰਚਨਾ ਕਲਾ ਦੀ ਸੰਪੂਰਨਤਾ ਦਾ ਸਬੂਤ ਮਿਲਦਾ ਹੈ। ਇਹਨਾਂ ਰਚਨਾਵਾਂ ਵਿਚੋਂ ਸੁਖਮਨੀ (ਗਾਉੜੀ ਰਾਗ) ਪ੍ਰਮੁੱਖ ਰਚਨਾ ਹੈ।

## 2.2 ਸੁਖਮਨੀ ਸਾਹਿਬ: ਜਾਣ-ਪਛਾਣ

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਇਕ ਵੱਡ ਅਕਾਰੀ ਰਚਨਾ ਹੈ। ਸ਼ਬਦ ਅਤੇ ਅਰਥ ਪੱਖ ਤੋਂ ਸਰਲ ਹੋਣ ਕਾਰਨ ਇਹ ਬਾਣੀ ਸਿੱਖ ਜਗਤ ਦੇ ਨਿਤਨੇਮ ਦਾ ਵੱਡੀ ਮਾਤਰਾ ਵਿਚ ਹਿੱਸਾ ਬਣੀ ਹੋਈ ਹੈ। ਸੁਖਮਨੀ ਸਾਹਿਬ ਨੂੰ ਮਨ ਨੂੰ ਆਨੰਦ ਦੇਣ ਵਾਲੀ ਬਾਣੀ ਕਿਹਾ ਜਾਂਦਾ ਹੈ।

ਸੁਖਮਨੀ ਸਾਹਿਬ ਬਾਰੇ ਭਾਈ ਵੀਰ ਸਿੰਘ ਕਹਿੰਦੇ ਹਨ ਕਿ,

> 'ਸੁਖਮਨੀ ਸੁਖਾਂ ਦੀ ਦਾਤੀ ਗੁਰਬਾਣੀ ਹੈ ਪਰ ਇਸ ਦੀ ਬੋਲੀ, ਇਸ ਦੀ ਬੰਦਸ, ਇਸ ਦਾ ਕੁਦਰਤੀ ਚਲ ਰਿਹਾ ਮਿੱਠਾ ਪ੍ਰਵਾਹ ਇਸ ਵਿਚ ਪ੍ਰਗਟੇ ਆਤਮ ਉਧਾਰ ਦੇ ਸੁਤੇ ਤੇ ਸਹਜ ਭਾਵ ਦੇ ਉਪਾਉ, ਇਉ ਚਲਦੇ ਹਨ ਕਿ ਪ੍ਰੇਮ ਅਤੇ ਆਤਮ ਰਸ ਦਾ ਮਾਨੋ ਇਕ ਅਰੋਕ ਪ੍ਰਵਾਹ ਚਲ ਰਿਹਾ ਹੈ। ਇਸ ਦੀ ਪ੍ਰੇਰਨਾ, ਪ੍ਰੇਰਨਾ ਤਾਂ ਹੈ ਪਰ ਸਹਿਜੇ ਵਰਸਦੀ ਵਰਖਾ ਦੇ ਆਪੇ ਹੀ ਭੂਮੀਂ ਵਿਚ ਸਿੰਮਦੇ ਜਾਣ ਵਾਂਙ ਦਿਲ ਭੂਮੀਂ ਵਿਚ ਪੜਦੇ ਯਾ ਸੁਣਦੇ ਆਪਦੇ ਹੀ ਸਿੰਜਰਦੇ ਤੇ ਸਮਾਉਂਦੇ ਜਾਣ ਵਾਂਙੂ ਹੈ।'[17]

---

[16] ਪਿਆਰਾ ਸਿੰਘ ਪਦਮ, ਪੰਜਾਬੀ ਦੁਨੀਆਂ, ਜੂਨ-ਜੁਲਾਈ 1953, ਪੰਨਾ-98.

[17] ਭਾਈ ਵੀਰ ਸਿੰਘ, ਸ੍ਰੀ ਗੁਰ ਚਮਤਕਾਰੁ, ਭਾਗ-2, ਪੰਨਾ-57.

ਇਹ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰ. 262 ਤੋਂ 296 ਤੇ ਗਾਉੜੀ ਰਾਗ ਵਿਚ ਅੰਕਿਤ ਹੈ। ਇਸ ਬਾਣੀ ਦੀਆਂ 24 ਅਸਟਪਦੀਆਂ ਹਨ। ਅਸਟਪਦੀ ਸ਼ਬਦ ਦਾ ਭਾਵ ਹੈ ਅੱਠ ਪਦੇ ਜਾਂ ਅੱਠ ਪਹਿਰੇ। ਇਸ ਲਈ ਸੁਖਮਨੀ ਸਾਹਿਬ ਦੀ ਹਰ ਅਸਟਪਦੀ ਦੀਆਂ ਅੱਠ ਪੌੜੀਆਂ ਹਨ ਅਤੇ ਹਰ ਪੌੜੀ ਦੀਆਂ ਅੱਗੋਂ ਦਸ ਤੁਕਾਂ ਹਨ। ਹਰ ਪੌੜੀ ਦੀਆਂ ਦੋ-ਦੋ ਤੁਕਾਂ ਵਿਚਾਰ ਦਾ ਆਧਾਰ ਸਪਸ਼ਟ ਕਰਦੀਆਂ ਹਨ। ਹਰ ਅਸਟਪਦੀ ਇਕ ਸਲੋਕ ਨਾਲ ਸ਼ੁਰੂ ਹੁੰਦੀ ਹੈ। ਸਮੁੱਚੀ ਅਸਟਪਦੀ ਦਾ ਕੇਂਦਰੀ ਭਾਵ ਇਸ ਦੇ ਸਲੋਕ ਵਿਚ ਦਿੱਤਾ ਗਿਆ ਹੈ।

### 2.2.1 ਸੁਖਮਨੀ ਸਾਹਿਬ ਦਾ ਰਚਨਾ ਕਾਲ ਤੇ ਸਥਾਨ:

ਸੁਖਮਨੀ ਬਾਣੀ ਦੇ ਰਚਨਾ ਕਾਲ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਵਿਚ ਵਖਰੇਵਾਂ ਮਿਲਦਾ ਹੈ। ਸੁਖਮਨੀ ਦੀ ਰਚਨਾ ਦਾ ਸਮਾਂ ਜ਼ਿਆਦਾਤਰ ਵਿਦਵਾਨ 1601 ਤੋਂ 1604 ਤੱਕ ਮੰਨਦੇ ਹਨ। ਮੈਕਾਲਿਫ਼ ਇਸ ਰਚਨਾ ਦਾ ਕਾਲ 1601 ਤੋਂ 1604 ਲਿਖਦਾ ਹੈ।[18] ਪ੍ਰੋ. ਹਰਬੰਸ ਸਿੰਘ ਇਸ ਬਾਣੀ ਦੀ ਰਚਨਾ 1602-03 ਦੇ ਲਗੇ ਹੋਈ ਮੰਨਦੇ ਹਨ।[19] ਭਾਈ ਵੀਰ ਸਿੰਘ ਇਸ ਦੀ ਰਚਨਾ ਦਾ ਸਮਾਂ ਸੰਮਤ 1658-59 ਮੰਨਦੇ ਹਨ।[20] ਕਥਾ ਦੀਪ ਸਾਗਰ ਸੁਖਮਨੀ ਸਾਹਿਬ ਦਾ ਲੇਖਕ ਸੋਢੀ ਤੇਜਾ ਸਿੰਘ ਸੁਖਮਨੀ ਦੀ ਰਚਨਾ ਦਾ ਸਮਾਂ ਸੰਮਤ 1659 ਦੱਸਦਾ ਹੈ।[21]

ਸੁਖਮਨੀ ਬਾਣੀ ਦੀ ਰਚਨਾ ਰਾਮਸਰ ਸਰੋਵਰ ਦੇ ਪੂਰਬ ਵਾਲੇ ਪਾਸੇ ਇਕ ਬੇਰੀ ਦੇ ਰੁੱਖ ਹੇਠ ਗੁਰੂ ਜੀ ਨੇ ਸ੍ਰੀ ਆਦਿ ਗ੍ਰੰਥ ਦੀ ਰਚਨਾ ਸਮੇਂ ਕੀਤੀ। ਤੇਜਾ ਸਿੰਘ ਸੋਢੀ ਨੇ ਸੂਰਜ ਪ੍ਰਕਾਸ ਵਿਚ ਸੁਖਮਨੀ ਤੇ ਹੋਰ ਕਈ ਬਾਣੀਆਂ ਦੀ ਰਚਨਾ ਦਾ ਸਥਾਨ ਰਾਮਸਰ ਸਰੋਵਰ ਹੀ ਦੱਸਿਆ ਹੈ। ਫਰੀਦਕੋਟੀ ਟੀਕੇ ਵਿਚ ਸੁਖਮਨੀ ਸਾਹਿਬ ਦੀ ਰਚਨਾ ਸੰਬੰਧੀ ਲਿਖਿਆ ਹੈ ਕਿ

> 'ਏਕ ਸਮੇਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਰਾਮ ਸਰੋਵਰ ਪਰ ਅੰਮ੍ਰਿਤ ਸਮੇਂ ਬੈਠੇ ਥੇ। ਤਬ ਸਾਹਿਬ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਵਾ ਸਰਬ ਸਿੱਖੋਂ ਨੇ ਬੇਨਤੀ ਕਰੀ ਸਚੇ ਪਾਤਸ਼ਾਹ ਸ੍ਰੀ ਕ੍ਰਿਸ਼ਨ ਦੇਵ ਜੀ ਨੇ ਗੀਤਾ ਉਚਾਰਨ ਕਰੀ ਹੈ ਪਰ ਸਹਸ੍ਰ ਨਾਮ ਆਦਿ ਪੁੰਨ ਪਾਠ ਹੈ ਤੈਸੇ ਜੀਵੋ ਕੇ

---

[18] ਐਮ.ਏ. ਮੈਕਾਲਿਫ਼, ਦੀ ਸਿੱਖ ਰਿਲੀਜਨ, ਭਾਗ ਤੀਜਾ, ਪੰਨਾ-250.

[19] Prof. Harbans Singh, The Encyclopedia of Sikhisim, Vol. IV, p. 263.

[20] ਭਾਈ ਵੀਰ ਸਿੰਘ, ਸ੍ਰੀ ਅਸੁ: ਗੁਰ ਚਮਤਕਾਰ, ਭਾਗ-2, ਪੰਨਾ-57.

[21] ਸੋਢੀ ਤੇਜਾ ਸਿੰਘ, ਕਥਾ ਦੀਪ ਸਾਗਰ ਸੁਖਮਨੀ ਸਾਹਿਬ ਸਟੀਕ, ਪੰਨਾ-5.

ਉਧਾਰ ਹੇਠ ਜਹਾਜ ਰੂਪ ਬਾਨੀ ਆਪ ਸ੍ਰੀ ਮੁਖ ਸੇ ਉਚਾਰਨ ਕਰੀਏ ਸੋ ਚਬੀਸ ਅਸਟ ਪਦੀਆ ਬਾਣੀ ਕਾ ਨਾਮ ਸੁਖਮਨੀ ਉਚਾਰਨ ਦੀ ਚੌਬੀਸ ਹਜਾਰ ਇਸ ਕਾ ਅਖਰ ਜੋ ਪੁਰਖ ਪਾਠ ਕਰੇ ਅਥਵਾ ਸੁਣੇ ਤਿਸ ਕੇ ਅਸਟ ਪਹਿਰ ਮੈ ਜੋ ਸਵਾਸ ਨਿਕਸਤੇ ਹੈ ਸੋ ਸਭ ਸਫਲ ਹੋ ਜਾਤੇ।'[22]

ਗੁਰੂ ਬਿਲਾਸ ਪਾਤਸਾਹੀ ਛੇਵੀਂ ਵਿਚ ਵੀ ਸੁਖਮਨੀ ਦੀ ਰਚਨਾ ਸੰਬੰਧੀ ਲਿਖਿਆ ਹੈ ਕਿ:

ਰਾਮਸਰ ਨਿਕਟਿ ਇਹ ਬੇਰ ਬਿਰਾਜੈ।
ਜਿੰਹ ਤਹ ਸ੍ਰੀ ਗੁਰੂ ਅਸਨ ਛਾਜੈ।
ਸੁਖਮਨੀ ਜਿਹਠਾ ਬੈਠ ਉਚਾਰੀ।
ਜੋਊ ਦਰਸ ਕਰਹੈ ਨਰ ਨਾਰੀ।[23]

ਪਰੰਤੂ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਜੀ ਨੇ ਪਹਿਲੀਆਂ 16 ਅਸਟਪਦੀਆਂ ਦੀ ਰਚਨਾ ਕਰ ਲਈ ਸੀ। ਉਸ ਤੋਂ ਬਾਅਦ ਗੁਰੂ ਜੀ ਦਾ ਮੇਲ ਬਾਬਾ ਸ੍ਰੀ ਚੰਦ ਨਾਲ ਹੋਇਆ। ਉਹਨਾਂ ਦੇ ਕਹਿਣ ਤੇ ਗੁਰੂ ਜੀ ਨੇ ਸੁਖਮਨੀ ਵਿਚ ਅੱਠ ਹੋਰ ਅਸਟਪਦੀਆਂ ਦਾ ਵਾਧਾ ਕੀਤਾ ਤੇ ਇਹਨਾਂ ਦੀ ਗਿਣਤੀ 24 ਕਰ ਦਿੱਤੀ। ਇਸ ਗੱਲ ਤੇ ਵੀ ਮੱਤਭੇਦ ਪਾਇਆ ਜਾਂਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਦਾ ਤੇ ਗੁਰੂ ਜੀ ਦਾ ਮੇਲ ਕਿੱਥੇ ਹੋਇਆ। ਕੁਝ ਵਿਦਵਾਨਾਂ ਅਨੁਸਾਰ ਬਾਬਾ ਸ੍ਰੀ ਚੰਦ ਜੀ ਗੁਰੂ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਆਏ ਸਨ। ਪਰੰਤੂ ਤੇਜਾ ਸਿੰਘ ਸੋਢੀ ਅਨੁਸਾਰ,

'ਸਹਿੰਸਰੇ ਤੋਂ ਚਲ ਕੇ ਗੁਰੂ ਜੀ ਗੁਰੂ ਨਾਨਕ ਸਾਹਿਬ ਦੀ ਦੇ ਅੰਤਮ ਨਿਵਾਸ ਅਸਥਾਨ ਦਾ ਦਰਸ਼ਨ ਕਰਨ ਵਾਸਤੇ ਡੇਹਰਾ ਬਾਬਾ ਨਾਨਕ ਗਏ। ਇਥੋਂ ਅੱਗੇ ਪਿੰਡ ਬਾਰਠ ਬਾਬਾ ਸਿਰੀ ਚੰਦ ਜੀ ਪਾਸ ਜਾ ਬਿਰਾਜੇ। ਗੁਰੂ ਸਾਹਿਬ ਨੇ ਬਾਬਾ ਜੀ ਨੂੰ ਸੁਖਮਨੀ ਸਾਹਿਬ ਦੀਆਂ ਪਹਿਲੀਆਂ 16 ਅਸਟਪਦੀਆਂ ਜਿਹੜੀਆਂ ਗੁਰੂ ਜੀ ਨੇ ਰਚੀਆਂ ਹੋਈਆਂ ਸਨ ਪੜ੍ਹ ਕੇ ਸੁਣਾਈਆਂ। ਇਹਨਾਂ ਨੂੰ ਸੁਣ ਕੇ ਬਾਬਾ ਜੀ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤਾ ਕਿ ਪੁਰਸ ਦੇ ਅੱਠ ਪਹਿਰਾ ਦੇ 24000 ਸੁਆਸ ਸਫਲਾ ਕਰਨ ਵਾਸਤੇ ਇਹ

[22] ਫਰੀਦਕੋਟ ਵਾਲਾ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਜ਼ਿਲਦ 1, ਪੰਨਾ-581.
[23] ਕਾਵਿ ਸੋਹਨ ਜੀ, ਸ੍ਰੀ ਗੁਰੂ ਬਿਲਾਸ ਪਾਤਸਾਹੀ ਛੇਵੀਂ, ਗਿਆਨ ਇੰਦਰ ਸਿੰਘ ਗਿੱਲ (ਸੰਪਾ.), ਪੰਨਾ-75.

ਅਸਟਪਦੀਆਂ 24 ਪੂਰੀਆਂ ਕਰ ਦਿਓ। ਗੁਰੂ ਜੀ ਨੇ ਕਿਹਾ ਕਿ ਅੱਗੇ ਆਪ ਹੀ ਰਚਨਾ ਦੀ ਕ੍ਰਿਪਾ ਕਰੋ। ਤਦ ਬਾਬਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਸਲੋਕ – 'ਆਦਿ ਸਚੁ ਜੁਗਾਦਿ ਸਚ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ' ਪੜ੍ਹ ਕੇ ਕਿਹਾ ਕੀ ਅੱਗੇ ਆਪ ਹੀ ਰਚ ਲਵੋ। ਤਦ ਗੁਰੂ ਜੀ ਨੇ ਇਸ ਤੋਂ ਅੱਗੇ ਅੱਠ ਅਸਟਪਦੀਆਂ ਉਚਾਰਨ ਕਰਕੇ ਬਾਬਾ ਜੀ ਨੂੰ ਸੁਣਾਈਆਂ ਅਤੇ ਆਪ ਜੀ ਬਹੁਤ ਪ੍ਰਸੰਨ ਹੋਏ।'[24]

ਪਿੰਡ ਬਾਰਠ ਦੇ ਗੁਰਦੁਆਰਾ ਸਾਹਿਬ ਦੇ ਇਤਿਹਾਸ ਵਿਚ ਵੀ ਇਹ ਗੱਲ ਦਾ ਜ਼ਿਕਰ ਹੈ ਕਿ ਸੰਮਤ 1655 ਬਿਕਰਮੀਂ ਵਿਚ ਗੁਰੂ ਅਰਜਨ ਦੇਵ ਜੀ ਬਾਬਾ ਸ੍ਰੀ ਚੰਦ ਜੀ ਨੂੰ ਇਸ ਅਸਥਾਨ ਤੇ ਮਿਲੇ ਸਨ।

ਪਰੰਤੂ ਸਮੁੱਚੇ ਵਾਦ-ਵਿਵਾਦ ਨੂੰ ਛੱਡ ਕੇ ਅਸਲ ਗੱਲ ਇਹ ਹੈ ਕਿ ਸੁਖਮਨੀ ਸਾਹਿਬ ਗੁਰੂ ਜੀ ਦੀ ਸ਼ਾਹਕਾਰ ਰਚਨਾ ਹੈ ਜਿਸ ਵਿਚ ਗੁਰੂ ਜੀ ਨੇ ਸਮੁੱਚੀ ਮਾਨਵਤਾ ਨੂੰ ਸੱਚੇ ਮਾਰਗ ਤੇ ਚੱਲ ਕੇ ਸ਼ਾਂਤ ਅਤੇ ਸੁੱਖੀ ਜੀਵਨ ਬਤੀਤ ਕਰਨ ਦੀ ਸਲਾਹ ਦਿੱਤੀ ਹੈ।

### 2.2.2 ਸੁਖਮਨੀ ਸਾਹਿਬ ਦੇ ਸ਼ਾਬਦਿਕ ਅਰਥ:-

ਸੁਖਮਨੀ ਸ਼ਬਦ ਦੇ ਅਰਥ ਵੱਖ-ਵੱਖ ਵਿਦਵਾਨਾਂ ਨੇ ਆਪੋ ਆਪਣੇ ਤਰੀਕੇ ਨਾਲ ਕੀਤੇ ਹਨ। ਜਿਵੇਂ: ਡਾ. ਪ੍ਰੇਮ ਪ੍ਰਕਾਸ਼ ਸੁਖਮਨੀ ਨੂੰ 'ਸੁਖਾਂ ਦੀ ਮਣੀ' ਕਹਿੰਦੇ ਹਨ।[25] Trumph ਨੇ ਸੁਖਮਨੀ ਦਾ ਸੰਬੰਧ ਸੁਖਮਨਾ ਨਾੜੀ ਨਾਲ ਜੋੜਿਆ ਹੈ।[26]

> 'ਸੁਖਮਨਾ ਨਾੜੀ ਯੋਗੀਆਂ ਦੀ ਕਲਪੀ ਹੋਈ ਇਕ ਨਾੜੀ ਹੈ ਜੋ ਨੱਕ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੱਕ ਪਹੁੰਚਦੀ ਹੈ। ਇਸ ਦੇ ਸੱਜੇ ਪਾਸੇ ਪਿੰਗਲਾ ਅਤੇ ਖੱਬੇ ਪਾਸੇ ਇੜਾ ਹੈ। ਜਦ ਅਭਿਆਸ ਨਾਲ ਇਸ ਵਿਚ ਪ੍ਰਾਣ ਚਲਾਈਦੇ ਹਨ ਤਦ ਅਨਹਦ ਸ਼ਬਦ ਸੁਣੀਂਦਾ ਹੈ ਅਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ।'[27]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸੁਖਮਨੀ ਮਨ ਨੂੰ ਆਨੰਦ ਦੇਣ ਵਾਲੀ ਬਾਣੀ' ਹੈ।[28]

---

[24] ਸੋਢੀ ਤੇਜਾ ਸਿੰਘ ਜੀ, ਸੂਰਜ ਪ੍ਰਕਾਸ, ਜੀਵਨ ਬਿਰਤਾਂਤ ਦਸ ਪਾਤਸ਼ਾਹੀਆਂ, ਪੰਨਾ-212.
[25] ਡਾ. ਪ੍ਰੇਮ ਪ੍ਰਕਾਸ਼, ਪੰਜਾਬੀ ਦੁਨੀਆਂ ਗੁਰਮਤਿ ਸਾਹਿਤ ਅੰਕ (ਫਰਵਰੀ 1965), ਪੰਨਾ-47.
[26] Dr. Ernest Trumph, The Adi Granth , p. 378.
[27] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-208.
[28] ਉਹੀ, ਪੰਨਾ-156.

ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਵੀ ਸੁਖਮਨੀ ਨੂੰ 'ਮਨ ਵਿਚ ਸੁਖ ਵਸਾਉਣ ਵਾਲੀ ਬਾਣੀ' ਕਿਹਾ ਹੈ।[29]

ਗੁਰਬਚਨ ਸਿੰਘ ਤਾਲਿਬ ਇਸ ਨੂੰ Consoler of the mind ਕਹਿੰਦੇ ਹਨ।[30]

ਭਾਈ ਵੀਰ ਸਿੰਘ ਸੁਖਮਨੀ ਦਾ ਭਾਵ ਸੁਖ + ਮਨ + ਈ ਭਾਵ ਮਨ ਨੂੰ ਸੁਖ ਦੇਣ ਹਾਰ ਜਾਂ ਮਨ ਨੂੰ ਆਨੰਦ ਦੇਣ ਵਾਲੀ ਬਾਣੀ ਤੋਂ ਲੈਂਦੇ ਹਨ।[31]

ਪ੍ਰੋ. ਸਾਹਿਬ ਸਿੰਘ ਅਨੁਸਾਰ, 'ਪ੍ਰਭੂ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ ਸਭ ਸੁਖਾਂ ਦੀ ਮਣੀ ਹੈ। ਇਸ ਦਾ ਟਿਕਾਣਾਂ ਭਗਤਾਂ ਦੇ ਹਿਰਦੇ ਵਿਚ ਹੈ।'[32]

ਗਿਆਨੀ ਨਰੈਣ ਸਿੰਘ ਜੀ ਅਨੁਸਾਰ, 'ਇਸ ਬਾਣੀ ਦਾ ਨਾਮ ਸੁਖਮਣੀ ਹੈ। ਇਸ ਵਿਚ ਸੁੱਖ ਦੇਣ ਵਾਲਾ ਪ੍ਰਭੂ ਦਾ ਅੰਮ੍ਰਿਤ ਨਾਮ ਹੈ ਜੋ ਪ੍ਰਭੂ ਭਗਤਜਨਾਂ ਦੇ ਮਨ ਵਿਚ ਵਸਦਾ ਹੈ।'[33]

ਭਾਈ ਵੀਰ ਸਿੰਘ ਅਨੁਸਾਰ, 'ਸੁਖਮਨੀ ਪ੍ਰਭੂ ਦਾ ਅੰਮ੍ਰਿਤ ਨਾਮ ਹੈ ਜੋ ਸੁਖ ਦੇਣ ਵਾਲਾ ਹੈ ਭਗਤਾਂ ਦੇ ਮਨ ਵਿਚ ਇਸ ਦਾ ਵਾਸਾ ਹੈ।'[34]

ਉਪਰੋਕਤ ਸਾਰਿਆਂ ਵਿਦਵਾਨਾਂ ਦੇ ਵਿਚਾਰਾਂ ਤੇ ਵਿਚਾਰ ਕਰਨ ਤੇ ਇਹ ਕਿਹਾ ਜਾ ਸਕਦਾ ਹੈ ਕਿ ਸੁਖਮਨੀ ਮਨ ਨੂੰ ਸੁਖ ਦੇਣ ਵਾਲੀ ਬਾਣੀ ਹੈ। ਇਸ ਬਾਣੀ ਕੇਵਲ ਉਲਝੇ ਰਾਹੋਂ ਭੁੱਲੇ ਬਿਖੜੇ ਅਸ਼ਾਂਤ ਮਨ ਨੂੰ ਸ਼ਾਂਤੀ ਤੇ ਸੁਖ ਦੇਣ ਦੀ ਲੋੜ ਨੂੰ ਮੁੱਖ ਰੱਖ ਕੇ ਰਚੀ ਗਈ। ਇਥੇ ਸੁਖ ਦਾ ਅਰਥ ਕੇਵਲ ਸਰੀਰਕ ਸੁਖ ਹੀ ਨਹੀਂ ਸਗੋਂ ਆਤਮਿਕ ਸੁਖ ਵੀ ਹੈ। ਇਹ ਸੁਖ ਮਨੁੱਖ ਨੂੰ ਆਨੰਦ ਦੀ ਪ੍ਰਾਪਤੀ ਸਮੇਂ ਹੀ ਹੋ ਸਕਦਾ ਹੈ। ਆਨੰਦ ਤੋਂ ਭਾਵ ਮਨ ਦੀ ਉਹ ਅਵਸਥਾ ਹੈ ਜੋ ਮਨੁੱਖ ਸੱਚ ਦੀ ਪ੍ਰਾਪਤੀ ਵੇਲੇ ਆਪਣੇ ਅੰਦਰ ਪ੍ਰਤੀਤ ਕਰਦਾ ਹੈ। ਇਸ ਆਨੰਦ ਜਾਂ ਸੁਖ ਦੀ ਪ੍ਰਾਪਤੀ ਨਾਲ ਮਨ ਵਿਚ ਸ਼ਾਂਤੀ ਤੇ ਠਹਿਰਾਉ ਆਉਂਦਾ ਹੈ। ਸੁਖਮਨੀ ਸਾਹਿਬ ਦਾ ਮੂਲ ਮਨੋਰਥ ਇਸਦੀਆਂ ਆਰੰਭਕ ਪੌੜੀ ਦੀਆਂ ਅਖੀਰਲੀਆਂ ਦੋ ਸਤਰਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥

---

[29] ਡਾ. ਗੁਰਚਰਨ ਸਿੰਘ, ਸ੍ਰੀ ਗੁਰੁ ਗ੍ਰੰਥ ਕੋਸ਼, ਪੰਨਾ-408.
[30] Gurbachan Singh Talib, The Encyclopedia of Sikhisim, Vol. IV, p. 263.
[31] ਭਾਈ ਵੀਰ ਸਿੰਘ, ਸਟੀਕ ਸੁਖਮਨੀ ਸਾਹਿਬ, ਪੰਨਾ-10.
[32] ਪ੍ਰੋ. ਸਾਹਿਬ ਸਿੰਘ, ਸੁਖਮਨੀ ਸਾਹਿਬ ਸਟੀਕ, ਪੰਨਾ-17.
[33] ਗਿਆਨੀ ਨਰੈਣ ਸਿੰਘ ਜੀ,ਸੁਖਮਨੀ ਸਾਹਿਬ ਸਟੀਕ, ਪੰਨਾ-337.
[34] ਭਾਈ ਵੀਰ ਸਿੰਘ, ਸਟੀਕ ਸੁਖਮਨੀ ਸਾਹਿਬ, ਪੰਨਾ-10.

ਡਾ. ਮਹਿੰਦਰ ਕੌਰ ਗਿੱਲ ਅਨੁਸਾਰ,

> 'ਇਸ ਤੁਕ ਵਿਚ ਜਿਹੜੇ ਮਹੱਤਵਪੂਰਨ ਸ਼ਬਦ ਹਨ – ਸੁਖ, ਮਨੀ, ਅੰਮ੍ਰਿਤ, ਪ੍ਰਭੂ, ਨਾਮ, ਭਗਤ, ਜਨ, ਮਨਿ, ਆਦਿਕ। ਮੇਰੇ ਵਿਚਾਰ ਅਨੁਸਾਰ ਇਹ ਵਿਸ਼ੇ ਹੀ ਹਨ ਜਿਨ੍ਹਾਂ ਬਾਰੇ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਵਿਚ ਵਿਆਖਿਆ ਕੀਤੀ ਹੈ।'[35]

ਸੁਖਮਨੀ ਸਾਹਿਬ ਵਿਚ ਦੱਸਿਆ ਹੈ ਕਿ ਸਹਿਜ ਅਵਸਥਾ ਵਿਚ ਟਿਕ ਕੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ ਹੀ ਮਨ ਨੂੰ ਸੁਖ ਦੇਣ ਵਾਲਾ ਹੈ। ਜਿਸ ਸੇਵਕ ਦੇ ਮਨ ਵਿਚ ਉਹ ਪਰਮਾਤਮਾ ਵਸ ਜਾਂਦਾ ਹੈ ਉਹ ਗੁਣਾਂ ਦਾ ਖਜ਼ਾਨਾ ਬਣ ਜਾਂਦਾ ਹੈ।

ਸੁਖਮਨੀ ਸਹਜ ਗੋਬਿੰਦ ਗੁਨ ਨਾਮ॥
ਜਿਸ ਮਨਿ ਬਸੈ ਸੁ ਹੋਤ ਨਿਧਾਨ॥ (ਅਸਟਪਦੀ 24.5)

ਸੁਖਮਨੀ ਸਾਹਿਬ ਦੀ 24ਵੀਂ ਅਸਟਪਦੀ ਦੇ ਆਖ਼ਰ ਵਿਚ ਵੀ ਦੱਸਿਆ ਹੈ ਕਿ ਕਿਨ੍ਹਾਂ ਗੁਣਾਂ ਕਰਕੇ ਇਸ ਬਾਣੀ ਦਾ ਨਾਮ ਸੁਖਮਨੀ ਹੈ:

ਜਨਮ ਮਰਨ ਤਾ ਦੂਖ ਨਿਵਾਰੈ॥
ਦੁਲਭ ਦੇਹ ਤਤਕਾਲ ਉਧਾਰੈ॥ (ਅਸਟਪਦੀ 24.8)
ਦੂਖ ਰੋਗ ਬਿਨਸੇ ਭੈ ਭਰਮ॥
ਸਾਧ ਨਾਮ ਨਿਰਮਲ ਤਾ ਕੇ ਕਰਮ॥
ਸਭ ਤੇ ਊਚ ਤਾ ਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥ (ਅਸਟਪਦੀ 24.8)

### 2.2.3 **ਸੁਖਮਨੀ ਸਾਹਿਬ ਦੀ ਭਾਸ਼ਾ:-**

ਗੁਰੂ ਅਰਜਨ ਦੇਵ ਜੀ ਦੀ ਭਾਸ਼ਾ ਬਾਰੇ ਕਈ ਤਰ੍ਹਾਂ ਦੇ ਮੱਤਭੇਦ ਪਾਏ ਜਾਂਦੇ ਹਨ। ਗੁਰੂ ਜੀ ਦੀ ਰਚਨਾ ਸੁਖਮਨੀ ਸਾਹਿਬ ਅਸਲ ਵਿਚ ਨਾ ਤਾਂ ਪੂਰੀ ਤਰ੍ਹਾਂ ਪੰਜਾਬੀ ਵਿਚ ਲਿਖੀ ਹੈ ਤੇ ਨਾ ਹੀ ਹਿੰਦੀ ਵਿਚ ਇਹ ਤਾਂ ਸਗੋਂ ਦੋਵਾਂ ਭਾਸ਼ਾਵਾਂ ਦਾ ਰਲਾਅ ਹੈ। ਇਸ ਵਿਚ ਹਿੰਦੀ ਭਾਸ਼ਾ ਦੇ ਪੰਜਾਬੀ ਦੇ ਨੇੜੇ ਵਾਲੇ ਸ਼ਬਦ ਅਤੇ ਪੰਜਾਬੀ ਦੇ ਹਿੰਦੀ ਦੇ ਨਾਲ ਮਿਲਦੇ ਜੁਲਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

---

[35] ਡਾ. ਮਹਿੰਦਰ ਕੌਰ ਗਿੱਲ, ਸੁਖਮਨੀ: ਸਹਿਜ ਗਿਆਨ, ਪੰਨਾ- 125-126.

'ਕਿਸੇ ਸਾਹਿਤਕਾਰ ਦੀ ਭਾਸ਼ਾ ਦੇ ਸਰਵੇਖਣ ਤੋਂ ਪਹਿਲਾਂ ਦੇ ਜੀਵਨ ਅਤੇ ਵਿਅਕਤਿੱਤਵ ਤੇ ਪਏ ਪ੍ਰਭਾਵਾਂ ਨੂੰ ਵੇਖਣਾ ਅਤਿ ਆਵਸ਼ਕ ਹੁੰਦਾ ਹੈ ਕਿਉਂਕਿ ਸਾਹਿਤਕਾਰ ਜਿਤਨਾ ਘੁੰਮਿਆ ਫਿਰਿਆ ਹੋਵੇਗਾ ਅਤੇ ਜਿਸ ਇਲਾਕੇ ਵਿਚ ਵਧੇਰੇ ਸਮਾਂ ਬਿਤਾਏਗਾ ਉਥੋਂ ਦੀ ਬੋਲੀ ਅਤੇ ਭਾਸ਼ਾ ਦਾ ਪ੍ਰਭਾਵ ਉਸ ਉਤੇ ਪੈਣਾ ਸੁਭਾਵਿਕ ਜਿਹਾ ਹੋ ਜਾਂਦਾ ਹੈ। ਜਿਥੋਂ ਤੱਕ ਗੁਰੂ ਅਰਜਨ ਦੇਵ ਜੀ ਦਾ ਸਬੰਧ ਹੈ ਇਹਨਾਂ ਦਾ ਜੀਵਨ ਵਧੇਰੇ ਕਰਕੇ ਅੰਤਰਮੁਖੀ ਹੀ ਕਿਹਾ ਜਾ ਸਕਦਾ ਹੈ। ਇਨ੍ਹਾਂ ਨੇ ਗੁਰੂ ਨਾਨਕ ਦੇਵ ਵਾਂਙ ਉਦਾਸੀਆਂ ਨਾਂ ਕਰਕੇ ਸਗੋਂ ਟਿਕਾਉ ਦੀ ਅਵਸਥਾ ਵਿਚ ਰਹਿ ਕੇ ਹੀ ਰਚਨਾ ਕੀਤੀ ਹੈ। ਹਾਂ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਆਪ ਨੇ ਭਾਰਤ ਦੇ ਵੱਖ-ਵੱਖ ਭਾਸ਼ਾਵਾਂ ਦੇ ਸੰਤਾਂ ਭਗਤਾਂ ਦੀਆਂ ਰਚਨਾਵਾਂ ਨੂੰ ਪੜ੍ਹਿਆ ਅਤੇ ਘੋਖਿਆ ਸੀ। ਆਪ ਜੀ ਦੀ ਰਚਨਾ ਤੋਂ ਆਪ ਦੇ ਸਰਬ ਪੱਖੀ ਅਤੇ ਵਿਸ਼ਾਲ ਗੁਣਾਂ ਦੀ ਝਲਕ ਸਪਸ਼ਟ ਦਿਖਾਈ ਦਿੰਦੀ ਹੈ।'[36]

ਸੁਖਮਨੀ ਦੀ ਬੋਲੀ ਵਿਚ ਪਦਾਂ ਦੀ ਚੋਣ ਵਿਚ ਗੁਰੂ ਜੀ ਨੇ ਪੰਜਾਬੀ ਅਤੇ ਹਿੰਦੀ ਦੇ ਚੁਣਵੇਂ ਸੁਮੇਲਨ ਦਾ ਕਮਾਲ ਕੀਤਾ ਹੈ।

ਡਾ. ਗੋਪਾਲ ਸਿੰਘ ਅਨੁਸਾਰ - ਇਸ ਵਿਚ ਸੰਸਕ੍ਰਿਤ ਦਾ ਢੇਰ ਰਲਾਅ ਹੈ। ਲਹਿੰਦੀ, ਫ਼ਾਰਸੀ, ਅਰਬੀ, ਸਿੰਧੀ, ਰਾਜਸਥਾਨੀ, ਕੇਂਦਰੀ ਪੰਜਾਬੀ ਆਦਿਕ ਦੇ ਨਮੂਨੇ ਮਿਲਦੇ ਹਨ।[37]

ਪ੍ਰੋ. ਸੰਤ ਸਿੰਘ ਸੇਖੋਂ ਗੁਰੂ ਅਰਜਨ ਦੇਵ ਜੀ ਦੀ ਭਾਸ਼ਾ ਨੂੰ ਬ੍ਰਜ ਭਾਸ਼ਾ ਜਾਂ ਹਿੰਦਵੀ ਪ੍ਰਧਾਨ ਮੰਨਦੇ ਹਨ।[38]

ਸੀਤਾ ਰਾਮ ਬਾਹਰੀ ਅਨੁਸਾਰ, 'ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਦਾ ਝੁਕਾਅ ਬ੍ਰਜ ਭਾਸ਼ਾ ਵੱਲ ਵਧੇਰੇ ਪ੍ਰਤੀਤ ਹੁੰਦਾ ਹੈ ਪਰ ਸਮੁੱਚੇ ਤੌਰ ਤੇ ਉਹਨਾਂ ਦੀ ਬਾਣੀ ਪੰਜਾਬੀ ਵਿਚ ਹੀ ਹੈ।'[39]

---

[36] ਪ੍ਰੋ. ਸਾਹਿਬ ਸਿੰਘ ਅਰਸ਼ੀ, ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ, ਪੰਨਾ-132.

[37] ਗੋਪਾਲ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-95.

[38] ਪ੍ਰਿੰ. ਸੰਤ ਸਿੰਘ ਸੇਖੋਂ, ਪੰਜਾਬੀ ਦੁਨੀਆਂ (ਸ਼ੇਖ਼ ਫ਼ਰੀਦ ਅੰਕ), ਜਨਵਰੀ 1953.

[39] ਸੀਤਾ ਰਾਮ ਬਾਹਰੀ, ਪੰਜਾਬੀ ਦੁਨੀਆਂ, ਜੂਨ-ਜੁਲਾਈ (ਗੁਰੂ ਅਰਜਨ ਅੰਕ), 1953.

ਡਾ. ਕੋਹਲੀ ਨੇ ਗੁਰੂ ਅਰਜਨ ਦੇਵ ਜੀ ਦੀ ਭਾਸ਼ਾ ਨੂੰ ਸ਼ੋਰਸ਼ੈਨੀ ਅਪਭ੍ਰੰਸ਼ ਤੋਂ ਵਿਕਸਤ ਹੋਈ ਉਸ ਸਮੇਂ ਦੀ ਸਾਧ ਭਾਸ਼ਾ ਮੰਨਿਆ ਹੈ।[40]

ਸੁਖਮਨੀ ਦੀ ਭਾਸ਼ਾ ਅਸਲ ਵਿਚ ਸਾਧ ਭਾਸ਼ਾ ਹੈ ਜਿਹੜੀ ਉਸ ਸਮੇਂ ਤਕਰੀਬਨ ਸਾਰੇ ਭਾਰਤ ਵਿਚ ਸਮਝੀ ਜਾਂਦੀ ਸੀ। ਅਸਲ ਵਿਚ ਗੁਰੂ ਜੀ ਨੇ ਨਾਮ ਸਿਮਰਨ ਦਾ ਪੈਗ਼ਾਮ ਦੇਣ ਲਈ ਅਤੇ ਜੀਵ ਨੂੰ ਅਧਿਆਤਮਿਕਤਾ ਦੇ ਰਸਤੇ ਤੇ ਤੋਰਨ ਲਈ ਹਰ ਵਰਗ ਦੀ ਸਮਝ ਨੂੰ ਮੁੱਖ ਰੱਖਿਆ। ਇਸ ਬਾਣੀ ਰਾਹੀਂ ਗੁਰੂ ਜੀ ਨੇ ਵਿਸ਼ਵ ਨੂੰ ਕੋਈ ਮਹਾਨ ਸੰਦੇਸ਼ ਦੇਣਾ ਸੀ। ਉਹਨਾਂ ਨੇ ਅਜਿਹੀ ਸਰਲ ਭਾਸ਼ਾ ਨੂੰ ਅਪਣਾਇਆ ਜੋ ਹਰ ਵਰਗ ਦੇ ਲੋਕਾਂ ਨੂੰ ਸੌਖਿਆਂ ਸਮਝ ਆ ਸਕੇ। ਇਸ ਰਚਨਾ ਵਿਚ ਉਸ ਸਮੇਂ ਪ੍ਰਚਲਿਤ ਭਾਸ਼ਾਵਾਂ ਦੇ ਪ੍ਰਚੱਲਿਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ:

ਸੰਸਕ੍ਰਿਤ: ਸ੍ਰਿਸ਼ਟੀ, ਸ਼ਾਸਤਰ, ਚਿਤ੍ਰ, ਗੁਪਤ, ਨਿਰਤਿ, ਨੇਤ੍ਰ, ਕੋਟਿ, ਅਹੰਮੇਵ, ਬ੍ਰਹਮੰਡ, ਰਾਜਸ, ਤਾਮਸ, ਸਾਤਕ, ਤਿਗਦ ਆਦਿ।

ਪੰਜਾਬੀ: ਮਨਸਾ, ਚਾਉ, ਉਪਜੀ, ਘਾਲ, ਚੋਜ, ਬਸਿਆ, ਪਰੈ, ਟੇਕ, ਵਿਹੂਣਾ, ਆਸ, ਬੇਅੰਤ, ਸੂਤ, ਖੋਜੇ ਆਦਿ।

ਬ੍ਰਜ ਭਾਸ਼ਾ: ਸਾਚਾ, ਡੋਲਾਨੇ, ਅਵਰਹ, ਕੋਉ, ਕਿਛੁ, ਕਮਾਵਤ, ਹੋਵਤ, ਲਾਗਾ ਆਦਿ।

ਹਿੰਦੀ: ਸਾਜਨ, ਕਾਮ, ਜੈਸਾ, ਤੈਸਾ, ਕਰਮ, ਨੈਨ, ਸਾਗਰ, ਬਸਤੁ, ਨਿਕਟ, ਉਪਮਾ ਆਦਿ।

ਫ਼ਾਰਸੀ: ਸਾਹਿਬੁ, ਦਾਸ, ਬਖ਼ਸੀਸ, ਬਖ਼ਸੰਦ, ਲਸ਼ਕਰ, ਹਜ਼ੂਰੇ, ਹੁਕਮ ਆਦਿ।

ਗੁਰੂ ਜੀ ਦੀ ਸੁਖਮਨੀ ਬਾਣੀ ਵਿਚ ਸਾਦਗੀ ਤੇ ਅਸਲੀਅਤ ਪ੍ਰਤੱਖ ਝਲਕਦੀ ਹੈ। ਗੁਰੂ ਜੀ ਯੋਗ ਵਿਦਿਆ, ਦਰਸ਼ਨ ਸ਼ਾਸਤਰ, ਸੰਗੀਤ ਵਿਦਿਆ ਤੇ ਸੂਫ਼ੀ ਮਤ ਦੇ ਗੂੜ੍ਹ ਸਿਧਾਂਤ ਜਾਣਦੇ ਸਨ। ਉਹਨਾਂ ਦੀ ਬੋਲੀ ਤੋਂ ਉਹਨਾਂ ਦੀ ਵਿਦਵਤਾ ਝਲਕਦੀ ਹੈ ਪਰ ਗੁਰੂ ਜੀ ਨੇ ਜਨਤਾ ਦੀ ਸਧਾਰਨ ਬੋਲੀ ਨੂੰ ਹੀ ਰਚਨਾ ਦਾ ਆਧਾਰ ਬਣਾਇਆ।

ਗੁਰੂ ਅਰਜਨ ਦੇਵ ਜੀ ਕਈ ਤਰ੍ਹਾਂ ਦੀ ਭਾਸ਼ਾ ਦੇ ਵਿਦਵਾਨ ਸਨ ਅਤੇ ਉਹਨਾਂ ਕੋਲ ਸ਼ਬਦਾਵਲੀ ਦਾ ਅਮੁੱਕ ਭੰਡਾਰ ਸੀ। ਪਰ ਗੁਰੂ ਜੀ ਨੇ ਸੁਖਮਨੀ ਵਿਚ ਵਿਚਾਰਾਂ ਨੂੰ ਔਖੇ ਤਰੀਕੇ ਨਾਲ ਨਹੀਂ ਪੇਸ਼ ਕੀਤਾ ਸਗੋਂ ਹਰ ਵਰਗ ਦੇ ਪਾਠਕਾਂ ਦੇ ਸੂਝ ਪੱਧਰ ਨੂੰ ਧਿਆਨ ਵਿਚ ਰੱਖਦੇ ਹੋਏ ਸਰਲ ਸ਼ਬਦਾਵਲੀ ਦੀ ਵਰਤੋਂ ਕੀਤੀ। ਗੁਰੂ ਜੀ ਦੇ ਜੀਵਨ ਦੀ ਤਰ੍ਹਾਂ

---

[40] Dr. S.S. Kohli, A Critical Study of Adi Granth, p. 49.

ਉਹਨਾਂ ਦੀ ਬਾਣੀ ਦੀ ਭਾਸ਼ਾ ਵਿਚ ਅਮੀਰੀ ਵੀ ਹੈ ਤੇ ਫ਼ਕੀਰੀ ਵੀ, ਵਿਸ਼ਾਲਤਾ ਵੀ ਹੈ ਤੇ ਗੰਭੀਰਤਾ ਵੀ।

ਸੁਖਮਨੀ ਸਾਹਿਬ ਦਾ ਮੁੱਖ ਉਦੇਸ਼ ਹੈ ਕਿ ਮਨੁੱਖ ਨਾਮ ਸਿਮਰਨ ਦੇ ਦੁਆਰਾ ਨੈਤਿਕ ਕਦਰਾਂ-ਕੀਮਤਾਂ ਧਾਰਨ ਕਰਕੇ ਵਿਸ਼ੇ ਵਿਕਾਰਾਂ ਤੋਂ ਬਚ ਕੇ ਜੀਵਨ ਯਾਤਰਾ ਨੂੰ ਸੁਖਦਾਈ ਬਣਾ ਕੇ ਜ਼ਿੰਦਗੀ ਦੇ ਅਸਲੀ ਸੱਚ ਨੂੰ ਪਛਾਣਨ ਦੇ ਸਮਰੱਥ ਬਣੇ। ਸੁਖਮਨੀ ਸਾਹਿਬ ਦਾ ਕੇਂਦਰੀ ਵਿਸ਼ਾ ਮਨੁੱਖੀ ਪੂਰਨਤਾ ਹੈ। ਇਹ ਪੂਰਨਤਾ ਰੱਬ ਨਾਲ ਅਭੇਦਤਾ ਪ੍ਰਾਪਤ ਕਰਕੇ ਹੀ ਪਾਈ ਜਾ ਸਕਦੀ ਹੈ। ਇਹ ਪੂਰਨਤਾ ਹੀ ਮਨੁੱਖੀ ਸੁੱਖ ਦਾ ਸਾਧਨ ਹੈ। ਗੁਰੂ ਜੀ ਨੇ ਆਪਣੀ ਇਸ ਬਾਣੀ ਵਿਚ ਮਨੁੱਖ ਨੂੰ ਜੀਵਨ ਦੇ ਸੱਚੇ ਅਤੇ ਸਦੀਵੀਂ ਸੁੱਖਾਂ ਦੀ ਪ੍ਰਾਪਤੀ ਦਾ ਮਾਰਗ ਸੁਝਾਇਆ ਹੈ। ਗੁਰੂ ਜੀ ਨੇ ਸੁਖਮਨੀ ਵਿਚ ਬਹੁਪੱਖੀ ਵਿਸ਼ਿਆਂ ਨੂੰ ਛੋਹਿਆ ਹੈ ਜਿਵੇਂ ਕਿ ਨਾਮ ਸਿਮਰਨ, ਪ੍ਰਭੂ, ਸੁੱਖ, ਸਿਸ਼ਟੀ ਰਚਨਾ, ਸ੍ਰਿਸ਼ਟੀ ਦੀ ਬੇਅੰਤਤਾ, ਸੰਸਾਰ ਦੀ ਨਾਸ਼ਮਾਨਤਾ, ਸਦਾਚਾਰ ਤੇ ਨੈਤਿਕਤਾ, ਮਨੁੱਖੀ ਸਰੂਪ (ਜਿਵੇਂ ਗੁਰੂ, ਸਾਧ, ਸੇਵਕ, ਸੰਤ, ਬ੍ਰਹਮ ਗਿਆਨੀ), ਹਉਮੈਗ੍ਰਸਤ ਤੇ ਨਿੰਦਕ ਆਦਿ।

ਸੁਖਮਨੀ ਇਕ ਅਜਿਹੇ ਪੂਰਨ ਸੁੱਖ ਦੀ ਪ੍ਰਾਪਤੀ ਦੀ ਲੋਚਾ ਦਾ ਰਾਹ ਦੱਸਦੀ ਹੈ ਜਿਸਦਾ ਨਿਵਾਸ ਜਗਿਆਸੂ ਦੇ ਮਨ ਅੰਦਰ ਹੁੰਦਾ ਹੈ। ਸੁਖਮਨੀ ਵਿਚ ਦੱਸਿਆ ਗਿਆ ਹੈ ਕਿ ਸਦੀਵੀਂ ਸੁੱਖ ਕਿਹੜਾ ਹੈ? ਗੁਰੂ ਜੀ ਦਸਦੇ ਹਨ ਕਿ ਉਹ ਸੁੱਖ ਸਹਿਜ ਸੁੱਖ ਹੁੰਦਾ ਹੈ ਜਿਸਦੀ ਪ੍ਰਾਪਤੀ ਸਿਮਰਨ ਦੁਆਰਾ ਹੁੰਦੀ ਹੈ। ਗੁਰੂ ਜੀ ਨੇ ਸੁਖਮਨੀ ਦੇ ਆਰੰਭ ਵਿਚ ਲਿਖਿਆ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।
ਕਲਿ ਕਲੇਸ ਤਨ ਮਾਹਿ ਮਿਟਾਵਉ॥ (ਅਸਟਪਦੀ 1.1)

ਡਾ. ਮਹਿੰਦਰ ਕੌਰ ਗਿੱਲ ਅਨੁਸਾਰ,

> 'ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਸਿਮਰੋ, ਇੰਨਾ ਸਿਮਰੋ ਕਿ ਸੁਖ ਭਾਵ ਮੁਕਤੀ ਨੂੰ ਪ੍ਰਾਪਤ ਹੋ ਜਾਵੋ। ਕਿਉਂਕਿ ਇਹ ਸੁਖ, ਮੁਕਤ ਹੋਣ ਦਾ ਸੁਖ, ਇਸ ਤਨ ਤੋਂ ਮੁਕਤ ਹੋਣ ਦਾ ਸੁਖ ਜੋ ਇਸ ਤਨ ਵਿਚ ਬੈਠ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ।'[41]

ਸੁਖਮਨੀ ਵਿਚ ਪਰਮਾਤਮਾ ਦੇ ਨਾਮ ਨੂੰ ਸਮਸਤ ਸੁਖਾਂ, ਰਿਸ਼ਤਿਆਂ-ਨਾਤਿਆਂ ਦੇ ਸਭ ਰਹਿਮਤਾਂ ਤੋਂ ਉੱਤਮ ਦੱਸਿਆ ਹੈ।

---

[41] ਡਾ. ਮਹਿੰਦਰ ਕੌਰ ਗਿੱਲ, ਸੁਖਮਨੀ: ਸਹਿਜ ਗਿਆਨ, ਪੰਨਾ-127.

### 2.2.4 ਸੁਖਮਨੀ ਸਾਹਿਬ: ਅਸਟਪਦੀਵਾਰ ਸੰਖੇਪ ਅਧਿਐਨ:-

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵ ਨੂੰ ਨਾਮ ਸਿਮਰਨ ਦੁਆਰਾ ਬ੍ਰਹਮ ਵਿਚ ਅਭੇਦ ਹੋ ਕੇ ਆਤਮਿਕ ਸੁਖ ਪ੍ਰਾਪਤ ਕਰਨ ਦਾ ਰਸਤਾ ਦੱਸਿਆ ਹੈ।

1. ਸੁਖਮਨੀ ਸਹਿਬ ਦੀ ਪਹਿਲੀ ਅਸਟਪਦੀ ਵਿਚ ਨਾਮ ਦਾ ਮਹੱਤਵ ਦੱਸਦੇ ਹੋਏ ਗੁਰੂ ਜੀ ਨੇ ਜੀਵਆਤਮਾ ਨੂੰ ਨਾਮ ਦਾ ਸਿਮਰਨ ਕਰਨ ਤੇ ਜ਼ੋਰ ਦਿੱਤਾ ਹੈ ਅਤੇ ਨਾਮ ਸਿਰਮਨ ਤੋਂ ਹੋਣ ਵਾਲੇ ਲਾਭ ਦੱਸੇ ਹਨ। ਗੁਰੂ ਜੀ ਨੇ ਇਸ ਅਸਟਪਦੀ ਵਿਚ ਦੱਸਿਆ ਹੈ ਕਿ ਨਾਮ ਸਿਮਰਨ ਨਾਲ ਸਭ ਦੁੱਖ, ਕਲੇਸ਼, ਡਰ ਦੂਰ ਹੋ ਜਾਂਦੇ ਹਨ ਅਤੇ ਮਨ ਵਿਚ ਸ਼ਾਂਤੀ ਭਾਵ ਬਿਸ੍ਰਾਮ ਦੀ ਅਵਸਥਾ ਆ ਜਾਂਦੀ ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।
ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥ (ਅਸਟਪਦੀ 1.2)

ਗੁਰੂ ਜੀ ਅਨੁਸਾਰ ਨਾਮ ਸਿਮਰਨ ਨਾਲ ਤਨ ਅਤੇ ਮਨ ਦੋਹਾਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਵਿਚ ਸ੍ਰੇਸ਼ਠਤਾ ਆ ਜਾਂਦੀ ਹੈ:

ਪ੍ਰਭ ਕਉ ਸਿਮਰਹਿ ਸੇ ਧੰਨਵੰਤੇ।
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ।
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥ (ਅਸਟਪਦੀ 1.5)

ਸੋ ਇਸ ਅਸਟਪਦੀ ਵਿਚ ਗੁਰੂ ਜੀ ਨੇ ਪ੍ਰਭੂ ਦੇ ਨਾਮ ਸਿਮਰਨ ਦਾ ਫ਼ਲ ਦਸਦਿਆਂ ਜੀਵ ਆਤਮਾ ਨੂੰ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਤੇ ਜ਼ੋਰ ਦਿੱਤਾ ਹੈ।

2. ਗੁਰੂ ਅਰਜਨ ਦੇਵ ਜੀ ਨੇ ਦੂਸਰੀ ਅਸਟਪਦੀ ਵਿਚ ਵੀ ਜੀਵ ਆਤਮਾਂ ਨੂੰ ਨਾਮ ਸਿਮਰਨ ਲਈ ਪ੍ਰੇਰਿਤ ਕੀਤਾ ਹੈ। ਗੁਰੂ ਜੀ ਅਨੁਸਾਰ ਦੁਨਆਵੀ ਕਿਰਿਆਵਾਂ ਤੇ ਰਿਸ਼ਤਿਆਂ ਦੀ ਥਾਂ ਨਾਮ ਸਿਮਰਨ ਹੀ ਅੰਤ ਤੇ ਸਹਾਈ ਹੋਣਾ ਹੈ। ਇਸ ਅਸਟਪਦੀ ਵਿਚ ਗੁਰੂ ਜੀ ਪਰਮਾਤਮਾ ਨੂੰ ਸੰਬੋਧਨ ਕਰਦੇ ਕਹਿੰਦੇ ਹਨ ਕਿ ਹੇ ਪਰਮਾਤਮਾ ਜਿੱਥੇ ਮਾਂ-ਬਾਪ, ਪੁੱਤਰ, ਮਿੱਤਰ, ਭਰਾ ਕੋਈ ਸਾਥ ਨਹੀਂ ਦਿੰਦਾ ਉੱਥੇ ਤੇਰਾ ਨਾਮ ਸਹਾਈ ਹੁੰਦਾ ਹੈ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮ ਸੰਗਿ ਤੇਰੈ ਚਲੈ॥ (ਅਸਟਪਦੀ 2.1)

ਗੁਰੂ ਜੀ ਨੇ ਇਸ ਅਸਟਪਦੀ ਵਿਚ ਦੱਸਿਆ ਹੈ ਕਿ ਜੋ ਲੱਖਾਂ ਮੁਸ਼ਕਿਲਾਂ ਵਿਚ ਫਸਿਆ ਹੋਵੇ, ਜਿਸਦੀ ਕੋਈ ਵੀ ਸਹਾਇਤਾ ਕਰਨ ਵਾਲਾ ਨਾ ਹੋਵੇ, ਜਿਸ ਮਨੁੱਖ ਦਾ ਮਨ ਹਉਮੈ ਅਤੇ ਹੋਰਨਾ ਵਿਕਾਰਾਂ ਨਾਲ ਭਰਿਆ ਹੋਇਆ ਹੋਵੇ ਅਤੇ ਜੋ ਜੰਮਣ ਮਰਨ ਦੇ ਚੱਕਰ ਵਿਚ ਫਸਿਆ ਹੋਵੇ ਉਸਨੂੰ ਨਾਮ ਸਿਮਰਨ ਹੀ ਇਹਨਾਂ ਸਮਸਤ ਮੁਸ਼ਕਿਲਾਂ ਵਿਚੋਂ ਬਚਾ ਸਕਦਾ ਹੈ:

ਛੂਟਤ ਨਹੀ ਕੋਟਿ ਲਖ ਬਾਹੀ॥
ਨਾਮ ਜਪਤ ਤਹ ਪਾਰਿ ਪਰਾਹੀ॥
ਅਨਿਕ ਬਿਘਨ ਜਹ ਆਇ ਸੰਘਾਰੈ॥
ਹਰ ਕਾ ਨਾਮ ਤਤਕਾਲ ਉਧਾਰੈ॥
ਅਨਿਕ ਜੋਨਿ ਜਨਮੈ ਮਰ ਜਾਮ॥
ਨਾਮ ਜਪਤ ਪਾਵੈ ਬਿਸ੍ਰਾਮ॥ (ਅਸਟਪਦੀ 2.3)

ਗੁਰੂ ਜੀ ਦਸਦੇ ਹਨ ਕਿ ਪ੍ਰਭੂ ਦਾ ਨਾਮ ਜਪਣ ਵਾਲੇ ਭਗਤ ਨੂੰ ਪ੍ਰਭੂ ਦੇ ਨਾਮ ਵਿਚ ਹੀ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਉਹ ਨਾਮ ਸਿਮਰਨ ਦਾ ਰਸਤਾ ਅਪਣਾ ਕੇ ਆਪ ਤਾਂ ਤਰਦਾ ਹੀ ਹੈ ਸਗੋਂ ਦੂਸਰਿਆਂ ਦਾ ਵੀ ਪਾਰ ਉਤਾਰਾ ਕਰ ਦਿੰਦਾ ਹੈ:

ਹਰਿ ਕੀ ਭਗਤਿ ਮੁਕਤਿ ਬਹੁ ਕਰੇ॥
ਨਾਨਕ ਜਨ ਸੰਗਿ ਕੇਤੇ ਤਰੇ॥ (ਅਸਟਪਦੀ 2.7)

ਨਾਮ ਦੀ ਪ੍ਰਾਪਤੀ ਵੀ ਉਹਨਾਂ ਸੇਵਕਾਂ ਨੂੰ ਹੀ ਹੁੰਦੀ ਹੈ ਜਿਸ ਉੱਪਰ ਪ੍ਰਭੂ ਪ੍ਰਸੰਨ ਹੋ ਕੇ ਕਿਰਪਾ ਕਰੇ। ਸੋ ਇਸ ਅਸਟਪਦੀ ਵਿਚ ਵੀ ਗੁਰੂ ਜੀ ਨੇ ਜੀਵ ਨੂੰ ਪਰਮਾਤਮਾ ਦੇ ਨਾਮ ਸਿਮਰਨ ਦਾ ਰਸਤਾ ਦਿਖਾ ਕੇ ਨਾਮ ਸਿਮਰਨ ਲਈ ਪ੍ਰੇਰਣਾ ਦਿੱਤੀ ਹੈ।

3. ਤੀਜੀ ਅਸਟਪਦੀ ਵਿਚ ਗੁਰੂ ਅਰਜਨ ਦੇਵ ਜੀ ਨਾਮ ਨੂੰ ਸਭ ਪਦਾਰਥਾਂ, ਸ਼ਾਸਤਰਾਂ ਅਤੇ ਸਿਮ੍ਰਿਤੀਆਂ ਤੋਂ ਅਨਮੋਲ ਦੱਸਿਆ ਹੈ। ਗੁਰੂ ਜੀ ਅਨੁਸਾਰ ਨਾਮ ਸਿਮਰਨ ਦੀ ਬਰਾਬਰੀ ਕੋਈ ਜਪ-ਤਪ, ਨੇਮ, ਕਰਮ, ਧਰਮ, ਪੁੰਨ, ਦਾਨ ਨਹੀਂ ਕਰ ਸਕਦਾ:

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਿਖਿਆਨਿ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥

ਅਨਿਕ ਪ੍ਰਕਾਰ ਕੀਏ ਬਹੁ ਜਤਨਾ॥

ਪੁੰਨ ਦਾਨ ਹੋਮੇ ਬਹੁ ਰਤਨਾ॥

ਸਰੀਰੁ ਕਟਾਇ ਹੋਮੈ ਕਰਿ ਰਾਤੀ॥

ਵਰਤ ਨੇਮ ਕਰੈ ਬਹੁ ਭਾਤੀ॥

ਨਹੀ ਤੁਲਿ ਰਾਮ ਨਾਮ ਬੀਚਾਰ॥

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ (ਅਸਟਪਦੀ 3.1)

ਗੁਰੂ ਜੀ ਇਸ ਅਸਟਪਦੀ ਵਿਚ ਦਸਦੇ ਹਨ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਅਤੇ ਸਾਧਨਾ ਕਰਨ ਨਾਲ ਮਨ ਦੀ ਮੈਲ ਦੂਰ ਨਹੀਂ ਹੁੰਦੀ। ਇਹ ਮੈਲ ਸਿਰਫ਼ ਨਾਮ ਸਿਮਰਨ ਨਾਲ ਹੀ ਧੋਤੀ ਜਾ ਸਕਦੀ ਹੈ। ਮਾਨ ਸਨਮਾਨ ਅਤੇ ਵਡਿਆਈ ਪ੍ਰਾਪਤ ਕਰਨ ਲਈ ਅਤੇ ਸਭ ਤਰ੍ਹਾਂ ਦੇ ਦੁਖਾਂ ਦਾ ਨਾਸ਼ ਕਰਨ ਲਈ ਵੀ ਪ੍ਰਭੂ ਦਾ ਨਾਮ ਸਿਮਰਨ ਹੀ ਸਹਾਈ ਹੁੰਦਾ ਹੈ।

ਚਾਰਿ ਪਦਾਰਥ ਜੇ ਕੋ ਮਾਗੈ॥

ਸਾਧ ਜਨਾ ਕੀ ਸੇਵਾ ਲਾਗੈ॥

ਜੇ ਕੋ ਆਪੁਨਾ ਦੂਖੁ ਮਿਟਾਵੈ॥

ਹਰਿ ਹਰਿ ਨਾਮੁ ਰਿਦੈ ਸਦ ਗਾਵੈ॥

ਜੇ ਕੋ ਆਪੁਨੀ ਸੋਭਾ ਲੋਰੈ॥

ਸਾਧ ਸੰਗਿ ਇਹ ਹਉਮੈ ਛੋਰੈ॥

ਜੇ ਕੋ ਜਨਮ ਮਰਣ ਤੇ ਡਰੈ॥

ਸਾਧ ਜਨਾ ਕੀ ਸਰਨੀ ਪਰੈ॥ (ਅਸਟਪਦੀ 3.5)

ਇਸ ਤਰ੍ਹਾਂ ਨਾਮ ਜਪਣ ਵਾਲਾ ਮਨੁੱਖ ਹੰਕਾਰ ਰਹਿਤ ਹੋ ਕੇ, ਨਿਮਰਤਾ ਦਾ ਗੁਣ ਅਪਣਾ ਕੇ ਅਤੇ ਦੁਖ-ਸੁਖ, ਵੈਰੀ-ਮਿੱਤਰ ਨੂੰ ਇਕਸਾਰ ਜਾਣਨ ਵਾਲਾ ਮਨੁੱਖ ਹੀ ਪਾਵਨ ਹੁੰਦਾ ਹੈ।

4. ਇਸ ਅਸਟਪਦੀ ਵਿਚ ਪ੍ਰਭੂ ਦਾ ਨਾਮ ਯਾਦ ਰੱਖਣ ਦੀ ਨਸੀਹਤ ਦਿੱਤੀ ਗਈ ਹੈ। ਗੁਰੂ ਜੀ ਨੇ ਦੱਸਿਆ ਹੈ ਕਿ ਜਿਸ ਪਰਮਾਤਮਾ ਨੇ ਮਨੁੱਖ ਨੂੰ ਕੀ ਤੋਂ ਕੀ ਬਣਾਇਆ ਭਾਵ ਗਰਭ ਤੋਂ ਕੱਢ ਕੇ ਬਾਲ ਅਵਸਥਾ ਵਿਚ ਮਮਤਾ ਤੇ ਭੋਜਨ, ਜਵਾਨੀ ਵਿਚ ਸੁਖ ਸਹੂਲਤਾਂ

ਅਤੇ ਬੁਢਾਪੇ ਵਿਚ ਸਹਾਰੇ ਲਈ ਅੰਗ ਸਾਕ ਦਿੱਤੇ, ਉਸ ਮਨੁੱਖ ਨੇ ਪਰਮਾਤਮਾ ਨੂੰ ਭੁਲਾ ਦਿੱਤਾ ਹੈ:

ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥
ਭਰ ਜੋਬਨ ਭੋਜਨ ਸੁਖ ਸੂਧ॥
ਬਿਰਧਿ ਭਇਆ ਊਪਰਿ ਸਾਕ ਸੈਨ॥
ਮੁਖ ਅਪਿਆਉ ਬੈਠ ਕਉ ਦੈਨ॥
ਇਹ ਨਿਰਗੁਨੁ ਗੁਨੁ ਕਛੂ ਨ ਬੂਝੈ॥
ਬਖਸਿ ਲੇਹੁ ਤਉ ਨਾਨਕ ਸੀਝੈ॥ (ਅਸਟਪਦੀ 4.1)

ਗੁਰੂ ਜੀ ਮਨੁੱਖ ਨੂੰ ਸਵਾਰਥੀ ਕਹਿੰਦੇ ਹਨ ਕਿ ਜਿਸ ਪਰਮਾਤਮਾ ਨੇ ਮਨੁੱਖ ਨੂੰ ਧਰਤੀ ਤੇ ਸਾਰੇ ਸੁਖ ਪੁੱਤਰ, ਭਾਈ, ਮਿੱਤਰ, ਪਤਨੀ ਤੇ ਹੋਰ ਰਿਸ਼ਤੇ ਦਿੱਤੇ, ਸ਼ੀਤਲ ਪਾਣੀ, ਹਵਾ, ਭੋਜਨ ਅਤੇ ਭੋਗਣ ਦੀਆਂ ਵਸਤੂਆਂ ਦਿੱਤੀਆਂ, ਹੱਥ, ਪੈਰ, ਕੰਨ, ਅੱਖਾਂ ਦਿੱਤੀਆਂ ਹਨ, ਉਸੇ ਪਰਮਾਤਮਾ ਨੂੰ ਮਨੁੱਖ ਭੁਲਾ ਰਿਹਾ ਹੈ। ਜਿਸ ਪਰਮਾਤਮਾ ਤੋਂ ਨੌ ਨਿਧੀਆਂ ਅਤੇ ਮਾਣ ਸਨਮਾਨ ਮਿਲਿਆ, ਜੋ ਅਦਿ ਤੋਂ ਅੰਤ ਤੱਕ ਰੱਖਣਹਾਰ ਹੈ, ਮਨੁੱਖ ਉਸ ਪਰਮਾਤਮਾ ਤੋਂ ਦੂਰ ਹੋ ਗਿਆ ਹੈ। ਮਨੁੱਖ ਸਥਿਰ ਨੂੰ ਭੁਲਾ ਕੇ ਅਸਥਿਰ ਦੇ ਪਿੱਛੇ ਲੱਗਾ ਫਿਰਦਾ ਹੈ। ਅਸਲੀਅਤ ਛੱਡ ਕੇ ਕੂੜ ਪਿੱਛੇ ਭਟਕਦਾ ਫਿਰਦਾ ਹੈ:

ਰਤਨੁ ਤਿਆਗਿ ਕਉਡੀ ਸੰਗਿ ਰਚੈ॥
ਸਾਚੁ ਛੋਡਿ ਝੂਠ ਸੰਗਿ ਮਚੈ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥
ਜੋ ਹੋਵਨੁ ਸੋ ਦੂਰਿ ਪਰਾਨੈ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥
ਸੰਗਿ ਸਹਾਈ ਤਿਸੁ ਪਰਹਰੈ॥
ਚੰਦਨ ਲੇਪੁ ਉਤਾਰੈ ਧੋਇ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ (ਅਸਟਪਦੀ 4.4)

ਗੁਰੂ ਜੀ ਦਸਦੇ ਹਨ ਕਿ ਅਜਿਹਾ ਮਨੁੱਖ ਸਿਰਫ਼ ਦਿਖਾਵੇ ਦਾ ਮਨੁੱਖ ਹੈ। ਇਸਦੇ ਕੰਮ ਪਸ਼ੂਆਂ ਵਾਲੇ ਹਨ। ਬਾਹਰੋਂ ਗਿਆਨੀ ਧਿਆਨੀ ਹੈ ਪਰ ਅੰਦਰੋਂ ਲੋਭੀ ਅਤੇ ਹੰਕਾਰੀ ਹੈ। ਅਜਿਹੇ ਮਨੁੱਖ ਨੂੰ ਗੁਰੂ ਜੀ ਸੁਚੇਤ ਕਰਦੇ ਹਨ ਕਿ:

ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥
ਜਿਨੀ ਕੀਆ ਤਿਸੁ ਚਿਤਿ ਰਖੁ ਨਾਨਕ ਨਿਬਹੀ ਨਾਲਿ॥

(ਸਲੋਕ ਅਸਟਪਦੀ 4)

ਲੋਭੀ ਹੰਕਾਰੀ ਮਨੁੱਖ ਆਪ ਕੁਝ ਵੀ ਕਰਨ ਸਕਣ ਤੋਂ ਅਸਰੱਥ ਹੁੰਦਾ ਹੋਇਆਂ ਅੰਤ ਤੇ ਹਰ ਪਾਸਿਉਂ ਭਟਕ ਕੇ ਪਰਮਾਤਮਾ ਕੋਲ ਆਉਂਦਾ ਹੈ ਤੇ ਬੇਨਤੀ ਕਰਦਾ ਹੈ:

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ (ਅਸਟਪਦੀ 4.7)

ਗੁਰੂ ਜੀ ਇਸ ਅਸਟਪਦੀ ਵਿਚ ਅਰਦਾਸ ਕਰਦੇ ਹਨ ਕਿ ਹੇ ਪਰਮਾਤਮਾ ਤੂੰ ਸਭ ਦਾ ਪਾਲਣਹਾਰ ਹੈ। ਤੂੰ ਮਾਤਾ ਪਿਤਾ ਹੈਂ। ਅਸੀਂ ਤੇਰੇ ਬੱਚੇ ਹਾਂ। ਅਸੀਂ ਤੇਰੇ ਕੁਰਬਾਨ ਜਾਂਦੇ ਹਾਂ। ਤੂੰ ਸਾਨੂੰ ਬਖ਼ਸ਼ ਲੈ।

5. ਪੰਜਵੀਂ ਅਸਟਪਦੀ ਵਿਚ ਗੁਰੂ ਅਰਜਨ ਦੇਵ ਜੀ ਦਸਦੇ ਹਨ ਕਿ ਮਨੁੱਖ ਪਰਮਾਤਮਾ ਤੋਂ ਦਾਤਾਂ ਮੰਗਦਾ ਹੈ। ਜੇਕਰ ਸਭ ਦਾਤਾਂ ਵਿਚੋਂ ਕੋਈ ਇਕ ਨਾ ਮਿਲੇ ਤਾਂ ਮਨੁੱਖ ਮਿਲੀਆਂ ਦਾਤਾਂ ਦਾ ਸ਼ੁਕਰਾਨਾ ਨਹੀਂ ਕਰਦਾ ਸਗੋਂ ਜੋ ਇਕ ਦਾਤ ਨਹੀਂ ਮਿਲੀ ਉਸ ਲਈ ਵਿਸ਼ਵਾਸ ਉਠਾ ਦਿੰਦਾ ਹੈ। ਜੇਕਰ ਪਰਮਾਤਮਾ ਕੋਈ ਦਾਤ ਨਾ ਦੇਵੇ ਸਗੋਂ ਬਾਕੀ ਕੁਝ ਵੀ ਖੋਹ ਲਵੇ ਤਾਂ ਵੀ ਮਨੁੱਖ ਕੀ ਕਰ ਸਕਦਾ ਹੈ:-

ਅਗਨਤ ਸਾਹੁ ਅਪਨੀ ਦੇ ਰਾਸਿ॥
ਖਾਤ ਪੀਤ ਬਰਤੈ ਅਨਦ ਉਲਾਸਿ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥
ਅਗਿਆਨੀ ਮਨਿ ਰੋਸੁ ਕਰੇਇ॥
ਆਪਨੀ ਪਰਤੀਤਿ ਆਪ ਹੀ ਖੋਵੈ॥
ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ॥ (ਅਸਟਪਦੀ 5.2)

ਗੁਰੂ ਜੀ ਕਹਿੰਦੇ ਹਨ ਕਿ ਜੇਕਰ ਮਨੁੱਖ ਆਪਣਾ ਆਪ ਉਸ ਦੇਣਹਾਰ ਪਰਮਾਤਮਾ ਨੂੰ ਸੌਂਪ ਦੇਵੇ ਤਾਂ ਦਿਆਲੂ ਪਰਮਾਤਮਾ ਦਾਤਾਂ ਨਾਲ ਝੋਲੀ ਭਰ ਦਿੰਦਾ ਹੈ।

ਜਿਸ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥
ਉਸ ਤੇ ਚਉਗੁਨ ਕਰੈ ਨਿਹਾਲੁ॥
ਨਾਨਕ ਸਾਹਿਬੁ ਸਦਾ ਦਇਆਲੁ॥ (ਅਸਟਪਦੀ 5.2)

ਗੁਰੂ ਜੀ ਇਸ ਅਸਟਪਦੀ ਵਿਚ ਕਹਿੰਦੇ ਹਨ ਕਿ ਜਗਤ ਪਸਾਰਾ ਝੂਠ ਹੈ। ਤਨ, ਧਨ, ਪਰਿਵਾਰ, ਹਉਮੈ, ਮਮਤਾ, ਰਾਜ, ਜੋਬਨ, ਕਾਮ, ਕ੍ਰੋਧ, ਮੋਹ, ਧ੍ਰੋਹ, ਲਾਲਚ, ਗੁਮਾਨ ਸਭ ਝੂਠੇ ਹਨ। ਸਾਧ ਸੰਗਤ ਵਿਚ ਪੈ ਕੇ ਪਰਮਾਤਮਾ ਦੇ ਚਰਨੀਂ ਲੱਗਣਾ ਚਾਹੀਦਾ ਹੈ। ਨਿੰਦਿਆ ਚੁਗਲੀ ਕਰਨ ਵਾਲੇ ਨੂੰ ਨਿੰਦਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ:

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ॥
ਮਿਥਿਆ ਰਸਨਾ ਭੋਜਨ ਅਨ ਸ੍ਵਾਦ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ॥
ਮਿਥਿਆ ਮਨ ਪਰ ਲੋਭ ਲੁਭਾਵਹਿ॥
ਮਿਥਿਆ ਤਨ ਨਹੀ ਪਰਉਪਕਾਰਾ॥
ਮਿਥਿਆ ਬਾਸੁ ਲੇਤ ਬਿਕਾਰਾ॥ (ਅਸਟਪਦੀ 5.5)

ਗੁਰੂ ਜੀ ਪ੍ਰਭੂ ਤੋਂ ਬੇਮੁੱਖ ਹੋਏ ਜੀਵ ਨੂੰ ਚੇਤਾਵਨੀ ਕਰਵਾਉਂਦੇ ਹਨ ਕਿ:

ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ॥
ਜਿਉ ਕਿਰਪਨ ਕੇ ਨਿਰਾਰਥ ਦਾਮ॥ (ਅਸਟਪਦੀ 5.6)

ਪਰਮਾਤਮਾ ਤੋਂ ਬੇਮੁੱਖ ਹੋਏ ਮਨੁੱਖ ਦੇ ਸਭ ਕੰਮ, ਉਮਰ, ਸਰੀਰ, ਸਮਾਂ ਸਭ ਨਿਸਫ਼ਲ ਹਨ। ਪਰਮਾਤਮਾ ਦੇ ਨਾਮ ਨਾਲ ਹੀ ਮਨੁੱਖੀ ਜੀਵਨ ਸਫ਼ਲ ਹੁੰਦਾ ਹੈ। ਪਰ ਪ੍ਰਭੂ ਦਾ ਨਾਮ ਸਿਮਰਨ ਸੱਚੇ ਮਨ ਨਾਲ ਕਰਨਾ ਚਾਹੀਦਾ ਹੈ। ਝੂਠੇ ਭੇਖਧਾਰੀ ਲੋਕਾਂ ਨੂੰ ਪ੍ਰਭੂ ਜਾਣ ਲੈਂਦਾ ਹੈ:

ਜਾਨਨਹਾਰ ਪ੍ਰਭੂ ਪਰਬੀਨ
ਬਾਹਰਿ ਭੇਖ ਨ ਕਾਹੂ ਭੀਨ॥ (ਅਸਟਪਦੀ 5.7)

ਪਰਮਾਤਮਾ ਮਨੁੱਖ ਦੇ ਮਨ ਦੀ ਦਸ਼ਾ ਨੂੰ ਜਾਣਦਾ ਹੈ। ਜਿਸ ਮਨੁੱਖ ਤੇ ਉਹ ਕਿਰਪਾ ਕਰੇ ਉਸਨੂੰ ਅਪਾਣੇ ਸਿਮਰਨ ਵਿਚ ਲਾ ਲੈਂਦਾ ਹੈ।

6. ਸੁਖਮਨੀ ਸਾਹਿਬ ਦੀ ਛੇਵੀਂ ਅਸਟਪਦੀ ਵਿਚ ਪਰਮਾਤਮਾ ਅਤੇ ਉਸ ਦੁਆਰਾ ਦਿੱਤੀਆਂ ਦਾਤਾਂ ਦੀ ਸਿਫ਼ਤ ਕੀਤੀ ਹੈ। ਗੁਰੂ ਜੀ ਨੇ ਮਨੁੱਖ ਨੂੰ ਉਸ ਪਰਮਾਤਮਾ ਦੀ ਸ਼ਰਨ ਵਿਚ ਪੈਣ ਲਈ ਕਿਹਾ ਹੈ ਜਿਸ ਦੀ ਸ਼ਰਨ ਵਿਚ ਪੈਣ ਨਾਲ ਵਿਕਾਰਾਂ ਤੋਂ ਛੁਟਕਾਰਾ ਮਿਲਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਜਿਸ ਪਰਮਾਤਮਾ ਨੇ ਮਨੁੱਖ ਨੂੰ ਜੀਵਨ ਜਿਊਣ ਲਈ ਚੰਗਾ ਭੋਜਨ ਤੇ ਸੁਖ ਸਹੂਲਤਾਂ ਦਿੱਤੀਆਂ ਹਨ ਉਸਨੂੰ ਧਿਆਉਣਾ ਜ਼ਰੂਰੀ ਹੈ:

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥
ਤਿਸਹਿ ਧਿਆਇ ਸਦਾ ਮਨ ਅੰਦਰਿ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥
ਆਠ ਪਹਰ ਸਿਮਰਹੁ ਤਿਸੁ ਰਸਨਾ॥
ਜਿਹ ਪ੍ਰਸਾਦਿ ਰੰਗ ਰਸ ਭੋਗ॥
ਨਾਨਕ ਸਦਾ ਧਿਆਈਐ ਧਿਆਵਨ ਜੋਗ॥ (ਅਸਟਪਦੀ 6.1)

ਗੁਰੂ ਜੀ ਮਨੁੱਖ ਨੂੰ ਨਸੀਹਤ ਦਿੰਦੇ ਹਨ ਕਿ ਹੇ ਮਨੁੱਖ ਜਿਸ ਪਰਮਾਤਮਾ ਦੀ ਕਿਰਪਾ ਨਾਲ ਤੈਨੂੰ ਘਰ, ਪਰਿਵਾਰ, ਤੰਦਰੁਸਤ ਦੇਹ, ਗਹਿਣੇ, ਕੱਪੜੇ, ਅਸਵਾਰੀ, ਜਾਇਦਾਦ ਮਿਲੇ ਹਨ, ਜਿਸ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਕਾਰਨ ਤੇਰੀ ਇੱਜ਼ਤ ਬਣੀ ਹੈ, ਤੂੰ ਪੁੰਨ ਦਾਨ ਅਤੇ ਚੱਜ ਆਚਾਰ ਦੇ ਕੰਮ ਕਰਦਾ ਹੈ, ਉਸ ਪ੍ਰਭੂ ਦੀ ਸੁਚੇਤ ਹੋ ਕੇ ਮਨ ਵਿਚ ਪ੍ਰੀਤ ਧਾਰਨ ਕਰ ਅਤੇ ਸਿਮਰਨ ਕਰ:

ਜਿਹ ਪ੍ਰਸਦਿ ਤੂੰ ਪ੍ਰਗਟੁ ਸੰਸਾਰਿ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ॥
ਜਿਹ ਪ੍ਰਸਾਦਿ ਤੇਰਾ ਪਰਤਾਪੁ॥
ਰੇ ਮਨ ਮੂੜ ਤੂ ਤਾ ਕਉ ਜਾਪੁ॥

ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ॥

ਤਿਸਹਿ ਜਾਨੁ ਮਨ ਸਦਾ ਹਜੂਰੇ॥ (ਅਸਟਪਦੀ 6.7)

ਇਸ ਅਸਟਪਦੀ ਦੀ ਅੰਤਲੀ ਪਾਉੜੀ ਵਿਚ ਗੁਰੂ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਸਿਮਰਨ ਦੀ ਸੋਝੀ ਵੀ ਪਰਮਾਤਮਾ ਦੀ ਮਿਹਰ ਸਦਕਾ ਹੀ ਆਉਂਦੀ ਹੈ:

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥

ਨਾਨਕ ਇਨ ਕੈ ਕਛੂ ਨ ਹਾਥ॥ (ਅਸਟਪਦੀ 6.8)

ਇਸ ਅਸਟਪਦੀ ਵਿਚ ਗੁਰੂ ਜੀ ਮਨੁੱਖ ਨੂੰ ਪਰਮਾਤਮਾ ਦੇ ਗੁਣ ਗਾਉਣ ਲਈ ਕਹਿੰਦੇ ਹਨ ਜਿਸ ਦੀ ਮਿਹਰ ਸਦਕਾ ਮਨੁੱਖ ਚੰਗੀ ਜ਼ਿੰਦਗੀ ਜਿਉਂਦਾ ਹੈ।

7. ਸੱਤਵੀਂ ਅਸਟਪਦੀ ਵਿਚ ਸਾਧ ਬਾਰੇ ਵਿਵਰਣ ਪੇਸ਼ ਕੀਤਾ ਗਿਆ ਹੈ ਕਿ ਸਾਧ ਦੀ ਸੰਗਤ ਕਰਨ ਨਾਲ ਕਿਹੜੇ-ਕਿਹੜੇ ਫ਼ਲ ਪ੍ਰਾਪਤ ਹੁੰਦੇ ਹਨ:

ਸਾਧ ਕੈ ਸੰਗ ਮੁਖ ਊਜਲ ਹੋਤ॥

ਸਾਧਸੰਗਿ ਮਲੁ ਸਗਲੀ ਖੋਤ॥

ਸਾਧ ਕੈ ਸੰਗਿ ਮਿਟੈ ਅਭਿਮਾਨੁ॥

ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥ (ਅਸਟਪਦੀ 7.1)

ਇਸ ਅਸਟਪਦੀ ਵਿਚ ਗੁਰੂ ਜੀ ਦਸਦੇ ਹਨ ਕਿ ਜਿਸ ਪੁਰਸ਼ ਨੇ ਆਪਣੇ ਵਿਕਾਰਾਂ ਤੇ ਕਾਬੂ ਪਾ ਕੇ ਆਪਣੇ ਆਪ ਨੂੰ ਸਾਧ ਲਿਆ ਹੈ ਉਸਦੀ ਉਪਮਾ ਬੇਅੰਤ ਹੈ। ਸਾਧ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਸਾਧ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੁੰਦਾ ਹੈ।

ਪਾਰਬ੍ਰਹਮ ਸਾਧ ਰਿਦ ਬਸੈ॥

ਨਾਨਕ ਉਧਰੈ ਸਾਧ ਸੁਨਿ ਰਸੈ॥ (ਅਸਟਪਦੀ 7.6)

ਅਜਿਹੇ ਸਾਧ ਦੀ ਸੰਗਤ ਨਾਲ ਜੀਵ ਨੂੰ ਸੰਸਾਰਕ ਸੁਖ ਅਤੇ ਪਰਮਾਤਮਾ ਦੇ ਸਰੂਪ ਦਾ ਗਿਆਨ ਹੋ ਜਾਂਦਾ ਹੈ। ਸਾਧੂ ਦੀ ਦ੍ਰਿਸ਼ਟੀ ਅਨੁਸਾਰ ਸਭ ਧਰਮਾਂ ਵਿਚ ਇਕੋ ਹੀ ਪਰਮਾਤਮਾ ਹੈ। ਸਾਧ ਦੀ ਸੰਗਤ ਕਰਨ ਵਾਲਾ ਮਨੁੱਖ ਆਪਣੇ ਨਾਲ ਹੋਰਨਾਂ ਸੰਗੀਆਂ ਨੂੰ ਵੀ ਤਾਰ ਲੈਂਦਾ ਹੈ:

ਸਾਧ ਕੈ ਸੰਗਿ ਸਭ ਕੁਲ ਉਧਾਰੈ॥

ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥ (ਅਸਟਪਦੀ 7.5)

ਸਾਧ ਦੀ ਸੰਗਤ ਨਾਲ ਲੋਕ ਪ੍ਰਲੋਕ ਸੁਖੀ ਹੁੰਦਾ ਹੈ। ਇਸ ਲਈ ਗੁਰੂ ਜੀ ਮਨੁੱਖ ਨੂੰ ਸਾਧ ਦੀ ਸੰਗਤ ਕਰਕੇ ਪਰਮਾਤਮਾ ਦਾ ਨਾਮ ਸਿਮਰਨ ਕਰਨ ਲਈ ਕਹਿੰਦੇ ਹਨ। ਅਜਿਹੇ ਮਨੁੱਖ ਚੰਗੇ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਸਾਧ ਦੀ ਸੰਗਤ ਮਿਲਦੀ ਹੈ।

8. ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਅੱਠਵੀਂ ਅਸਟਪਦੀ ਵਿਚ ਬ੍ਰਹਮਗਿਆਨੀ ਦੀ ਸਿਫ਼ਤ ਕਰਦੇ ਹਨ।

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ (ਸਲੋਕ ਅਸਟਪਦੀ 8)

ਬ੍ਰਹਮ ਗਿਆਨੀ ਉਹ ਸੇਵਕ ਹੈ ਜਿਸਨੂੰ ਬ੍ਰਹਮ ਦਾ ਗਿਆਨ ਅਥਵਾ ਬ੍ਰਹਮ ਦੀ ਸੋਝੀ ਹੋ ਜਾਵੇ ਅਤੇ ਜੋ ਪਰਮਾਤਮਾ ਦੇ ਦੱਸੇ ਸਿਧਾਂਤਾਂ ਤੇ ਚੱਲੇ। ਬ੍ਰਹਮ ਗਿਆਨੀ ਦੀ ਕਹਿਣੀ ਅਤੇ ਕਰਨੀ ਇਕ ਹੁੰਦੀ ਹੈ:

ਬ੍ਰਹਮ ਗਿਆਨੀ ਏਕ ਊਪਰਿ ਆਸ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ (ਅਸਟਪਦੀ 8.4)

ਬ੍ਰਹਮ ਗਿਆਨੀ ਦੇ ਗੁਣਾਂ ਕਾਰਨ ਹੀ ਦੁਨੀਆਂ ਬ੍ਰਹਮ ਗਿਆਨੀਆਂ ਨੂੰ ਪਰਮਾਤਮਾ ਦੇ ਤੁਲ ਪੂਜਦੀ ਹੈ। ਬ੍ਰਹਮ ਗਿਆਨੀ ਇਕ ਪਰਮਾਤਮਾ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ। ਬ੍ਰਹਮ ਗਿਆਨੀ ਦੇ ਦਰਸ਼ਨ ਵੀ ਕਿਸੇ ਵੱਡੇ ਭਾਗਾਂ ਵਾਲੇ ਪੁਰਸ਼ ਨੂੰ ਪ੍ਰਾਪਤ ਹੁੰਦੇ ਹਨ:

ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ॥
ਬ੍ਰਹਮ ਗਿਆਨੀ ਕਾ ਬਡ ਪਰਤਾਪ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥ (ਅਸਟਪਦੀ 8.6)

ਬ੍ਰਹਮ ਗਿਆਨੀ ਦੀ ਵਡਿਆਈ ਕਥਨ ਨਹੀਂ ਕੀਤੀ ਜਾ ਸਕਦੀ। ਬ੍ਰਹਮ ਗਿਆਨੀ ਪਰਮਾਤਮਾ ਦਾ ਹੀ ਦੂਜਾ ਰੂਪ ਹੈ:

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ (ਅਸਟਪਦੀ 8.6)

'ਇਹ ਚਿਤ੍ਰ ਬਹੁਤ ਵਿਸ਼ਾਲ ਤੇ ਵਿਚਿਤ੍ਰ ਹੈ। ਫਿਰ ਜੋ ਖੂਬੀਆਂ ਅਜਿਹੇ ਅਭੇਦ ਹੋਏ ਰਹੱਸਵਾਦੀ ਦੀਆਂ ਬਿਆਨ ਕੀਤੀਆਂ ਗਈਆਂ ਹਨ, ਉਹ ਵੀ ਅਨੋਖੀਆਂ ਹਨ ਕਿ ਉਹ ਸਮਦ੍ਰਿਸ਼ਟਤਾ ਹੁੰਦਾ ਹੈ, ਉਸ ਦੀ ਨਜ਼ਰ ਵਿਚ ਰਾਣਾ ਰੰਕ, ਮਿਤ੍ਰ, ਸ਼ਤ੍ਰ, ਕੰਚਨ ਮਾਟੀ ਤੇ ਸੁਖ ਦੁੱਖ ਇਕ ਸਮਾਨ ਹੁੰਦਾ ਹੈ। ਇਹ ਅਵਸਥਾ ਵੀ ਇਕ ਦੁਨੀਆਦਾਰ ਆਦਮੀ ਲਈ ਸਚਮੁਚ ਅਨੋਖੀ ਹੀ ਦਿਸਦੀ ਹੈ ਕਿ ਕੋਈ ਪੁਰਸ਼ ਅਜੇਹਾ ਕਿਵੇਂ ਹੋ ਸਕਦਾ ਹੈ ਕਿ ਉਸ ਨੂੰ ਰਾਗ ਦ੍ਵੈਖ ਜਾਂ ਖੁਸ਼ੀ ਗਮੀ ਨਹੀਂ ਵਿਆਪੇ ਤੇ ਉਹ ਦੋਸਤ ਤੇ ਦੁਸ਼ਮਨ ਨੂੰ ਇਕ ਸਮਾਨ ਸਮਝੇ। ਇਸ ਅਚਾਰ ਵਾਲੇ ਮਹਾਂਪੁਰਖ ਨੂੰ ਸੁਖਮਨੀ ਵਿਚ ਬ੍ਰਹਮ ਗਿਆਨੀ, ਸਾਧ, ਸੰਤ ਜਾਂ ਜੀਵਨ ਮੁਕਤ ਕਿਹਾ ਗਿਆ ਹੈ।'[42]

9. ਨੌਵੀਂ ਅਸਟਪਦੀ ਵਿਚ ਗੁਰੂ ਜੀ ਪਰਮਾਤਮਾ ਦੇ ਸੱਚੇ ਭਗਤ ਦੇ ਗੁਣ ਦਸਦੇ ਹਨ ਅਤੇ ਦਸਦੇ ਹਨ ਕਿ ਜੋ ਮਨੁੱਖ ਸੱਚੇ ਮਨ ਨਾਲ ਪਰਮਾਤਮਾ ਦੇ ਗੁਣ ਗਾਉਂਦਾ ਹੈ ਪਰਮਾਤਮਾ ਉਸਦਾ ਪਾਰਉਤਾਰਾ ਕਰਦਾ ਹੈ:

ਉਰਿ ਧਾਰੈ ਜੋ ਅੰਤਰਿ ਨਾਮੁ॥
ਸਰਬ ਮੈ ਪੇਖੈ ਭਗਵਾਨੁ॥
ਨਿਮਖ ਨਿਮਖ ਠਾਕੁਰ ਨਮਸਕਾਰੈ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥੧॥ (ਸਲੋਕ ਅਸਟਪਦੀ 9)

ਗੁਰੂ ਜੀ ਦਸਦੇ ਹਨ ਕਿ ਜੋ ਮਨੁੱਖ ਆਪਣੀ ਰਸਨਾ ਤੋਂ ਝੂਠ ਨਹੀਂ ਬੋਲਦਾ, ਕਿਸੇ ਦੀ ਨਿੰਦਿਆ ਨਹੀਂ ਕਰਦਾ, ਸਗੋਂ ਸਭ ਨੂੰ ਪਿਆਰ ਕਰਦਾ ਹੈ ਅਤੇ ਗੁਰੂ ਦੀ ਕਿਰਪਾ ਨਾਲ ਵਿਕਾਰਾਂ ਨੂੰ ਦੂਰ ਕਰਦਾ ਹੈ, ਅਜਿਹਾ ਭਗਤ ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ। ਅਜਿਹੇ ਨਿਰਲੇਪ ਮਨੁੱਖ ਨੂੰ ਗੁਰੂ ਜੀ ਨੇ ਅਪਰਸ ਕਿਹਾ ਹੈ। ਅੱਗੇ ਗੁਰੂ ਜੀ ਬੈਸਨੋ (ਵਿਸ਼ਨੂੰ ਦਾ ਉਪਾਸ਼ਕ) ਉਸ ਨੂੰ ਮੰਨਦੇ ਹਨ ਜੋ ਮਾਇਆ ਤੋਂ ਦੂਰ ਰਹਿੰਦਾ ਹੈ। ਜੋ ਕੰਮ ਕਰਕੇ ਵੀ ਨਿਸ਼ਕਾਮ ਦਸਦਾ ਹੋਵੇ ਅਤੇ ਕਿਸੇ ਫ਼ਲ ਦੀ ਇੱਛਾ ਨਾ ਕਰੇ। ਹਮੇਸ਼ਾ ਭਗਤੀ ਕਰਦਾ ਹੈ ਅਤੇ ਹੋਰਨਾਂ ਨੂੰ ਨਾਮ ਜਪਾਉਂਦਾ ਹੈ। ਅਸਲ ਵਿਚ ਬੈਸਨੋ ਉਹੀ ਵਿਅਕਤੀ ਹੁੰਦਾ ਹੈ:

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥
ਬਿਸਨ ਕੀ ਮਾਇਆ ਤੇ ਹੋਇ ਭਿੰਨ॥

---
[42] ਪਿਆਰਾ ਸਿੰਘ ਪਦਮ, ਸੁਖਮਨੀ ਦਰਸ਼ਨ, ਪੰਨਾ-32.

ਕਰਮ ਕਰਤ ਹੋਵੈ ਨਿਹਕਰਮ॥

ਤਿਸੁ ਬੈਸਨੋ ਕਾ ਨਿਰਮਲ ਧਰਮ॥ (ਅਸਟਪਦੀ 9.2)

ਗੁਰੂ ਜੀ ਇਸ ਅਸਟਪਦੀ ਵਿਚ ਭਗਉਤੀ ਭਾਵ ਭਗਵਾਨ ਦੀ ਭਗਤੀ ਕਰਨ ਵਾਲੇ ਦੇ ਗੁਣ ਦਸਦੇ ਹਨ ਕਿ:

ਭਗਾਉਤੀ ਭਗਵੰਤ ਭਗਤਿ ਕਾ ਰੰਗੁ॥

ਸਗਲ ਤਿਆਗੈ ਦੁਸਟ ਕਾ ਸੰਗੁ॥

ਮਨ ਤੇ ਬਿਨਸੈ ਸਗਲਾ ਭਰਮੁ॥

ਕਰਿ ਪੂਜੈ ਸਗਲ ਪਾਰਬ੍ਰਹਮੁ॥

ਸਾਧਸੰਗਿ ਪਾਪਾ ਮਲੁ ਖੋਵੈ॥

ਤਿਸੁ ਭਗਉਤੀ ਕੀ ਮਤਿ ਊਤਮ ਹੋਵੈ॥ (ਅਸਟਪਦੀ 9.3)

ਗੁਰੂ ਜੀ ਅਨੁਸਾਰ ਸੱਚਾ ਭਗਉਤੀ ਉਹ ਹੈ ਜੋ ਤਨ ਮਨ ਨਾਲ ਪ੍ਰਭੂ ਦੀ ਭਗਤੀ ਕਰਦਾ ਹੈ। ਸੰਤਾਂ ਦੀ ਸੰਗਤ ਕਰਕੇ ਪਰਮਾਤਮਾ ਦੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਵਸਾਉਂਦਾ ਹੈ। ਅੱਗੇ ਗੁਰੂ ਜੀ 'ਪੰਡਿਤ' ਕਹਾਉਣ ਵਾਲੇ ਵਿਅਕਤੀਆਂ ਨੂੰ ਦਸਦੇ ਹਨ ਕਿ ਜੋ ਬਿਨਾ ਕਿਸੇ ਪੱਖਪਾਤ ਤੋਂ ਸਭ ਨੂੰ ਪਰਮਾਤਮਾ ਦਾ ਨਾਮ ਜਪਾਉਂਦਾ ਹੈ, ਉਹੀ ਸੱਚਾ ਪੰਡਿਤ ਹੈ:

ਸੋ ਪੰਡਿਤੁ ਜੋ ਮਨ ਪਰਬੋਧੈ॥

ਰਾਮ ਨਾਮੁ ਆਤਮ ਮਹਿ ਸੋਧੈ॥

ਰਾਮ ਨਾਮ ਸਾਰੁ ਰਸੁ ਪੀਵੈ॥

ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ॥

ਹਰਿ ਕੀ ਕਥਾ ਹਿਰਦੈ ਬਸਾਵੈ॥

ਸੋ ਪੰਡਿਤ ਫਿਰਿ ਜੋਨਿ ਨ ਆਵੈ॥ (ਅਸਟਪਦੀ 9.4)

ਗੁਰੂ ਜੀ ਫਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਦਾ ਸੰਬੰਧ ਕਿਸੇ ਵਿਸ਼ੇਸ਼ ਧਰਮ ਜਾਂ ਜਾਤੀ ਨਾਲ ਨਹੀਂ। ਜਿਸ ਵੀ ਜਾਤ, ਧਰਮ ਦਾ ਵਿਅਕਤੀ ਪਰਮਾਤਮਾ ਦਾ ਨਾਮ ਜਪਦਾ ਹੈ ਉਸਨੂੰ ਫ਼ਲ ਜ਼ਰੂਰ ਮਿਲਦਾ ਹੈ। ਗੁਰੂ ਜੀ 'ਰਾਮਦਾਸ' ਬਾਰੇ ਵੀ ਕਹਿੰਦੇ ਹਨ ਕਿ:

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥

ਤਿਸ ਕਾ ਨਾਮੁ ਸਤਿ ਰਾਮਦਾਸੁ॥ (ਅਸਟਪਦੀ 9.6)

ਆਪਣੇ ਆਪ ਨੂੰ ਰਾਮਦਾਸੀਆ ਕਹਾਉਣ ਵਾਲਿਆਂ ਨੂੰ ਗੁਰੂ ਜੀ ਕਹਿੰਦੇ ਹਨ ਕਿ ਮਨ ਨੂੰ ਟਿਕਾਓ ਵਿਚ ਰੱਖ ਕੇ ਜੋ ਹੱਥੀਂ ਕਿਰਤ ਕਰਕੇ ਸੱਚੇ ਮਨ ਨਾਲ ਨਾਮ ਜਪੇ ਅਸਲ ਵਿਚ ਉਹੀ ਰਾਮਦਾਸ ਅਥਵਾ ਰਾਮਦਾਸੀਆ ਹੈ। ਗੁਰੂ ਜੀ 'ਜੀਵਨ ਮੁਕਤ' ਬਾਰੇ ਵੀ ਇਸ ਅਸਟਪਦੀ ਵਿਚ ਦਸਦੇ ਹਨ ਕਿ:

ਪ੍ਰਭ ਕੀ ਆਗਿਆ ਆਤਮ ਹਿਤਾਵੈ॥

ਜੀਵਨ ਮੁਕਤਿ ਸੋਊ ਕਹਾਵੈ॥ (ਅਸਟਪਦੀ 9.7)

ਸੋ ਪਰਮਾਤਮਾ ਅਨੇਕਾਂ ਰੰਗਾਂ, ਰੂਪਾਂ, ਭੇਖਾਂ ਵਿਚ ਵਿਚਰਦਾ ਹੈ। ਉਸਦਾ ਸੱਚੇ ਮਨ ਨਾਲ ਸਿਮਰਨ ਕਰਨ ਵਾਲੇ ਹੀ ਅਪਰਸ, ਭਗਉਤੀ, ਪੰਡਿਤ, ਜੀਵਨ ਮੁਕਤ ਮੰਨੇ ਜਾਂਦੇ ਹਨ।

10. ਗੁਰੂ ਜੀ ਸੁਖਮਨੀ ਸਾਹਿਬ ਦੀ ਦਸਵੀਂ ਅਸਟਪਦੀ ਵਿਚ ਸ੍ਰਿਸ਼ਟੀ ਦੀ ਬੇਅੰਤਤਾ ਬਾਰੇ ਦਸਦੇ ਹਨ। ਗੁਰੂ ਜੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਉਸ ਪਰਮਾਤਮਾ ਨੇ ਕੀਤੀ ਹੈ ਜਿਸਦਾ ਕੋਈ ਅੰਤ ਨਹੀਂ:

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥੧॥

(ਸਲੋਕ ਅਸਟਪਦੀ 10)

ਗੁਰੂ ਜੀ ਦਸਦੇ ਹਨ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਈ ਤਰ੍ਹਾਂ ਨਾਲ ਅਤੇ ਕਈ ਵਾਰ ਹੋਈ ਹੈ। ਇਸ ਸ੍ਰਿਸ਼ਟੀ ਵਿਚ ਕਰੋੜਾਂ ਹੀ ਤਰ੍ਹਾਂ ਦੇ ਮਨੁੱਖ ਅਤੇ ਜੀਵ-ਜੰਤੂ ਹਨ। ਇਸ ਜਗਤ ਵਿਚ ਪਰਮਾਤਮਾ ਦਾ ਨਾਮ ਸਿਮਰਨ ਵਾਲੇ ਗੁਰਮੁਖ ਅਤੇ ਮਨਮੁਖ ਕਰੋੜਾਂ ਦੀ ਗਿਣਤੀ ਵਿਚ ਹਨ। ਇਸ ਸ੍ਰਿਸ਼ਟੀ ਵਿਚ ਤਰ੍ਹਾਂ ਤਰ੍ਹਾਂ ਦੇ ਜੀਵ ਹਨ, ਇਹਨਾਂ ਵਿਚੋਂ ਕੋਈ ਪੂਜਾ ਕਰਨ ਵਾਲੇ ਹਨ, ਕਈ ਕਰੋੜ ਤੀਰਥ ਯਾਤਰੀ ਹਨ, ਕਈ ਵੇਦਾਂ ਨੂੰ ਉਚਾਰਨ ਵਾਲੇ ਅਤੇ ਕਈ ਤਪੱਸਵੀ ਹਨ। ਕਈ ਕਰੋੜ ਕਵਿਤਾ ਦੀ ਤਰ੍ਹਾਂ ਗਾ ਕੇ ਪ੍ਰਭੂ ਨੂੰ ਧਿਆਉਂਦੇ ਹਨ ਅਤੇ ਕਰੋੜਾਂ ਹੀ ਅੰਤਰ ਧਿਆਨ ਹੋ ਕੇ ਪਰਮਾਤਮਾ ਨੂੰ ਪੂਜਦੇ ਹਨ। ਕਈ ਕਰੋੜਾਂ ਹੀ ਨਿਤਨੇਮ ਕਰਕੇ ਪਰਮਾਤਮਾ ਨੂੰ ਪਾਉਣ ਦਾ ਯਤਨ ਕਰਦੇ ਹਨ। ਕੋਈ ਵੈਰਾਗੀ ਬਣਿਆ ਫਿਰਦਾ ਹੈ, ਕੋਈ ਆਪਣੇ ਅੰਦਰੋਂ ਪਰਮਾਤਮਾ ਨੂੰ ਲੱਭਦਾ ਹੈ, ਕਈ ਕਰੋੜ ਸਤਿਸੰਗ ਕਰਕੇ ਪਰਮਾਤਮਾ ਨੂੰ ਪਾਉਣ ਦਾ ਯਤਨ ਕਰਦੇ ਹਨ। ਭਾਵ ਹਰ ਕੋਈ ਆਪੋ ਆਪਣੇ ਤਰੀਕੇ ਨਾਲ

ਪਰਮਾਤਮਾ ਨੂੰ ਪਾਉਣ ਦਾ ਯਤਨ ਕਰਦਾ ਹੈ। ਇਹ ਅਸਟਪਦੀ "ਅਸੰਗ ਜਪ ਅਸੰਖ ਭਉ" ਵਾਲੀ ਪਾਉੜੀ ਨਾਲ ਮੇਲ ਖਾਂਦੀ ਹੈ।

ਕਈ ਕੋਟਿ ਭਏ ਬੈਰਾਗੀ॥
ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥
ਕਈ ਕੋਟਿ ਪ੍ਰਭ ਕਉ ਖੋਜੰਤੇ॥
ਆਤਮ ਮਹਿ ਪ੍ਰਾਰਬ੍ਰਹਮੁ ਲਹੰਤੇ॥ (ਅਸਟਪਦੀ 10.6)

ਅੱਗੇ ਗੁਰੂ ਜੀ ਦਸਦੇ ਹਨ ਕਿ ਪਰਮਾਤਮਾ ਦੀ ਰਚਨਾ ਦਾ ਕੋਈ ਅੰਤ ਨਹੀਂ ਹੈ। ਇੱਥੇ ਕਰੋੜਾਂ ਦੀ ਗਿਣਤੀ ਵਿਚ ਪ੍ਰਿਥਵੀਆਂ, ਆਕਾਸ਼, ਸੂਰਜ, ਚੰਨ, ਤਾਰੇ ਤੇ ਗ੍ਰਹਿ ਹਨ:

ਕਈ ਕੋਟਿ ਖਾਣੀ ਅਰੁ ਖੰਡ॥
ਕਈ ਕੋਟਿ ਅਕਾਸ ਬ੍ਰਹਮੰਡ॥ (ਅਸਟਪਦੀ 10.7)

ਉਸ ਇਕ ਪਰਮਾਤਮਾ ਨੇ ਇਹਨਾਂ ਖੰਡਾਂ ਤੇ ਬ੍ਰਹਮੰਡਾਂ ਦਾ ਪਸਾਰਾ ਇਕ ਵਾਰ ਨਹੀਂ ਸਗੋਂ ਅਨੇਕ ਵਾਰ ਅਤੇ ਅਨੇਕਾਂ ਢੰਗ-ਤਰੀਕਿਆਂ ਨਾਲ ਕੀਤਾ ਹੈ:

ਕਈ ਜੁਗਤਿ ਕੀਨੋ ਬਿਸਥਾਰ॥
ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਇਕੁ ਏਕੰਕਾਰ॥ (ਅਸਟਪਦੀ 10.7)

ਗੁਰੂ ਜੀ ਅਨੁਸਾਰ ਇਸ ਸ੍ਰਿਸ਼ਟੀ ਵਿਚ ਕਰੋੜਾਂ ਹੀ ਜੀਵ-ਜੰਤੂ ਹਨ:

ਕਈ ਕੋਟਿ ਪੰਖੀ ਸਰਪ ਉਪਾਏ॥
ਕਈ ਕੋਟਿ ਪਾਥਰ ਬਿਰਖ ਨਿਪਜਾਏ॥ (ਅਸਟਪਦੀ 10.3)

ਗੁਰੂ ਜੀ ਅਨੁਸਾਰ ਕਰੋੜਾਂ ਹੀ ਪ੍ਰਭੂ ਦੇ ਦਾਸ ਭਾਵ ਸੇਵਕ ਹਨ ਜੋ ਤੱਤ ਨੂੰ ਜਾਣਦੇ ਹਨ ਅਤੇ ਸ੍ਰਿਸ਼ਟੀ ਵਿਚ ਹੀ ਪਰਮਾਤਮਾ ਨੂੰ ਵੇਖਦੇ ਤੇ ਮਹਿਸੂਸ ਕਰਦੇ ਹਨ। ਪਰਮਾਤਮਾ ਅਜਿਹੀ ਰਚਨਾ ਕਰਕੇ ਸਭ ਨੂੰ ਅਲੱਗ-ਅਲੱਗ ਕੰਮਾਂ ਤੇ ਲਾ ਕੇ ਆਪਣੀ ਲੀਲਾ ਵੇਖ ਰਿਹਾ ਹੈ। ਪਰਮਾਤਮਾ ਸਾਰੀ ਸ੍ਰਿਸ਼ਟੀ ਸਾਜ ਕੇ ਆਪ ਵੀ ਉਸੇ ਸ੍ਰਿਸ਼ਟੀ ਵਿਚ ਸਮਾਇਆ ਹੈ:

ਸਭ ਤੇ ਨੇਰੈ ਸਭਹੂ ਤੇ ਦੂਰਿ॥
ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ॥ (ਅਸਟਪਦੀ 10.4)

ਇਸ ਤਰ੍ਹਾਂ ਇਸ ਅਸਟਪਦੀ ਵਿਚ ਗੁਰੂ ਜੀ ਨੇ ਪਰਮਾਤਮਾ ਦੀ ਸਾਜੀ ਸ੍ਰਿਸ਼ਟੀ ਦੀ ਬੇਅੰਤਤਾ ਤੇ ਇਸ ਸ੍ਰਿਸ਼ਟੀ ਵਿਚਲੇ ਕਰੋੜਾਂ ਹੀ ਜੀਵ-ਜੰਤੂਆਂ, ਮਨੁੱਖਾਂ ਅਤੇ ਗ੍ਰਹਿਆਂ ਦੇ ਸਰੂਪ ਬਾਰੇ ਦੱਸਿਆ ਹੈ।

11. ਸੁਖਮਨੀ ਸਾਹਿਬ ਦੀ ਗਿਆਰਵੀਂ ਅਸਟਪਦੀ ਵਿਚ ਪ੍ਰਭੂ ਦੀ ਸਰਬਵਿਆਪਕਤਾ ਬਾਰੇ ਦੱਸਿਆ ਹੈ ਕਿ ਪਰਮਾਤਮਾ ਜਲ, ਥਲ ਅਤੇ ਅਕਾਸ਼ ਸਭ ਵਿਚ ਵਿਦਮਾਨ ਹੈ। ਉਹ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੈ ਅਤੇ ਹਰ ਲੀਲਾ ਆਪ ਵਰਤਾ ਰਿਹਾ ਹੈ:

ਕਰਨ ਕਰਾਵਨ ਕਰਨੈ ਜੋਗੁ॥
ਜੋ ਤਿਸੁ ਭਾਵੈ ਸੋਈ ਹੋਗੁ॥
ਖਿਨ ਮਹਿ ਥਾਪਿ ਉਥਾਪਨਹਾਰਾ॥
ਅੰਤ ਨਹੀ ਕਿਛੁ ਪਾਰਾਵਾਰਾ॥
ਹੁਕਮੇ ਧਾਰਿ ਅਧਰ ਰਹਾਵੈ॥
ਹੁਕਮੇ ਉਪਜੈ ਹੁਕਮਿ ਸਮਾਵੈ॥ (ਅਸਟਪਦੀ 11.1)

ਸ੍ਰਿਸ਼ਟੀ ਦਾ ਹਰ ਵਰਤਾਰਾ ਪਰਮਾਤਮਾ ਦੇ ਹੁਕਮ ਵਿਚ ਬੱਝਿਆ ਹੋਇਆ ਹੈ। ਪਰਮਾਤਮਾ ਨੂੰ ਜੋ ਭਾਉਂਦਾ ਹੈ ਉਹ ਉਹੀ ਕਰਦਾ ਹੈ ਕਿਉਂਕਿ ਲੋਕ-ਪ੍ਰਲੋਕ ਦਾ ਮਾਲਕ ਉਹ ਪ੍ਰਭੂ ਆਪ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ:

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥
ਪ੍ਰਭ ਭਾਵੈ ਤਾ ਪਾਥਰ ਤਰਾਵੈ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥
ਪ੍ਰਭ ਭਾਵੈ ਤਾ ਪਤਿਤ ਉਧਾਰੈ॥
ਆਪਿ ਕਰੈ ਆਪਨ ਬੀਚਾਰੈ॥
ਦੁਹਾ ਸਿਰਿਆ ਕਾ ਆਪਿ ਸੁਆਮੀ॥
ਖੇਲੈ ਬਿਗਸੈ ਅੰਤਰਜਾਮੀ॥ (ਅਸਟਪਦੀ 11.2)

ਪ੍ਰਭੂ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ। ਉਹ ਇਸ ਦਾ ਕਰਤਾ-ਧਰਤਾ ਹੈ। ਹਰ ਥਾਂ ਤੇ, ਹਰ ਸਰੀਰ ਵਿਚ ਉਸ ਪ੍ਰਭੂ ਦੀ ਜੋਤ ਪ੍ਰਕਾਸ਼ਮਾਨ ਹੈ:

ਜੀਉ ਪਿੰਡੁ ਸਭ ਤਿਸ ਕੀ ਰਾਸਿ॥
ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ॥ (ਅਸਟਪਦੀ 11.4)

ਇਸ ਅਸਟਪਦੀ ਵਿਚ ਗੁਰੂ ਜੀ ਦਸਦੇ ਹਨ ਕਿ ਜੀਵ ਦੇ ਆਪਣੇ ਹੱਥ ਵਿਚ ਕੁਝ ਵੀ ਨਹੀਂ। ਜੋ ਪਰਮਾਤਮਾ ਨੂੰ ਭਾਉਂਦਾ ਹੈ ਜੀਵ ਉਸੇ ਤਰ੍ਹਾਂ ਕਾਰਜ ਕਰਦਾ ਹੈ:

ਇਸ ਕਾ ਬਲੁ ਨਾਹੀ ਇਸੁ ਹਾਥ॥
ਕਰਨ ਕਰਾਵਨ ਸਰਬ ਕੋ ਨਾਥ॥
ਆਗਿਆਕਾਰੀ ਬਪੁਰਾ ਜੀਉ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ॥ (ਅਸਟਪਦੀ 11.5)

ਇਹ ਜੀਵ ਕਦੇ ਚੰਗਾ ਸੋਚਦਾ ਹੈ ਅਤ ਕਦੇ ਮੰਦਾ। ਉਸ ਦੇ ਮਨ ਦੀ ਅਵਸਥਾ ਅਜਿਹੀ ਹੈ ਕਿ ਕਦੇ ਉਹ ਹੰਕਾਰੀ ਬਣ ਬੈਠਦਾ ਹੈ, ਕਦੇ ਭੰਡਾਰੀ ਅਤੇ ਕਦੇ ਭਿਖਾਰੀ। ਕਦੇ ਬੁਰੇ ਕਰਮ ਕਰਦਾ ਹੈ ਤੇ ਕਦੇ ਭਲੇ ਕਰਮ ਕਰਕੇ ਸ਼ੋਭਾ ਕਰਵਾਉਂਦਾ ਹੈ:

ਕਬਹੂ ਨਿਰਤਿ ਕਰੈ ਬਹੁ ਭਾਤਿ॥
ਕਬਹੂ ਸੋਇ ਰਹੈ ਦਿਨੁ ਰਾਤਿ॥
ਕਬਹੂ ਮਹਾ ਕ੍ਰੋਧ ਬਿਕਰਾਲ॥
ਕਬਹੂੰ ਸਰਬ ਕੀ ਹੋਤ ਰਵਾਲ॥
ਕਬਹੂ ਹੋਇ ਬਹੈ ਬਡ ਰਾਜਾ॥
ਕਬਹੂੰ ਭੇਖਾਰੀ ਨੀਚ ਕਾ ਸਾਜਾ॥
ਕਬਹੂ ਅਪਕੀਰਤਿ ਮਹਿ ਆਵੈ॥
ਕਬਹੂ ਭਲਾ ਭਲਾ ਕਹਾਵੈ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥
ਗੁਰਪ੍ਰਸਾਦਿ ਨਾਨਕ ਸਚੁ ਕਹੈ॥ (ਅਸਟਪਦੀ 11.6)

ਜੀਵ ਕਦੇ ਪੰਡਿਤਾਂ ਦੀ ਤਰ੍ਹਾਂ ਬਿਖਿਆਨ ਕਰਦਾ ਹੈ, ਕਦੇ ਮੌਨ ਧਾਰਦਾ ਹੈ ਅਤੇ ਕਦੇ ਤੀਰਥ ਸਥਾਨਾਂ ਤੇ ਜਾ ਕੇ ਪਵਿੱਤਰ ਹੁੰਦਾ ਹੈ ਪਰ ਪਰਮਾਤਮਾ ਸਭ ਨੂੰ ਆਪਣੇ ਅਨੁਸਾਰ ਕੰਮਾਂ ਵਿਚ ਲਾਉਂਦਾ ਹੈ। ਕਿਸੇ ਤੇ ਮਿਹਰ ਕਰਕੇ ਉਸਨੂੰ ਨੀਚ ਤੋਂ ਉਚ ਕਰ ਦਿੰਦਾ ਹੈ:

ਖਿਨ ਮਹਿ ਨੀਚ ਕੀਟ ਕਉ ਰਾਜ॥
ਪਾਰਬ੍ਰਹਮ ਗਰੀਬ ਨਿਵਾਜ॥ (ਅਸਟਪਦੀ 11.4)

ਮਨੁੱਖ ਨੂੰ ਉਸ ਪਰਮਾਤਮਾ ਦੇ ਨਾਮ ਦਾ ਹੀ ਆਸਰਾ ਹੁੰਦਾ ਹੈ। ਮਨੁੱਖ ਪਰਮਾਤਮਾ ਦੇ ਉਦੇਸ਼ ਸੁਣ ਕੇ ਨਾਮ ਨੂੰ ਆਪਣੇ ਮਨ ਵਿਚ ਵਸਾ ਕੇ ਜਨਮ ਮਰਨ ਤੋਂ ਮੁਕਤੀ ਪਾ ਕੇ

ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਇਸ ਅਸਟਪਦੀ ਵਿਚ ਜੀਵ ਨੂੰ ਪਰਮਾਤਮਾ ਦਾ ਨਾਮ ਲੈਣ ਸਬੰਧੀ ਚੇਤੰਨ ਕੀਤਾ ਗਿਆ ਹੈ। ਜੀਵ ਦੇ ਅੰਤਿਮ ਉਦੇਸ਼ ਬਾਰੇ ਦੱਸਿਆ ਹੈ ਕਿ ਜੀਵ ਉਸ ਪਰਮਾਤਮਾ ਤੋਂ ਹੀ ਪੈਦਾ ਹੋਇਆ ਹੈ ਤੇ ਉਸ ਵਿਚ ਹੀ ਜੀਵ ਨੇ ਸਮਾ ਜਾਣਾ ਹੈ।

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿ੍ਸਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥ (ਅਸਟਪਦੀ 11.8)

12. ਬਾਰ੍ਹਵੀਂ ਅਸਟਪਦੀ ਵਿਚ ਅਹੰਕਾਰ ਅਤੇ ਮੋਹ ਦੇ ਵਿਸ਼ੇ ਨੂੰ ਛੋਹਿਆ ਗਿਆ ਹੈ ਕਿ ਜੀਵ ਅਹੰਕਾਰ ਅਤੇ ਮੋਹ ਵਿਚ ਗ੍ਰੱਸਿਆ ਰਹਿੰਦਾ ਹੈ ਅਤੇ ਉਸ ਪਰਮਾਤਮਾ ਨੂੰ ਯਾਦ ਨਹੀਂ ਕਰਦਾ ਜਿਸਨੇ ਜੀਵ ਨੂੰ ਸਭ ਸੁੱਖ ਸਹੂਲਤਾਂ ਦਿੱਤੀਆਂ ਹਨ। ਜੋ ਮਨੁੱਖ ਆਪਣੇ ਤਨ, ਮਨ, ਧਨ, ਜਵਾਨੀ ਅਤੇ ਸ਼ੁਭ ਕਰਮਾਂ ਦਾ ਗੁਮਾਨ ਕਰਦਾ ਹੈ, ਉਹ ਜੰਮਣ ਮਰਨ ਦੇ ਗੇੜ ਵਿਚ ਪੈ ਕੇ ਦੁਖ ਭੋਗਦਾ ਹੈ। ਮਨੁੱਖੀ ਮਨ ਵਿਚ ਨਿਮਰਤਾ ਪਰਮਾਤਮਾ ਦੀ ਕਿਰਪਾ ਨਾਲ ਹੀ ਆ ਸਕਦੀ ਹੈ। ਉਹੀ ਮਨੁੱਖ ਲੋਕ ਪ੍ਰਲੋਕ ਵਿਚ ਸੁਖੀ ਰਹਿੰਦਾ ਹੈ। ਹੰਕਾਰੀ ਮਨੁੱਖ ਸਦਾ ਦੁਖੀ ਰਹਿੰਦਾ ਹੈ ਤੇ ਨਿਮਰ ਮਨੁੱਖ ਸਦਾ ਸੁਖੀ ਰਹਿੰਦਾ ਹੈ।

ਧਨਵੰਤਾ ਹੋਇ ਕਰਿ ਗਰਬਾਵੈ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥ (ਅਸਟਪਦੀ 12.2)

ਹਥਿਆਰਾਂ ਅਤੇ ਦੂਜਿਆਂ ਵਿਅਕਤੀਆਂ ਤੇ ਟੇਕ ਰੱਖਣ ਵਾਲੇ ਮਨੁੱਖ ਬਾਰੇ ਗੁਰੂ ਜੀ ਕਹਿੰਦੇ ਹਨ ਕਿ:

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥
ਪਲ ਭੀਤਰਿ ਤਾ ਕਾ ਹੋਇ ਬਿਨਾਸ॥ (ਅਸਟਪਦੀ 12.2)

ਆਪਣੇ ਆਪ ਨੂੰ ਬਲਵਾਨ ਜਾਣਨ ਵਾਲੇ ਮਨੁੱਖ ਤੇ ਵੀ ਗੁਰੂ ਜੀ ਟਿੱਪਣੀ ਕਰਦੇ ਹਨ ਕਿ:

ਸਭ ਤੇ ਆਪ ਜਾਨੈ ਬਲਵੰਤੁ॥
ਖਿਨ ਮਹਿ ਹੋਇ ਜਾਇ ਭਸਮੰਤੁ॥ (ਅਸਟਪਦੀ 12.2)

ਪਰ ਜੋ ਜੀਵ ਨਾਮ ਸਿਮਰਨ ਨਾਲ ਤੇ ਪਰਮਾਤਮਾ ਦੀ ਕਿਰਪਾ ਨਾਲ ਆਪਣੇ ਮਨ ਵਿਚ ਹਲੀਮੀ, ਨਿਮਰਤਾ ਵਸਾ ਲਵੇ ਉਸਦਾ ਪਾਰ ਉਤਾਰਾ ਹੁੰਦਾ ਹੈ:

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥

ਸੋ ਜਨੁ ਨਾਨਕ ਦਰਗਹ ਪਰਵਾਨੁ॥ (ਅਸਟਪਦੀ 12.2)

ਇਸ ਅਸਟਪਦੀ ਵਿਚ ਗੁਰੂ ਜੀ ਜੀਵ ਨੂੰ ਸਮਝਾਉਂਦੇ ਹਨ ਕਿ ਹੰਕਾਰ ਨਾਲ ਕੀਤੇ ਜਪ, ਤਪ, ਪੁੰਨ-ਦਾਨ, ਸਭ ਵਿਅਰਥ ਹਨ। ਸੰਸਾਰਿਕ ਸੁਖ ਭੋਗਣ ਨਾਲ ਅਤੇ ਮਾਇਆ ਇਕੱਠੀ ਕਰਨ ਨਾਲ ਵੀ ਜੀਵ ਦਾ ਮਨ ਨਹੀਂ ਰੱਜ ਸਕਦਾ। ਇਹ ਸੁਖ ਸਿਰਫ਼ ਸੁਪਨ ਦ੍ਰਿਸ਼ ਹਨ। ਆਨੰਦ ਤ੍ਰਿਪਤੀ ਦੇ ਸਾਧਨ ਨਹੀਂ ਹਨ। ਨਾਮ ਸਿਮਰਨ ਸਭ ਦੁਖਾਂ ਦਾ ਦਾਰੂ ਤੇ ਸਦੀਵੀ ਸੁਖ ਦੇਣ ਵਾਲਾ ਹੈ। ਪਰਮਾਤਮਾ ਤੋਂ ਵੱਖਰੀ ਦੁਨੀਆਂ ਦੀ ਕੋਈ ਸ਼ੈਅ ਨਹੀਂ। ਪਰਮਾਤਮਾ ਹਰ ਜਗਤ ਪਸਾਰੇ ਵਿਚ ਵਰਤਦਾ ਹੈ। ਪਰਮਾਤਮਾ ਦੇ ਕੌਤਕ ਬੇਅੰਤ ਹਨ।

ਆਪਿ ਕੀਨੋ ਆਪਨ ਬਿਸਥਾਰੁ॥

ਸਭ ਕਛੁ ਉਸ ਕਾ ਓਹੁ ਕਰਨੈਹਾਰੁ॥

ਉਸ ਤੇ ਭਿੰਨ ਕਹਹੁ ਕਿਛੁ ਹੋਇ॥

ਥਾਨ ਥਨੰਤਰਿ ਏਕੈ ਸੋਇ॥

ਆਪੁਨੇ ਚਲਿਤ ਆਪਿ ਕਰਣੈਹਾਰ॥

ਕਉਤਕ ਕਰੈ ਰੰਗ ਆਪਾਰ॥ (ਅਸਟਪਦੀ 12.7)

ਸਭ ਵਰਤਾਰੇ ਪਰਮਾਤਮਾ ਦੇ ਹੱਥ ਵਿਚ ਹਨ। ਇਹ ਨਿਮਾਣਾ ਜੀਵ ਅਪਾਣੀ ਸੋਝੀ ਨਾਲ ਕੁਝ ਨਹੀਂ ਕਰ ਸਕਦਾ ਸਗੋਂ ਜੋ ਉਸ ਪਰਮਾਤਮਾ ਨੂੰ ਭਾਉਂਦਾ ਹੈ ਜੀਵਾਂ ਤੋਂ ਉਹੀ ਕਰਵਾਉਂਦਾ ਹੈ। ਪਰਮਾਤਮਾ ਅਤੇ ਉਸ ਦੁਆਰਾ ਕੀਤਾ ਜਗਤ ਪਸਾਰਾ ਸੱਚ ਹੈ। ਉਸਦਾ ਸਰੂਪ ਸੁੰਦਰ ਹੈ। ਉਸਦੀ ਬਾਣੀ ਭਾਵ ਕਹਿਣੀ ਪਵਿਤਰ ਹੈ। ਜੋ ਇਸ ਬਾਣੀ ਨੂੰ ਸੁਣਦਾ, ਉਚਾਰਦਾ ਹੈ ਉਸ ਦਾ ਪਾਰਉਤਾਰਾ ਹੁੰਦਾ ਹੈ।

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ

ਨਾਮੁ ਜਪੈ ਨਾਨਕ ਮਨਿ ਪ੍ਰੀਤਿ॥ (ਅਸਟਪਦੀ 12.8)

13. ਸੁਖਮਨੀ ਸਾਹਿਬ ਜੀ ਦੀ ਤੇਰਵੀਂ ਅਸਟਪਦੀ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਤ ਦੀ ਸ਼ਰਨ ਦਾ ਮਹੱਤਵ ਦਸਦਿਆਂ ਮਨੁੱਖ ਨੂੰ ਸੰਤਾਂ ਦੀ ਸੰਗਤ ਨਾਲ ਨਾਮ ਸਿਮਰਨ ਵੱਲ ਪ੍ਰੇਰਿਤ ਕੀਤਾ ਹੈ। ਇਸ ਅਸਟਪਦੀ ਵਿਚ ਗੁਰੂ ਜੀ ਸੰਤਾਂ ਦੀ ਨਿੰਦਿਆ ਕਰਨ ਵਾਲੇ ਮਨੁੱਖਾਂ ਬਾਰੇ ਦੱਸਦੇ ਹਨ ਕਿ ਸੰਤ ਦਾ ਦੋਖੀ ਜਾਂ ਸੰਤ ਕਾ ਨਿੰਦਕ ਜਨਮ ਮਰਨ ਦੇ ਚੱਕਰਾਂ ਵਿਚ ਪਿਆ ਭਟਕਦਾ ਰਹਿੰਦਾ ਹੈ:

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥

(ਸਲੋਕ ਅਸਟਪਦੀ 13)

ਗੁਰੂ ਜੀ ਇਸ ਅਸਟਪਦੀ ਵਿਚ ਸਪੱਸ਼ਟ ਕਰਦੇ ਹਨ ਕਿ ਸੰਤ ਦਾ ਨਿੰਦਕ ਟੇਢੀਆਂ ਜੂਨਾਂ ਵਿਚ ਪੈ ਕੇ ਭਟਕਦਾ ਰਹਿੰਦਾ ਹੈ। ਅਜਿਹੇ ਮਨੁੱਖ ਦੀ ਬੁੱਧੀ ਭਰਿਸ਼ਟ ਹੋ ਜਾਂਦੀ ਹੈ ਤੇ ਉਹ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ:-

ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ॥
ਸੰਤ ਕੈ ਦੂਖਨਿ ਸਭੁ ਕੋ ਛਲੈ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ॥
ਸੰਤ ਕੈ ਦੂਖਨਿ ਨੀਚੁ ਨੀਚਾਇ॥ (ਅਸਟਪਦੀ 13.2)

ਗੁਰੂ ਜੀ ਇਸ ਸਮੁੱਚੀ ਅਸਟਪਦੀ ਵਿਚ ਹੀ ਸੰਤਾਂ ਦੀ ਨਿੰਦਿਆ ਕਰਨ ਵਾਲੇ ਨੂੰ ਪਾਪੀ, ਜ਼ਾਲਮ, ਦੋਸ਼ੀ, ਰੋਗੀ ਅਤੇ ਸੋਗੀ ਦੱਸਦੇ ਹੋਏ ਦੱਸਦੇ ਹਨ ਕਿ ਅਜਿਹੇ ਮਨੁੱਖ ਨੂੰ ਨਰਕਾਂ ਤੋਂ ਕੋਈ ਨਹੀਂ ਬਚਾ ਸਕਦਾ। ਉਹਨਾਂ ਨੂੰ ਸਿਰਫ਼ ਸੱਚਾ ਸੰਤ ਹੀ ਬਚਾ ਸਕਦਾ ਹੈ:

ਸੰਤ ਕੈ ਦੋਖੀ ਕਉ ਅਵਰੁ ਨ ਰਾਖਨਹਾਰੁ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ॥ (ਅਸਟਪਦੀ 13.5)

ਇਸ ਅਸਟਪਦੀ ਵਿਚ ਗੁਰੂ ਜੀ ਜੀਵ ਨੂੰ ਸ੍ਰਿਸ਼ਟੀ ਅਤੇ ਪਰਮੇਸ਼ਰ ਦੀ ਰਚਨਾ ਮੰਨਦੇ ਹੋਏ ਜੀਵ ਨੂੰ ਇਹਨਾਂ ਸ੍ਰਿਸ਼ਟੀ ਅਤੇ ਪਰਮੇਸ਼ਰ ਦੇ ਅਨੁਕੂਲ ਚੱਲਣ ਲਈ ਪ੍ਰੇਰਿਤ ਕਰਦੇ ਹਨ।

ਸਭੁ ਕਛੁ ਵਰਤੈ ਤਿਸ ਕਾ ਕੀਆ॥
ਜੈਸਾ ਕਰੇ ਤੈਸਾ ਕੋ ਥੀਆ॥
ਅਪਨਾ ਖੇਲੁ ਆਪਿ ਕਰਨੈਹਾਰੁ॥
ਦੂਸਰ ਕਉਨੁ ਕਹੈ ਬੀਚਾਰੁ॥ (ਅਸਟਪਦੀ 13.8)

14. ਚੌਦਵੀਂ ਅਸਟਪਦੀ ਵਿਚ ਗੁਰੂ ਜੀ ਮਨੁੱਖ ਨੂੰ ਸਭ ਚਤੁਰਾਈਆਂ ਛੱਡ ਕੇ ਨਾਮ ਜਪਣ ਵੱਲ ਪ੍ਰੇਰਿਤ ਕਰਦੇ ਹਨ ਕਿ ਨਾਮ ਜਪ ਕੇ ਹਰੀ ਦਾ ਨਾਮ ਮਨ ਵਿਚ ਵਸਾ ਕੇ ਹੀ ਸਭ ਦੁੱਖ ਦਰਦ ਦੂਰ ਹੋ ਸਕਦੇ ਹਨ। ਗੁਰੂ ਜੀ ਇਸ ਅਸਟਪਦੀ ਵਿਚ ਮਨੁੱਖ ਨੂੰ ਸਮਝਾਉਂਦੇ ਹਨ ਕਿ

ਸਭ ਦਾਤਾਂ ਦੇਣ ਵਾਲਾ ਉਹ ਪਰਮਾਤਮਾ ਹੀ ਹੈ। ਮਨੁੱਖਾਂ ਦੀ ਟੇਕ ਤੇ ਆਸਰਾ ਰੱਖਣਾ ਬੇਅਰਥ ਹੈ:-

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥
ਦੇਵਨ ਕਉ ਏਕੈ ਭਗਵਾਨੁ॥
ਜਿਸ ਕੈ ਦੀਐ ਰਹੈ ਅਘਾਇ॥
ਬਹੁਰਿ ਨ ਤ੍ਰਿਸਨਾ ਲਾਗੈ ਆਇ॥ (ਅਸਟਪਦੀ 14.1)

ਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਪਰਮਾਤਮਾ ਦੀ ਉਸਤਤਿ ਵਿਚ ਸਰੀਰ ਦੇ ਅੰਗਾਂ ਨੂੰ ਲਗਾਉ, ਜ਼ੁਬਾਨ ਨਾਲ ਹਰੀ ਦੇ ਗੁਣਾ ਗਾਉ, ਕੰਨਾ ਨਾਲ ਹਰੀ ਦੇ ਨਾਮ ਦੀ ਕਥਾ ਸੁਣੋ, ਅੱਖਾਂ ਨਾਲ ਉਸਦੀ ਰਚਨਾ ਨੂੰ ਵੇਖੋ ਅਤੇ ਪੈਰਾਂ ਨਾਲ ਤੁਰਕੇ ਸਾਧ ਦੀ ਸੰਗਤ ਵਿਚ ਜਾਉ। ਅਜਿਹੇ ਮਨੁੱਖ ਹੀ ਲੋਕ ਪ੍ਰਲੋਕ ਵਿਚ ਸੁਖੀ ਰਹਿੰਦੇ ਹਨ।

ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥
ਤਿਸ ਕਾ ਨਾਮੁ ਰਖੁ ਕੰਠਿ ਪਰੋਇ॥ (ਅਸਟਪਦੀ 14.1)

ਜੋ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਹੈ, ਉਸਦੇ ਗੁਣਾਂ ਦਾ ਕੀਰਤਨ ਕਰਦਾ ਹੈ ਤੇ ਇਕੋ ਪਰਮਾਤਮਾ ਉਤੇ ਭਰੋਸਾ ਰੱਖਦਾ ਹੈ, ਉਹ ਮਨੁੱਖ ਸਭ ਰੋਗਾਂ, ਦੁੱਖਾਂ, ਕਲੇਸ਼ਾਂ ਤੋਂ ਦੂਰ ਰਹਿੰਦਾ ਹੈ ਕਿਉਂਕਿ ਸ੍ਰਿਸ਼ਟੀ ਦੇ ਜੀਵਾਂ ਦਾ ਜੰਮਣਾ ਮਰਨਾ ਸਭ ਪਰਮਾਤਮਾ ਦੇ ਹੁਕਮ ਵਿਚ ਹੈ। ਜੋ ਪਰਮਾਤਮਾ ਦੇ ਗੁਣਾਂ ਨੂੰ ਪਛਾਣ ਲੈਂਦੇ ਹਨ ਅਤੇ ਉਸਦੀ ਉਸਤਤਿ ਕਰਦੇ ਹਨ, ਉਹਨਾਂ ਪੁਰਸ਼ਾਂ ਦੀ ਸੰਸਾਰ ਵਿਚ ਸ਼ੋਭਾ ਹੁੰਦੀ ਹੈ।

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥
ਸਦਾ ਸਦਾ ਬਸੈ ਹਰਿ ਸੰਗਿ॥ (ਅਸਟਪਦੀ 14.8)

ਜੋ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਹੈ ਤੇ ਪਰਮਾਤਮਾ ਉਪਰ ਭਰੋਸਾ ਰੱਖਦਾ ਹੈ ਉਸ ਦੇ ਸਭ ਦੁੱਖ ਖ਼ਤਮ ਹੋ ਜਾਂਦੇ ਹਨ ਤੇ ਉਹ ਸੁਖੀ ਹੋ ਜਾਂਦਾ ਹੈ।

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ॥
ਸੋ ਸੰਤੁ ਸੁਹੇਲਾ ਨਹੀ ਡੁਲਾਵੈ॥ (ਅਸਟਪਦੀ 14.5)

ਉਹ ਸਾਰੀ ਸ੍ਰਿਸ਼ਟੀ ਵਿਚ ਪਰਮਾਤਮਾ ਨੂੰ ਵੇਖਦਾ ਹੈ। ਉਸ ਨੂੰ ਹਰ ਚੀਜ਼ ਪ੍ਰਭੂ ਦਾ ਰੂਪ ਲਗਦੀ ਹੈ।

ਸੋਧਤ ਸੋਧਤ ਸੋਧਤ ਸੀਝਿਆ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥
ਜਬ ਦੇਖਉ ਤਬ ਸਭੁ ਕਿਛੁ ਮੂਲੁ॥
ਨਾਨਕ ਸੋ ਸੂਖਮੁ ਸੋਈ ਅਸਥੂਲੁ॥ (ਅਸਟਪਦੀ 14.5)

ਸੋ ਇਸ ਅਸਟਪਦੀ ਵਿਚ ਗੁਰੂ ਜੀ ਮਨੁੱਖ ਨੂੰ ਮਾਲਕ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ ਹਨ।

15. ਪੰਦਰਵੀਂ ਅਸਟਪਦੀ ਵਿਚ ਪਰਮਾਤਮਾ ਦੇ ਗੁਣਾਂ ਦੀ ਉਸਤਤਿ ਕੀਤੀ ਗਈ ਹੈ ਕਿ ਪਰਮਾਤਮਾ ਸਭ ਸ਼ਕਤੀਆਂ ਦਾ ਮਾਲਕ ਹੈ, ਜਿਸ ਦੇ ਨਾਮ ਦਾ ਸਿਮਰਨ ਕਰਕੇ ਪਾਰ ਉਤਾਰਾ ਹੁੰਦਾ ਹੈ। ਜੀਵ ਆਪਣੇ ਆਪ ਕੁਝ ਵੀ ਨਹੀਂ ਕਰ ਸਕਦਾ। ਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਰੂਪ, ਧਨ ਅਤੇ ਬਲ ਦਾ ਹੰਕਾਰ ਕਰਨਾ ਬੇਅਰਥ ਹੈ ਕਿਉਂਕਿ ਇਸ ਨਾਲ ਹਉਮੈ ਉਪਜਦੀ ਹੈ ਪਰ ਜੋ ਮਨੁੱਖ ਹੰਕਾਰ ਛੱਡ ਕੇ ਇਹਨਾਂ ਨੂੰ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਸਮਝਦਾ ਹੈ ਉਹ ਸੁਖੀ ਰਹਿੰਦਾ ਹੈ:

ਜਿਸ ਗੁਰ ਪ੍ਰਸਾਦਿ ਤੂਟੈ ਹਉ ਰੋਗੁ॥
ਨਾਨਕ ਸੋ ਜਨੁ ਸਦਾ ਅਰੋਗੁ॥ (ਅਸਟਪਦੀ 15.2)

ਗੁਰੂ ਜੀ ਅਨੁਸਾਰ ਜਿਵੇਂ ਮਕਾਨ ਨੂੰ ਥੰਮ ਸਹਾਰਾ ਦਿੰਦਾ ਹੈ, ਪੱਥਰ ਬੇੜੀ ਦੀ ਸਹਾਇਤਾ ਨਾਲ ਤਰ ਜਾਂਦਾ ਹੈ, ਉਸੇ ਤਰ੍ਹਾਂ ਗੁਰੂ ਦੇ ਚਰਨਾਂ ਨਾਲ ਲੱਗ ਕੇ ਜੀਵ ਵੀ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ। ਗੁਰੂ ਦੇ ਦਰਸ਼ਨ ਕਰਨ ਨਾਲ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ। ਗੁਰੂ ਜੀ ਇਸ ਅਸਟਪਦੀ ਵਿਚ ਮਨੁੱਖ ਨੂੰ ਸਮਝਾਉਂਦੇ ਹਨ ਕਿ ਦੁੱਖ ਸੁੱਖ ਸਭ ਪਰਮਾਤਮਾ ਨੇ ਕਰਮਾਂ ਅਨੁਸਾਰ ਦਿੱਤੇ ਹਨ:

ਦੂਖ ਸੂਖ ਪ੍ਰਭ ਦੇਵਨਹਾਰੁ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ॥
ਜੋ ਕਛੁ ਕਰੈ ਸੋਈ ਸੁਖੁ ਮਾਨੁ॥
ਭੂਲਾ ਕਾਹੇ ਫਿਰਹਿ ਅਜਾਨ॥
ਕਾਉਨ ਬਸਤੁ ਆਈ ਤੇਰੈ ਸੰਗ॥
ਲਪਟਿ ਰਹਿਓ ਰਸਿ ਲੋਭੀ ਪਤੰਗ॥
ਰਾਮ ਨਾਮ ਜਪਿ ਹਿਰਦੇ ਮਾਹਿ॥
ਨਾਨਕ ਪਤਿ ਸੇਤੀ ਘਰਿ ਜਾਹਿ॥ (ਅਸਟਪਦੀ 15.4)

ਜੀਵ ਇਸ ਸੰਸਾਰ ਵਿਚ ਹਰੀ ਦਾ ਨਾਮ ਜਪਣ ਹੀ ਆਇਆ ਹੈ ਜੋ ਸੰਤਾਂ ਦੀ ਸੰਗਤ ਨਾਲ ਹੀ ਮਿਲ ਸਕਦਾ ਹੈ। ਅਜਿਹੇ ਸੰਤ ਜਾਂ ਸਾਧ ਨੂੰ ਆਪਣਾ ਮਨ ਅਰਪਨ ਕਰਨਾ ਚਾਹੀਦਾ ਹੈ। ਅਜਿਹਾ ਸਾਧੂ ਅਨੇਕਾਂ ਬਿਘਨਾਂ, ਕਸ਼ਟਾਂ ਅਤੇ ਮੁਸ਼ਕਿਲਾਂ ਤੋਂ ਬਚਾ ਲੈਂਦਾ ਹੈ। ਪਰਮਾਤਮਾ ਮੁਰਦਾ ਵਿਚ ਜਾਨ ਪਾਉਣ ਦੇ ਸਮਰੱਥ ਹੈ। ਭੁੱਖੇ ਨੂੰ ਅੰਨ ਦਿੰਦਾ ਹੈ। ਉਹ ਸਭ ਕੁਝ ਕਰਨ-ਕਰਾਉਣ ਦੇ ਸਮਰੱਥ ਹੈ। ਅਜਿਹਾ ਪਰਮਾਤਮਾ ਗੁਰੂ ਦੇ ਸਹਾਰੇ ਹੀ ਮਿਲ ਸਕਦਾ ਹੈ। ਜਿਸਦੇ ਹਿਰਦੇ ਵਿਚ ਸੱਚ ਸਰੂਪ ਪਰਮਾਤਮਾ ਵਸ ਜਾਂਦਾ ਹੈ, ਉਸ ਦੇ ਹਰ ਪਾਸੇ ਸੱਚ ਦਾ ਪਸਾਰਾ ਹੋ ਜਾਂਦਾ ਹੈ।

16. ਗੁਰੂ ਅਰਜਨ ਦੇਵ ਜੀ ਸੋਲ੍ਹਵੀਂ ਅਸਟਪਦੀ ਵਿਚ ਦਸਦੇ ਹਨ ਕਿ ਪਰਮਾਤਮਾ ਤਿੰਨਾਂ ਗੁਣਾਂ (ਰਜੋ, ਸਤੋ ਤੇ ਤਮੋਂ) ਤੋਂ ਪਰੇ ਹੈ। ਉਹ ਸਰਬਸ਼ਕਤੀਮਾਨ ਹੈ। ਉਹ ਜੋ ਚਾਹੇ ਕਰ ਸਕਦਾ ਹੈ। ਪਰਮਾਤਮਾ ਜੋਗੀਆਂ ਵਿਚ ਜੋਗੀ, ਰਾਜਿਆਂ ਵਿਚ ਰਾਜਾ ਤੇ ਸੰਸਾਰੀਆਂ ਵਿਚ ਸੰਸਾਰੀ ਹੈ:-

ਰਾਜ ਮਹਿ ਰਾਜੁ ਜੋਗ ਮਹਿ ਜੋਗੀ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥ (ਅਸਟਪਦੀ 16.2)

ਪਰਮਾਤਮਾ ਦੀ ਲੀਲਾ ਕਥਨ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਦੀ ਹੋਂਦ ਜਾਂ ਹਸਤੀ ਬਾਰੇ ਜਾਨਣਾ ਜੀਵ ਲਈ ਮੁਸ਼ਕਿਲ ਹੈ। ਸਭ ਚੰਗੇ ਮਾੜੇ ਜੀਵਾਂ ਵਿਚ ਉਹ ਆਪ ਵਸਦਾ ਹੈ। ਪਰਮਾਤਮਾ ਦੇ ਅਨੇਕ ਰੰਗ, ਰੂਪ, ਭੇਖ ਹਨ ਅਤੇ ਉਸਨੇ ਕਈ ਤਰੀਕਿਆਂ ਨਾਲ ਸਿਸ਼ਟੀ ਦਾ ਵਿਸਥਾਰ ਕੀਤਾ ਹੈ। ਉਹ ਸ੍ਰਿਸ਼ਟੀ ਦੀ ਹਰ ਵਸਤੂ ਅਤੇ ਹਰ ਵਰਤਾਰੇ ਵਿਚ ਸਮਾਇਆ ਹੋਇਆ ਹੈ। ਉਸਦੇ ਨਾਮ ਦੇ ਆਸਰੇ ਹੀ ਸਭ ਜੀਵ-ਜੰਤੂ, ਖੰਡ-ਬ੍ਰਹਿਮੰਡ, ਸਿਮਰਤੀਆਂ, ਸ਼ਾਸਤਰ, ਵੇਦ-ਪੁਰਾਨ, ਅਗਾਸ-ਪਤਾਲ ਚੱਲ ਰਹੇ ਹਨ। ਸ੍ਰਿਸ਼ਟੀ ਦੀ ਕੋਈ ਵੀ ਵਸਤੂ ਉਸਦੇ ਨਾਮ ਦੇ ਸਹਾਰੇ ਦੇ ਬਿਨਾ ਨਹੀਂ ਚੱਲ ਸਕਦੀ। ਪਰਮਾਤਮਾ ਦਾ ਰੂਪ, ਅਸਥਾਨ, ਰਚਨਾ ਅਤੇ ਇੱਛਾ ਸੱਚ ਹੈ। ਉਸ ਪ੍ਰਭੂ ਦੇ ਉਪਦੇਸ਼ ਵੀ ਸੱਚੇ ਹਨ ਅਤੇ ਇਹਨਾਂ ਉਪਦੇਸ਼ਾਂ ਨੂੰ ਮਨ ਵਿਚ ਵਸਾਉਣ ਵਾਲੇ ਵੀ ਸੱਚੇ ਹਨ:-

ਸਤਿ ਬਚਨ ਸਾਧੂ ਉਪਦੇਸ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥
ਸਤਿ ਨਿਰਤਿ ਬੂਝੈ ਜੇ ਕੋਇ॥
ਨਾਮੁ ਜਪਤ ਤਾ ਕੀ ਗਤਿ ਹੋਇ॥ (ਅਸਟਪਦੀ 16.7)

ਜਿਨ੍ਹਾਂ ਮਨੁੱਖਾਂ ਨੇ ਇਸ ਪਰਮਾਤਮਾ ਦੇ ਸਤ ਸਰੂਪ ਨੂੰ ਪਹਿਚਾਣ ਲਿਆ ਉਹ ਆਪ ਵੀ ਤਰ ਜਾਂਦੇ ਹਨ ਅਤੇ ਆਪਣੇ ਨਾਲ ਦੂਜਿਆਂ ਨੂੰ ਵੀ ਤਾਰ ਲੈਂਦੇ ਹਨ।

17. ਸੁਖਮਨੀ ਸਾਹਿਬ ਜੀ ਦੀ ਸਤਾਰਵੀਂ ਅਸਟਪਦੀ ਵਿਚ ਵੀ ਪਰਮਾਤਮਾ ਦੇ ਗੁਣਾਂ ਦੀ ਸਿਫ਼ਤ ਕਰਦਿਆਂ ਉਸਨੂੰ ਸਰਬ ਸਹਾਈ ਮੰਨ ਕੇ ਜੀਵ ਨੂੰ ਉਸਦੇ ਨਾਮ ਦਾ ਗੁਣਗਾਣ ਕਰਨ ਲਈ ਪ੍ਰੇਰਿਆ ਗਿਆ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਆਪ ਤਾਂ ਸੱਚਾ ਹੈ ਹੀ ਉਸ ਨਾਮ ਦੀ ਓਟ ਲੈਣ ਵਾਲੇ ਵੀ ਸੱਚੇ ਹਨ। ਜਿਵੇਂ:

ਚਰਨ ਸਤਿ ਸਤਿ ਪਰਸਨਹਾਰ॥
ਪੂਜਾ ਸਤਿ ਸਤਿ ਸੇਵਦਾਰ॥
ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨਹਾਰ॥
ਆਪਿ ਸਤਿ ਸਤਿ ਸਭ ਧਾਰੀ॥
ਆਪੇ ਗੁਣ ਆਪੇ ਗੁਣਕਾਰੀ॥
ਸਬਦੁ ਸਤਿ ਸਤਿ ਪ੍ਰਭੁ ਬਕਤਾ॥
ਸੁਰਤਿ ਸਤਿ ਸਤਿ ਜਸੁ ਸੁਨਤਾ॥
ਬੁਝਨਹਾਰ ਕਉ ਸਤਿ ਸਭ ਹੋਇ॥
ਨਾਨਕ ਸਤਿ ਸਤਿ ਪ੍ਰਭੁ ਸੋਇ॥ (ਅਸਟਪਦੀ 17.1)

ਜਿਸ ਮਨੁੱਖ ਨੇ ਨਿਸ਼ਚਾ ਕਰਕੇ ਉਸ ਸਤਿ ਸਰੂਪ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਧਾਰ ਲਿਆ ਹੈ, ਉਸਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਹ ਮਨੁੱਖ ਜਨਮ ਮਰਨ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ। ਅਜਿਹੇ ਮਨੁੱਖਾਂ ਦੀ ਪੱਜ ਪਰਮਾਤਮਾ ਆਪ ਰੱਖਦਾ ਹੈ। ਪਰਮਾਤਮਾ ਕਰਮਾਂ ਅਨੁਸਾਰ ਕਿਸੇ ਜੀਵ ਨੂੰ ਬਲਵਾਨ ਕਰ ਦਿੰਦਾ ਹੈ ਅਤੇ ਕਿਸੇ ਨੂੰ ਬਲਹੀਣ ਕਰ ਦਿੰਦਾ ਹੈ। ਜਿਹੜੇ ਮਨੁੱਖ ਅੱਠੇ ਪਹਿਰ ਸੁਆਸ ਸੁਆਸ ਪਰਮਾਤਮਾ ਨੂੰ ਸਿਮਰਦੇ ਹਨ ਅਤੇ ਉਸਦੀ ਰਜ਼ਾ ਵਿਚ ਰਹਿੰਦੇ ਹਨ, ਉਹਨਾਂ ਨੂੰ ਸਭ ਸੁੱਖਾਂ ਦੀ ਪ੍ਰਪਤੀ ਹੁੰਦੀ ਹੈ।

18. ਗੁਰੂ ਜੀ ਅਠਾਰਵੀਂ ਅਸਟਪਦੀ ਵਿਚ ਸੱਚੇ ਗੁਰੂ ਦੀ ਮਹਿਮਾ ਬਿਆਨ ਕਰਦੇ ਹਨ। ਜਿਸ ਨੇ ਅਕਾਲ ਪੁਰਖ ਵਾਹਿਗੁਰੂ ਨੂੰ ਜਾਣ ਲਿਆ ਹੈ, ਜੋ ਉਸ ਵਾਹਿਗੁਰੂ ਦੇ ਦੱਸੇ ਮਾਰਗ ਤੇ ਚੱਲਦਾ ਹੈ ਅਤੇ ਦੂਜਿਆਂ ਮਨੁੱਖਾਂ ਨੂੰ ਵੀ ਸਹੀ ਮਾਰਗ ਦਰਸਾਉਂਦਾ ਹੈ, ਉਹੀ ਸਤਿਗੁਰੂ ਹੈ।

ਸਤਿਗੁਰੂ ਆਪਣੇ ਸਿੱਖ ਨੂੰ ਨਾਮ ਸਿਮਰਨ ਵਿਚ ਲਾ ਕੇ ਉਸਦੀ ਖੋਟੀ ਮੱਤ ਦੂਰ ਕਰਦਾ ਹੈ। ਗੁਰੂ ਤੋਂ ਆਤਮਕ ਉਪਦੇਸ਼ ਦੀ ਸਿੱਖਿਆ ਹਉਮੈ ਨੂੰ ਤਿਆਗ ਕੇ ਹੀ ਲਈ ਜਾ ਸਕਦੀ ਹੈ:

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੇ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥ (ਅਸਟਪਦੀ 18.2)

ਜੋ ਮਨੁੱਖ ਇਸ ਸਤਿਗੁਰ ਦੀ ਆਗਿਆ ਅਨੁਸਾਰ ਚੱਲੇ ਉਸਨੂੰ ਸੇਵਕ ਆਖਿਆ ਜਾਂਦਾ ਹੈ। ਸਤਿਗੁਰ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਨਹੀਂ ਹੁੰਦਾ।

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ॥ (ਅਸਟਪਦੀ 18.3)

ਅਜਿਹਾ ਸਤਿਗੁਰੂ ਵੱਡੇ ਭਾਗਾਂ ਨਾਲ ਮਿਲਦਾ ਹੈ ਜੋ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਦਰਸਾਵੇ। ਅਜਿਹੇ ਗੁਰੂ ਦੀ ਛੋਹ ਮਨ ਨੂੰ ਸ਼ੁੱਧ ਕਰ ਦਿੰਦੀ ਹੈ। ਮਨ ਸੰਤੋਖੀ ਹੋ ਜਾਂਦਾ ਹੈ ਅਤੇ ਅਜਿਹਾ ਗੁਰੂ ਧਾਰਨ ਕਰਨ ਨਾਲ ਸਭ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ। ਪਰਮਾਤਮਾ ਦੇ ਗੁਣ ਬੇਅੰਤ ਹਨ। ਉਸਦੇ ਗੁਣਾਂ ਦਾ ਕਥਨ ਸੱਚੇ ਗੁਰੂ ਦੇ ਆਸਰੇ ਨਾਲ ਹੀ ਕੀਤਾ ਜਾ ਸਕਦਾ ਹੈ। ਪਰਮਾਤਮਾ ਦਾ ਨਾਮ ਅੰਮ੍ਰਿਤ ਹੈ ਜਿਸਨੂੰ ਕੋਈ ਵਿਰਲਾ ਸੇਵਕ ਹੀ ਪ੍ਰਾਪਤ ਕਰਦਾ ਹੈ ਅਤੇ ਮੁਕਤ ਹੁੰਦਾ ਹੈ। ਪ੍ਰਭੂ ਦਾ ਨਾਮ ਅਗਿਆਨਤਾ ਦਾ ਹਨੇਰਾ ਦੂਰ ਕਰਦਾ ਹੈ:

ਇਹ ਹਰਿ ਰਸੁ ਪਾਵੈ ਜਨੁ ਕੋਇ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ॥
ਜਾ ਕੈ ਮਨਿ ਪ੍ਰਗਟੇ ਗੁਨਤਾਸ॥ (ਅਸਟਪਦੀ 18.6)

ਸੱਚੇ ਗੁਰੂ ਦੀ ਸ਼ਰਨ ਵਿਚ ਸਭ ਵਿਕਲਪ ਮਿਟ ਜਾਂਦੇ ਹਨ ਅਤੇ ਹਿਰਦੇ ਵਿਚ ਸ਼ਾਂਤੀ ਆ ਜਾਂਦੀ ਹੈ। ਪਰਮਾਤਮਾ ਨਿਰਗੁਣ ਅਤੇ ਸਰਗੁਣ ਦੋਹੇਂ ਰੂਪਾਂ ਵਿਚ ਹੈ। ਉਹ ਸਾਰੀ ਸ੍ਰਿਸ਼ਟੀ ਵਿਚ ਦਿਖ-ਅਦਿਖ ਰੂਪ ਵਿਚ ਸਮਾਇਆ ਹੋਇਆ ਹੈ। ਇਸ ਸਾਰੇ ਭੇਦ ਨੂੰ ਸਤਿਗੁਰੂ ਦੀ ਸ਼ਰਨ ਵਿਚ ਪੈ ਕੇ ਹੀ ਸਮਝਿਆ ਜਾ ਸਕਦਾ ਹੈ।

ਨਿਰਗੁਨੁ ਆਪਿ ਸਰਗੁਨ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ॥
ਅਪੁਨੀ ਕੀਮਤਿ ਆਪੇ ਪਾਏ॥ (ਅਸਟਪਦੀ 18.8)

19. ਸੁਖਮਨੀ ਸਾਹਿਬ ਜੀ ਦੀ ਉੱਨੀਵੀਂ ਅਸਟਪਦੀ ਵਿਚ ਨਾਮ ਦੀ ਮਹਿਮਾ ਦੱਸੀ ਗਈ ਹੈ ਕਿ:

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥੧॥
(ਸਲੋਕ ਅਸਟਪਦੀ 19)

ਗੁਰੂ ਜੀ ਦੱਸਦੇ ਹਨ ਕਿ ਨਾਮ ਹੀ ਸਰਬ ਸੁਖਾਂ ਦਾ ਦਾਤਾ ਹੈ। ਗੁਰੂ ਜੀ ਜੀਵ ਨੂੰ ਬਾਕੀ ਸਾਰੇ ਦੁਨੀਆਵੀ ਝਮੇਲੇ ਛੱਡ ਕੇ ਸੰਤਾਂ ਦੀ ਸੰਗਤ ਵਿਚ ਪੈ ਕੇ ਨਾਮ ਸਿਮਰਨ ਲਈ ਪ੍ਰੇਰਦੇ ਹਨ। ਨਾਮ ਨਾਲ ਸਭ ਦੁੱਖ ਦੂਰ ਹੁੰਦੇ ਹਨ। ਨਾਮ ਦਾ ਖ਼ਜਾਨਾ ਸਭ ਖ਼ਜਾਨਿਆਂ ਤੋਂ ਵੱਡਾ ਹੈ ਜਿਸ ਨਾਲ ਮਨੁੱਖ ਦਰਗਾਹ ਵਿਚ ਵੀ ਪ੍ਰਵਾਨ ਹੁੰਦਾ ਹੈ। ਇਹ ਨਾਮ ਸਿਮਰਨ ਨਾਲ ਜੀਵਨ ਆਤਮ ਪ੍ਰਕਾਸ਼ ਗ੍ਰਹਿਣ ਕਰਕੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ। ਸਭ ਵੇਦ ਸ਼ਾਸਤਰ ਤੇ ਸਿਮਰਤੀਆਂ ਤੋਂ ਨਾਮ ਸਿਰਮਨ ਉੱਪਰ ਹੈ:-

ਅਨਿਕ ਉਪਾਵ ਨ ਛੂਟਨਹਾਰੇ॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥
ਹਰਿ ਕੀ ਭਗਤਿ ਕਰਹੁ ਮਨੁ ਲਾਇ॥
ਮਨਿ ਬੰਛਤ ਨਾਨਕ ਫਲ ਪਾਇ॥ (ਅਸਟਪਦੀ 19.4)

ਗੁਰੂ ਜੀ ਇਸ ਅਸਟਪਦੀ ਵਿਚ ਫਰਮਾਉਂਦੇ ਹਨ ਕਿ ਜੀਵ ਧਨ, ਦੌਲਤ, ਪਦਾਰਥ ਅਤੇ ਪਰਿਵਾਰ ਵਿਚ ਪੈ ਕੇ ਨਾਮ ਨੂੰ ਭੁਲਾ ਦਿੰਦਾ ਹੈ ਪਰ ਅੰਤ ਨੂੰ ਇਹਨਾਂ ਵਿਚੋਂ ਕੋਈ ਵੀ

ਸਹਾਈ ਨਹੀਂ ਹੁੰਦਾ। ਸਾਧ ਦੀ ਸੰਗਤ ਕਰਕੇ ਹਰੀ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ ਜਿਸ ਨਾਲ ਆਵਾਗਮਨ ਤੋਂ ਮੁਕਤੀ ਮਿਲਦੀ ਹੈ।

20. ਗੁਰੂ ਅਰਜਨ ਦੇਵ ਜੀ ਵੀਹਵੀਂ ਅਸਟਪਦੀ ਵਿਚ ਪ੍ਰਭੂ ਦੀ ਸ਼ਰਨ ਵਿਚ ਆਏ ਸੇਵਕ ਦੀ ਬੇਨਤੀ ਨੂੰ ਬਿਆਨ ਕਰਦੇ ਹਨ ਕਿ ਸੇਵਕ ਪ੍ਰਭੂ ਅੱਗੇ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ ਮੈਨੂੰ ਆਪਣੀ ਸ਼ਰਨ ਵਿਚ ਲੈ ਲਵੋ:

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥੧॥

(ਸਲੋਕ ਅਸਟਪਦੀ 20)

ਇਸ ਅਸਟਪਦੀ ਵਿਚ ਸੇਵਕ ਪ੍ਰਭੂ ਤੋਂ ਨਾਮ ਦੀ ਦਾਤ ਮੰਗਦਾ ਹੈ ਕਿ ਹੇ ਪ੍ਰਭੂ, ਮੈਂ ਸਾਧ ਸੰਤਾਂ ਦੀ ਧੂੜ ਮੰਗਦਾ ਹਾਂ। ਹੇ ਪਰਮਾਤਮਾ ਮੇਰੀ ਇੱਛਾ ਪੂਰੀ ਕਰੋ। ਮੈਂ ਤੁਹਾਡਾ ਨਾਮ ਸੁਆਸ ਸੁਆਸ ਧਿਆਵਾਂ, ਹਮੇਸ਼ਾ ਤੁਹਾਡੇ ਹੀ ਗੁਣ ਗਾਵਾਂ। ਹੇ ਪਰਮਾਤਮਾ ਮੈਂ ਤੁਹਾਡੇ ਨਾਮ ਦੀ ਦਾਤ ਮੰਗਦਾ ਹਾਂ।

ਗੁਰੂ ਜੀ ਇਸ ਅਸਟਪਦੀ ਵਿਚ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਦੀ ਦਾਤ ਉਸ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਮਿਲਦੀ ਹੈ ਅਤੇ ਜੋ ਮਨੁੱਖ ਇਸ ਨਾਮ ਦੀ ਦਾਤ ਨੂੰ ਚੱਖ ਲੈਂਦੇ ਹਨ ਉਹਨਾਂ ਨੂੰ ਹੋਰ ਕੋਈ ਇੱਛਾ ਨਹੀਂ ਰਹਿੰਦੀ। ਉਹਨਾਂ ਦੇ ਮਨ ਵਿਚ ਸਹਿਜਤਾ ਆ ਜਾਂਦੀ ਹੈ। ਮਨੁੱਖ ਮੋਹ ਮਾਇਆ ਦੇ ਬੰਧਨਾਂ ਤੋਂ ਛੁੱਟ ਜਾਂਦਾ ਹੈ। ਇਹ ਅਵਸਥਾ ਪਰਮਾਤਮਾ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

ਜਨ ਕਉ ਪ੍ਰਭੁ ਹੋਇਓ ਦਇਆਲੁ॥
ਸੇਵਕੁ ਕੀਨੋ ਸਦਾ ਨਿਹਾਲੁ॥
ਬੰਧਨ ਕਾਟਿ ਮੁਕਤਿ ਜਨੁ ਭਇਆ॥
ਜਨਮ ਮਰਨ ਦੂਖੁ ਭ੍ਰਮੁ ਗਇਆ॥ (ਅਸਟਪਦੀ 20.3)

ਗੁਰੂ ਜੀ ਅੱਗੇ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਸ ਪਰਮਾਤਮਾ ਨੂੰ ਕਿਉਂ ਵਿਸਾਰਦਾ ਹੈ ਜੋ ਸਾਡੀ ਮਿਹਨਤ ਦਾ ਮੁੱਲ ਨਹੀਂ ਮਾਰਦਾ, ਜਿਸਨੇ ਸਾਨੂੰ ਸਭ ਸੁੱਖ ਦਿੱਤੇ ਹਨ, ਜਿਸਨੇ ਜ਼ਿੰਦਗੀ ਦਿੱਤੀ ਹੈ ਅਤੇ ਜੋ ਆਪਣੇ ਨਾਲ ਆਪ ਮੇਲਦਾ ਹੈ। ਅਜਿਹੇ ਪ੍ਰਭੂ ਨੂੰ ਭੁਲਾਉਂਣਾ ਨਹੀਂ ਚਾਹੀਦਾ ਸਗੋਂ ਮਨ ਵਿਚ ਵਸਾਉਣਾ ਚਾਹੀਦਾ ਹੈ। ਸਭ ਕੰਮ ਛੱਡ ਕੇ ਅਜਿਹੇ

ਪਰਮਾਤਮਾ ਦੇ ਨਾਮ ਦਾ ਜਾਪ ਕਰਨਾ ਅਤੇ ਕਰਾਉਣਾ ਚਾਹੀਦਾ ਹੈ। ਉਸ ਪਰਮਾਤਮਾ ਦਾ ਨਾਮ ਜਪਣ ਵਾਲਿਆਂ ਦੇ ਮਨ ਸਦਾ ਪ੍ਰੇਮ ਵਿਚ ਰੰਗੇ ਰਹਿੰਦੇ ਹਨ:

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥
ਮਨ ਤਨ ਅੰਤਰਿ ਇਹੀ ਸੁਆਉ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥
ਮਨੁ ਬਿਗਸੈ ਸਾਧ ਚਰਨ ਧੋਇ॥ (ਅਸਟਪਦੀ 20.6)

ਪਰਮਾਤਮਾ ਸਰਬ ਵਿਆਪਕ, ਸਰਬ ਸ਼ਕਤੀਮਾਨ ਅਤੇ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ। ਉਸ ਦੇ ਨਾਮ ਨੂੰ ਜਪਣ ਵਾਲਾ ਜੀਵ ਪਵਿਤਰ ਹੋ ਜਾਂਦਾ ਹੈ। ਸਾਨੂੰ ਉਸ ਅੱਗੇ ਬੇਨਤੀ ਕਰਨੀ ਚਾਹੀਦਾ ਹੈ ਕਿ ਹੇ ਪਰਮਾਤਮਾ ਅਸੀਂ ਗੁਣਹੀਣ, ਨੀਚ, ਅਣਜਾਨ ਹਾਂ ਤੂੰ ਸਾਨੂੰ ਬਖ਼ਸ਼ ਲੈ:

ਆਦਿ ਪੁਰਖ ਕਾਰਣ ਕਰਤਾਰ॥
ਭਗਤ ਜਨਾ ਕੇ ਪ੍ਰਾਨ ਅਧਾਰ॥
ਜੋ ਜੋ ਜਪੈ ਸੁ ਹੋਇ ਪੁਨੀਤ॥
ਭਗਤਿ ਭਾਇ ਲਾਵੈ ਮਨ ਹੀਤ॥
ਹਮ ਨਿਰਗੁਨੀਆਰ ਨੀਚ ਅਜਾਨ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥ (ਅਸਟਪਦੀ 20.7)

ਅੰਤ ਤੇ ਇਸ ਅਸਟਪਦੀ ਵਿਚ ਗੁਰੂ ਜੀ ਮਨੁੱਖ ਨੂੰ ਪ੍ਰਭੂ ਦੇ ਨਾਮ ਦੀ ਮਹਿਮਾ ਦੱਸ ਕੇ ਪ੍ਰਭੂ ਦਾ ਨਾਮ ਸਿਮਰਨ ਲਈ ਪ੍ਰੇਰਿਤ ਕਰਦੇ ਹਨ।

21. ਸੁਖਮਨੀ ਸਾਹਿਬ ਜੀ ਦੀ ਇੱਕੀਵੀਂ ਅਸਟਪਦੀ ਵਿਚ ਗੁਰੂ ਜੀ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਦਾ ਵਰਣਨ ਕਰਦੇ ਹਨ ਕਿ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਵੀ ਪਰਮਾਤਮਾ ਦੀ ਹੋਂਦ ਸੀ। ਉਸ ਸਮੇਂ ਹੋਰ ਕੋਈ ਵਰਤਾਰਾ ਹੋਂਦ ਵਿਚ ਨਹੀਂ ਸੀ। ਉਦੋਂ ਕੋਈ ਪਾਪ, ਪੁੰਨ, ਵੈਰ, ਵਿਰੋਧ, ਹਰਖ਼, ਸੋਗ, ਮੋਹ-ਈਰਖਾ ਆਦਿ ਕੁਝ ਵੀ ਨਹੀਂ ਸੀ:

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ॥
ਪਾਪ ਪੁੰਨ ਤਬ ਕਹ ਤੇ ਹੋਤਾ॥
ਜਬ ਧਾਰੀ ਆਪਨ ਸੁੰਨ ਸਮਾਧਿ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥

ਜਬ ਇਸ ਕਾ ਬਰਨੁ ਚਿਹਨੁ ਨ ਜਾਪਤ॥
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥
ਜਬ ਆਪਨ ਆਪ ਆਪਿ ਪਾਰਬ੍ਰਹਮ॥
ਤਬ ਮੋਹ ਕਹਾ ਕਿਸੁ ਹੋਵਤ ਭਰਮ॥
ਆਪਨ ਖੇਲੁ ਆਪਿ ਵਰਤੀਜਾ॥
ਨਾਨਕ ਕਰਨੈਹਾਰੁ ਨ ਦੂਜਾ॥ (ਅਸਟਪਦੀ 21.1)

ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਪਾਪ-ਪੁੰਨ ਅਤੇ ਮਾਇਆ ਦਾ ਪਾਸਾਰਾ ਨਹੀਂ ਸੀ ਅਤੇ ਨਾ ਕੋਈ ਜਨਮ-ਮਰਨ ਦਾ ਚੱਕਰ ਸੀ। ਉਸ ਸਮੇਂ ਵਡਿਆਈ, ਅਪਮਾਨ, ਧੋਖਾ, ਦੂਸ਼ਨ ਆਦਿ ਨਹੀਂ ਸਨ। ਸੋਭਾਵੰਤ ਤੇ ਦੋਖੀ ਨਹੀਂ ਸਨ। ਨਾ ਕੋਈ ਭੁੱਖਾ ਤੇ ਨਾ ਹੀ ਰੱਜਿਆ ਸੀ। ਉਸ ਸਮੇਂ ਕੋਈ ਮਾਂ-ਬਾਪ, ਮਿੱਤਰ-ਦੁਸ਼ਮਣ, ਭਾਈ-ਭੈਣ, ਪਤਨੀ-ਬੱਚੇ ਆਦਿਕ ਸੰਸਾਰਿਕ ਰਿਸ਼ਤੇ ਨਹੀਂ ਸਨ। ਉਸ ਸਮੇਂ ਕੋਈ ਵੇਦ, ਸਿਮਰਤੀਆਂ, ਸ਼ਾਸਤਰ ਹੋਂਦ ਵਿਚ ਨਹੀਂ ਆਏ ਸਨ। ਕੋਈ ਸ਼ਗਨ-ਅਪਸ਼ਗਨ ਨਹੀਂ ਸੀ ਅਤੇ ਨਾ ਕੋਈ ਮਾਲਕ-ਸੇਵਕ ਸੀ:

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥
ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ॥
ਜਹ ਸਰਬ ਕਲਾ ਆਪਹਿ ਪਰਬੀਨ॥
ਤਹ ਬੇਦ ਕਤੇਬ ਕਹਾ ਕੋਊ ਚੀਨ॥ (ਅਸਟਪਦੀ 21.5)

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਬ੍ਰਹਮ ਨਿਰਗੁਣ ਸਰੂਪ ਵਿਚ ਵਿਦਮਾਨ ਸੀ। ਉਸ ਬੇਅੰਤ ਪਰਮਾਤਮਾ ਦੀ ਮਹਿਮਾ ਕਹਿਣ ਸੁਣਨ ਵਾਲਾ ਵੀ ਕੋਈ ਨਹੀਂ ਸੀ। ਫੇਰ ਪਰਮਾਤਮਾ ਨੇ ਆਪ ਹੀ ਸਾਰਾ ਪਰਪੰਚ ਰਚ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਪਾਪ-ਪੁੰਨ, ਨਰਕ-ਸੁਰਗ, ਮਾਇਆ ਜੰਜਾਲ, ਦੁੱਖ-ਸੁੱਖ, ਮਾਣ-ਅਪਮਾਨ ਸਭ ਬਣਾ ਦਿੱਤੇ:

ਜਹ ਆਪਿ ਰਚਿਓ ਪਰਪੰਚੁ ਅਕਾਰੁ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ॥
ਪਾਪੁ ਪੁੰਨੁ ਤਹ ਭਈ ਕਹਾਵਤ॥
ਕੋਊ ਨਰਕ ਕੋਊ ਸੁਰਗ ਬੰਛਾਵਤ॥
ਆਲ ਜਾਲ ਮਾਇਆ ਜੰਜਾਲ॥

ਹਉਮੈ ਮੋਹ ਭਰਮ ਭੈ ਭਾਰ॥

ਦੂਖ ਸੂਖ ਮਾਨ ਅਪਮਾਨ॥

ਅਨਿਕ ਪ੍ਰਕਾਰ ਕੀਓ ਬਖ੍ਯਾਨ॥

ਆਪਨ ਖੇਲੁ ਆਪਿ ਕਰਿ ਦੇਖੈ॥

ਖੇਲੁ ਸੰਕੋਚੈ ਤਉ ਨਾਨਕ ਏਕੈ॥ (ਅਸਟਪਦੀ 21.7)

ਇਸ ਤਰ੍ਹਾਂ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕਰਕੇ ਸਭ ਜਗਤ ਪਸਾਰਾ ਬਣਾ ਦਿੱਤਾ ਅਤੇ ਇਸ ਤਰ੍ਹਾਂ ਉਹ ਨਿਰਗੁਣ ਪ੍ਰਭੂ ਸਰਗੁਣ ਸਰੂਪ ਵਿਚ ਆ ਗਿਆ। ਜੇਕਰ ਇਹ ਸ੍ਰਿਸ਼ਟੀ ਪਸਾਰਾ ਸਮੇਟ ਲਿਆ ਜਾਵੇ ਤਾਂ ਵੀ ਉਹ ਇਕੱਲਾ ਪ੍ਰਭੂ ਰਹਿ ਜਾਵੇਗਾ। 'ਜਦੋਂ ਇਸ ਸੁੰਨ ਅਵਸਥਾ ਵਿਚੋਂ ਨਿਕਲਦੇ ਉਸ ਨੇ ਪ੍ਰਪੰਚ ਸਾਕਾਰ ਕੀਤਾ ਤਾਂ ਤ੍ਰੈਗੁਣਾਤਮਕ ਲੀਲਾ ਦਾ ਵਿਸਥਾਰ ਹੋ ਗਿਆ ਤੇ ਜਦੋਂ ਉਸ ਚਾਹਿਆ ਤਾਂ ਮੁੜ ਏਕੰਕਾਰ ਹੋ ਗਿਆ। ਇਹ ਪਰਿਵਰਤਨ ਆਪਣੇ ਆਪ ਇਕ ਮਹਾਨ ਰਹੱਸ ਹੈ।'[43]

ਪਰਮਾਤਮਾ ਸਾਰੀ ਸ੍ਰਿਸ਼ਟੀ ਵਿਚ ਵਸਦਾ ਹੈ। ਉਸ ਨੇ ਮਾਇਆ ਦਾ ਜਾਲ ਬੁਣ ਕੇ ਜੀਵ ਨੂੰ ਉਸ ਵਿਚ ਗ੍ਰਸਿਆ ਹੈ ਅਤੇ ਜਿਸ ਤੇ ਉਹ ਮਿਹਰ ਕਰਦਾ ਹੈ ਉਸਨੂੰ ਆਪਣੇ ਨਾਮ ਦਾ ਆਸਰਾ ਦੇ ਕੇ ਮਾਇਆ, ਧਨ-ਦੌਲਤ ਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰ ਦਿੰਦਾ ਹੈ।

22. ਬਾਈਵੀਂ ਅਸਟਪਦੀ ਵਿਚ ਦੱਸਿਆ ਗਿਆ ਹੈ ਕਿ ਬ੍ਰਹਮ ਸਾਰੀ ਸ੍ਰਿਸ਼ਟੀ ਨੂੰ ਸਾਜ ਕੇ ਉਸ ਵਿਚ ਵਰਤ ਰਿਹਾ ਹੈ। ਉਹ ਸਾਰੀ ਸ੍ਰਿਸ਼ਟੀ ਦੇ ਛੋਟੇ-ਵੱਡੇ ਜੀਵਾਂ ਦਾ ਮਾਲਕ ਹੈ। ਉਸ ਦਾ ਰੂਪ ਇਕ ਵੀ ਹੈ ਅਤੇ ਅਨੇਕ ਵੀ ਹੈ। ਉਹ ਆਪਣੀ ਇੱਛਾ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਅਤੇ ਇੱਛਾ ਅਨੁਸਾਰ ਹੀ ਉਸਨੂੰ ਸਮੇਟ ਲੈਂਦਾ ਹੈ:

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥

ਆਪਨੈ ਭਾਣੈ ਲਏ ਸਮਾਏ॥

ਤੁਮ ਤੇ ਭਿੰਨ ਨਹੀ ਕਿਛੁ ਹੋਇ॥

ਆਪਨ ਸੂਤਿ ਸਭੁ ਜਗਤੁ ਪਰੋਇ॥ (ਅਸਟਪਦੀ 22.1)

ਸਭ ਜੀਵਾਂ ਦੇ ਜਨਮ-ਮਰਨ ਦੀ ਜੁਗਤੀ ਉਸ ਪਾਰਬ੍ਰਹਮ ਦੇ ਹੱਥ ਵਿਚ ਹੀ ਹੈ। ਜਿਸਨੂੰ ਉਹ ਰੱਖਣਾ ਚਾਹਵੇ ਉਸਨੂੰ ਕੋਈ ਮਾਰ ਨਹੀਂ ਸਕਦਾ:

---

[43] ਪਿਆਰਾ ਸਿੰਘ ਪਦਮ, ਸੁਖਮਨੀ ਦਰਸ਼ਨ, ਪੰਨਾ-31.

ਜਿਸੁ ਰਾਖੈ ਤਿਸੁ ਕੋਇ ਨ ਮਾਰੈ॥

ਸੋ ਮੂਆ ਜਿਸੁ ਮਨਹੁ ਬਿਸਾਰੈ॥ (ਅਸਟਪਦੀ 22.2)

ਪਰਮਾਤਮਾ ਸਭ ਜੀਵਾਂ ਦੀ ਪਾਲਣਾ ਕਰਦਾ ਹੈ। ਜੋ ਉਸਦੇ ਗੁਣਾਂ ਨੂੰ ਜਾਣਦਾ ਹੈ ਅਤੇ ਉਸ ਪਰਮਾਤਮਾ ਦੀ ਭਗਤੀ ਕਰਦਾ ਹੈ, ਉਸਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ:

ਪ੍ਰਤਿਪਾਲੈ ਜੀਅਨ ਬਹੁ ਭਾਤਿ॥

ਜੋ ਜੋ ਰਚਿਓ ਸੁ ਤਿਸਹਿ ਧਿਆਤਿ॥

ਜਿਸੁ ਭਾਵੈ ਤਿਸੁ ਲਏ ਮਿਲਾਇ॥

ਭਗਤ ਕਰਹਿ ਹਰਿ ਕੇ ਗੁਣ ਗਾਇ॥

ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ॥

ਕਰਨਹਾਰੁ ਨਾਨਕ ਇਕੁ ਜਾਨਿਆ॥ (ਅਸਟਪਦੀ 22.3)

ਉਸ ਅਕਾਲ ਪੁਰਖ ਦਾ ਸਿਮਰਨ ਕਰਨ ਵਾਲੇ ਸੇਵਕ ਦੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। ਸਾਧ ਦੀ ਸੰਗਤ ਨਾਲ ਪ੍ਰਭੂ ਦੇ ਗੁਣਗਾਣ ਅਤੇ ਉਸਦੇ ਨਾਮ ਤੇ ਵਿਚਾਰ ਕਰਨ ਨਾਲ, ਪਰਮਾਤਮਾ ਨੂੰ ਅੰਗ ਸੰਗ ਜਾਣਨ ਤੇ ਬੁਰਾਈਆਂ ਨੂੰ ਦੂਰ ਕਰਨ ਨਾਲ, ਹੰਕਾਰ ਤੇ ਵਿਕਾਰ ਦੂਰ ਹੁੰਦੇ ਹਨ। ਉਸ ਪਰਮਾਤਮਾ ਦੇ ਉਪਦੇਸ਼ ਨੂੰ ਮਨ ਵਿਚ ਵਸਾਉਣ ਨਾਲ ਮਨ ਇੱਛਤ ਫਲਾਂ ਦੀ ਪ੍ਰਾਪਤੀ ਹੁੰਦੀ ਹੈ, ਲੋਕ ਪ੍ਰਲੋਕ ਸੁਧਰ ਜਾਂਦੇ ਹਨ ਅਤੇ ਦੁੱਖ ਦਲਿੱਦਰ ਜਮਾਂ ਦਾ ਡਰ ਦੂਰ ਹੁੰਦੇ ਹਨ। ਪਰਮਾਤਮਾ ਤੋਂ ਦੂਰ ਕੋਈ ਨਹੀਂ ਜਾ ਸਕਦਾ ਕਿਉਂਕਿ ਉਹ ਹਰ ਥਾਂ ਮੌਜੂਦ ਹੈ। ਸੋ ਗੁਰੂ ਜੀ ਇਸ ਅਸਟਪਦੀ ਵਿਚ ਵੀ ਜੀਵ ਨੂੰ ਗੁਰੂ ਦੀ ਆਗਿਆ ਅਨੁਸਾਰ ਚੱਲ ਕੇ ਨਾਮ ਸਿਮਰਨ ਵੱਲ ਪ੍ਰੇਰਿਤ ਕਰਦੇ ਹਨ।

23. ਤੇਈਵੀਂ ਅਸਟਪਦੀ ਵਿਚ ਪਰਮਾਤਮਾ ਦੇ ਗੁਣਾਂ ਦੀ ਸੋਝੀ ਆਉਣ ਦੀ ਅਵਸਥਾ ਨੂੰ ਦੱਸਿਆ ਹੈ ਕਿ:

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥

(ਸਲੋਕ ਅਸਟਪਦੀ 23)

ਜੀਵ ਨੂੰ ਜਦੋਂ ਪਰਮਾਤਮਾ ਦੇ ਸਰੂਪ ਦੀ ਸੋਝੀ ਆ ਜਾਂਦੀ ਹੈ ਤਾਂ ਉਸਦੇ ਸਭ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਉਸ ਨੂੰ ਸਮਝ ਆ ਜਾਂਦੀ ਹੈ। ਪ੍ਰਭੂ ਦਾ ਨਾਮ ਜੀਵ ਨੂੰ ਅਮਰ ਕਰਨ ਵਾਲਾ ਹੈ ਅਤੇ ਨੌ ਨਿਧੀਆਂ ਦੇਣ ਵਾਲਾ ਹੈ। ਇਸ ਨੂੰ ਜਪਣ ਨਾਲ ਜੀਵ ਦੇ ਮਨ ਵਿਚ

ਅਨਹਦ ਨਾਦ ਵੱਜਦਾ ਹੈ ਜਿਸ ਬਾਰੇ ਕਥਨ ਕਰਨਾ ਮੁਸ਼ਕਿਲ ਹੈ। ਇਹ ਨਾਦ ਜੀਵ ਨੂੰ ਪ੍ਰਭੂ ਦੇ ਨਿਰਗੁਣ ਸਰੂਪ ਦਾ ਅਨੁਭਵ ਕਰਾਉਂਦਾ ਹੈ। ਸੰਸਾਰ ਦੇ ਹਰ ਇਕ ਸੂਖਮ-ਅਸਥੂਲ ਤੱਤ ਵਿਚ ਪਾਰਬ੍ਰਹਮ ਸਮਾਏ ਹੋਏ ਹਨ। ਸਾਰੀ ਸ੍ਰਿਸ਼ਟੀ ਹੀ ਉਸ ਦੀ ਆਗਿਆ ਵਿਚ ਚੱਲ ਰਹੀ ਹੈ। ਕੋਈ ਵੀ ਥਾਂ ਜਾਂ ਦਿਸ਼ਾ ਉਸ ਦੀ ਹੋਂਦ ਤੋਂ ਬਿਨਾ ਨਹੀਂ ਹੈ। ਵੇਦ, ਪੁਰਾਣ, ਸਿਮ੍ਰਿਤੀਆਂ, ਸੂਰਜ, ਚੰਦਰਮਾ, ਤਾਰਿਆਂ ਸਭ ਵਿਚ ਉਹ ਪਸਰਿਆ ਹੈ। ਉਹ ਕਦੇ ਡੋਲਦਾ ਨਹੀਂ।

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥ (ਅਸਟਪਦੀ 23.2)

ਉਸਦੇ ਗੁਣਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਅਜਿਹੇ ਪਰਮਾਤਮਾ ਦਾ ਨਾਂ ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਵਸ ਜਾਂਦਾ ਹੈ ਉਹ ਪੂਰਨ ਸੰਤ ਹਨ। ਉਹ ਧਰਮ ਅਨੁਸਾਰ ਹੀ ਕੰਮ ਕਰਦੇ ਹਨ। ਉਹ ਸਦਾ ਪ੍ਰਭੂ ਦੇ ਗੁਣ ਗਾਉਂਦੇ ਹਨ। ਉਹ ਕਦੇ ਵਿਅਰਥ ਨਹੀਂ ਬੋਲਦੇ ਅਤੇ ਮਾਲਕ ਦੇ ਭਾਣੇ ਨੂੰ ਹੁਕਮ ਸਮਝਦੇ ਹਨ:

ਸੰਤ ਜਨਾ ਸੁਨਹਿ ਸੁਭ ਬਚਨ॥
ਸਰਬ ਬਿਆਪੀ ਰਾਮ ਸੰਗਿ ਰਚਨ॥
ਜਿਨਿ ਜਾਤਾ ਤਿਸ ਕੀ ਇਹ ਰਹਤ॥
ਸਤਿ ਬਚਨ ਸਾਧੂ ਸਭਿ ਕਹਤ॥
ਜੋ ਜੋ ਹੋਇ ਸੋਈ ਸੁਖੁ ਮਾਨੈ॥
ਕਰਨ ਕਰਾਵਨਹਾਰੁ ਪ੍ਰਭੁ ਜਾਨੈ॥
ਅੰਤਰਿ ਬਸੇ ਬਾਹਰਿ ਭੀ ਓਹੀ॥
ਨਾਨਕ ਦਰਸਨੁ ਦੇਖਿ ਸਭ ਮੋਹੀ॥ (ਅਸਟਪਦੀ 23.4)

ਪਰਮਾਤਮਾ ਆਪਣੀ ਇੱਛਾ ਅਨੁਸਾਰ ਹੀ ਸੰਸਾਰ ਦਾ ਵਿਕਾਸ ਜਾਂ ਵਿਨਾਸ਼ ਕਰ ਸਕਦਾ ਹੈ। ਸਭ ਜੀਵਾਂ ਵਿਚ ਵੀ ਪ੍ਰਭੂ ਦੀ ਸੱਤਾ ਹੀ ਕੰਮ ਕਰਦੀ ਹੈ। ਅੱਖਾਂ ਨਾਲ ਵੇਖਣਾ, ਕੰਨਾਂ ਨਾਲ ਸੁਣਨਾ, ਮੂੰਹ ਨਾਲ ਬੋਲਣਾ, ਪੈਰਾਂ ਨਾਲ ਚੱਲਣਾ, ਨੱਕ ਨਾਲ ਸੁੰਘਣਾ ਅਤੇ ਹੱਥਾਂ ਨਾਲ ਕੰਮ ਕਰਨਾ ਇਹ ਉਸ ਦੀ ਹੀ ਸੱਤਾ ਹੈ। ਜੇ ਉਹ ਇਹ ਸੱਤਾ ਵਾਪਸ ਲੈ ਲਵੇ ਤਾਂ ਸਭ ਅੰਗ ਰੁਕ ਜਾਂਦੇ ਹਨ। ਪਰ ਪਰਮਾਤਮਾ ਜੋ ਕਰਦਾ ਹੈ ਉਹ ਚੰਗਾ ਹੀ ਕਰਦਾ ਹੈ। ਜੋ ਪੁਰਖ ਉਸਦੇ ਕੀਤੇ ਨੂੰ ਸਿਰ ਮੱਥੇ ਮੰਨਦਾ ਹੈ ਉਸਨੂੰ ਸੁੱਖ, ਇੱਜ਼ਤ ਤੇ ਮਾਣ ਦੀ ਪ੍ਰਾਪਤੀ ਹੁੰਦੀ ਹੈ।

ਉਹ ਮਾਇਆ ਦੇ ਬੰਧਨਾਂ ਵਿਚ ਨਹੀਂ ਫਸਦਾ। ਉਹ ਆਪ ਵੀ ਸਿਮਰਨ ਕਰਦਾ ਹੈ ਅਤੇ ਦੂਜਿਆਂ ਤੋਂ ਸਿਮਰਨ ਕਰਵਾ ਕੇ ਉਹਨਾਂ ਨੂੰ ਵੀ ਤਾਰ ਲੈਂਦਾ ਹੈ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥

ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ (ਅਸਟਪਦੀ 23.8)

24. ਗੁਰੂ ਸਾਹਿਬ ਚੌਵੀਵੀਂ ਅਸਟਪਦੀ ਵਿਚ ਪੂਰਨ ਪ੍ਰਭੂ ਦੀ ਅਤੇ ਉਸਦੇ ਨਾਮ ਦੀ ਸਿਫ਼ਤ ਕਰਦੇ ਹਨ ਅਤੇ ਜੀਵ ਨੂੰ ਉਸ ਪੂਰਨ ਪ੍ਰਭੂ ਦੀ ਲੀਲਾ ਦਾ ਗੁਣ ਗਾਉਣ ਲਈ ਭਾਵ ਨਾਮ ਸਿਮਰਨ ਕਰਨ ਲਈ ਪ੍ਰੇਰਿਤ ਕਰਦੇ ਹਨ:

ਪੂਰੇ ਗੁਰ ਕਾ ਸੁਨਿ ਉਪਦੇਸੁ॥

ਪਾਰਬ੍ਰਹਮ ਨਿਕਟਿ ਕਰਿ ਪੇਖੁ॥

ਸਾਸਿ ਸਾਸਿ ਸਿਮਰਹੁ ਗੋਬਿੰਦ॥

ਮਨ ਅੰਤਰ ਕੀ ਉਤਰੈ ਚਿੰਦ॥

ਆਸ ਅਨਿਤ ਤਿਆਗਹੁ ਤਰੰਗ॥

ਸੰਤ ਜਨਾ ਕੀ ਧੂਰਿ ਮਨ ਮੰਗ॥ (ਅਸਟਪਦੀ 24.1)

ਗੁਰੂ ਜੀ ਪਿਛਲੀਆਂ ਅਸਟਪਦੀਆਂ ਵਿਚ ਜੀਵ ਨੂੰ ਪਰਮਾਤਮਾ ਤੇ ਨਾਮ ਸਿਮਰਨ ਦੇ ਗੁਣ ਦਰਸਾ ਕੇ ਅਖੀਰਲੀ ਅਸਟਪਦੀ ਵਿਚ ਪੂਰਨ ਪਰਮਾਤਮਾ ਨਾਲ ਅਭੇਦ ਹੋਣ ਲਈ ਕਹਿੰਦੇ ਹਨ ਕਿ ਉਸ ਪੂਰਨ ਗੁਰੂ ਦੇ ਉਪਦੇਸ਼ ਸੁਣੋ, ਉਸਨੂੰ ਹਾਜ਼ਰ ਨਾਜ਼ਰ ਜਾਣੋ, ਹੰਕਾਰ ਛੱਡ ਕੇ ਸੰਤਾਂ ਦੀ ਸੰਗਤ ਕਰੋ ਅਤੇ ਨਾਮ ਜਪੋ। ਸਹਿਜ, ਆਨੰਦ, ਖ਼ੁਸ਼ੀ ਲਈ ਸਾਧ ਸੰਗਤ ਵਿਚ ਪਰਮਾਤਮਾ ਦਾ ਸਿਮਰਨ ਕਰੋ ਅਤੇ ਗਰੀਬਾਂ ਤੇ ਦਾਇਆ ਕਰਨ ਵਾਲੇ ਕਿਰਪਾਲੂ ਪ੍ਰਭੂ ਦਾ ਸਿਮਰਨ ਕਰੋ। ਜਿਨ੍ਹਾਂ ਨੇ ਆਪਣੇ ਮਨ ਨੂੰ ਬਾਣੀ ਵੱਲ ਲਾ ਕੇ ਬੇਲੋੜੀਆਂ ਇੱਛਾਵਾਂ ਤੇ ਵਿਕਾਰਾਂ 'ਤੇ ਕਾਬੂ ਪਾ ਲਿਆ ਹੈ ਉਹ ਸੰਤ ਹਨ ਅਤੇ ਉਹਨਾਂ ਦੇ ਬਚਨ ਵੀ ਅਮੋਲਕ ਹਨ। ਉਹ ਆਪਣੇ ਨਾਲ ਹੋਰਨਾ ਦਾ ਵੀ ਪਾਰਉਤਾਰਾ ਕਰਦੇ ਹਨ। ਅਜਿਹੇ ਸੰਤਾਂ ਦੀ ਸੰਗਤ ਨਾਲ ਵੱਡੇ-ਵੱਡੇ ਪਾਪੀ ਵੀ ਤਰ ਜਾਂਦੇ ਹਨ। ਜਿਸ ਦਾ ਮਨ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ ਉਹਨਾਂ ਦੇ ਮਨ ਵਿਚ ਪ੍ਰਭੂ ਦੀ ਜੈ ਜੈ ਕਾਰ ਦੇ ਸ਼ਬਦ ਲਗਾਤਾਰ ਵੱਜਦੇ ਹਨ ਜਿਸ ਨੂੰ ਸੁਣ-ਸੁਣ ਕੇ ਮਨੁੱਖ ਨੂੰ ਆਨੰਦ ਮਿਲਦਾ ਹੈ। ਅਜਿਹੇ ਮਨੁੱਖ ਦੇ ਅੰਦਰ ਪ੍ਰਭੂ ਆਪ ਪ੍ਰਗਟ ਹੁੰਦਾ ਹੈ। ਅਜਿਹੇ ਵਿਅਕਤੀ ਦੀ ਸੰਗਤ ਕਰਨ ਨਾਲ ਸਭ ਦਾ ਪਾਰ-ਉਤਾਰਾ ਹੋ ਜਾਂਦਾ ਹੈ।

ਸਫਲ ਜੀਵਨੁ ਸਫਲੁ ਤਾ ਕਾ ਸੰਗੁ॥

ਜਾ ਕੈ ਮਨਿ ਲਾਗਾ ਹਰਿ ਰੰਗੁ॥

ਜੈ ਜੈ ਸਬਦੁ ਅਨਾਹਦੁ ਵਾਜੈ॥

ਸੁਨਿ ਸੁਨਿ ਅਨਦ ਕਰੇ ਪ੍ਰਭ ਗਾਜੈ॥

ਪ੍ਰਗਟੇ ਗੁਪਾਲ ਮਹਾਂਤ ਕੈ ਮਾਥੈ॥

ਨਾਨਕ ਉਧਰੇ ਤਿਨ ਕੈ ਸਾਥੈ॥ (ਅਸਟਪਦੀ 24.3)

ਜਦੋਂ ਸਤਿਗੁਰੂ ਦਾਇਆਲ ਹੋ ਜਾਂਦੇ ਹਨ ਤਾਂ ਸੇਵਕ ਦੀ ਸੇਵਾ ਦਰ ਤੇ ਪ੍ਰਵਾਨ ਹੋ ਜਾਂਦੀ ਹੈ:

ਆਲ ਜੰਜਾਲ ਬਿਕਾਰ ਤੇ ਰਹਤੇ॥

ਰਾਮ ਨਾਮ ਸੁਨਿ ਰਸਨਾ ਕਹਤੇ॥

ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ॥

ਨਾਨਕ ਨਿਬਹੀ ਖੇਪ ਹਮਾਰੀ॥ (ਅਸਟਪਦੀ 24.4)

ਇਸੇ ਅਸਟਪਦੀ ਵਿਚ ਗੁਰੂ ਜੀ ਨੇ ਇਸ ਬਾਣੀ 'ਸੁਖਮਨੀ' ਸੁਖਾਂ ਦੀ ਦਾਤੀ ਬਾਣੀ ਨੂੰ ਪ੍ਰਭੂ ਦੇ ਗੁਣਾਂ ਦਾ ਗਿਆਨ ਦੇਣ ਵਾਲੀ ਬਾਣੀ ਕਿਹਾ ਹੈ। ਜਿਸਦੇ ਮਨ ਵਿਚ ਇਹ ਵਸ ਜਾਵੇ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ:

ਸੁਖਮਨੀ ਸਹਜ ਗੋਬਿੰਦ ਗੁਨ ਨਾਮ॥

ਜਿਸੁ ਮਨਿ ਬਸੈ ਸੁ ਹੋਤ ਨਿਧਾਨ॥

ਸਰਬ ਇਛਾ ਤਾ ਕੀ ਪੂਰਨ ਹੋਇ॥

ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥ (ਅਸਟਪਦੀ 24.5)

ਸਦੀਵੀ ਸੁਖ, ਰਿੱਧੀਆਂ, ਸਿੱਧੀਆਂ, ਬੁੱਧੀ, ਗਿਆਨ, ਵਿਦਿਆ, ਤਪ, ਜੋਗ, ਪ੍ਰਭੂ ਦਾ ਧਿਆਨ, ਤੀਰਥਾਂ ਦਾ ਫ਼ਲ, ਚਾਰ ਪਦਾਰਥ, ਹਿਰਦੇ ਦਾ ਖੇੜਾ, ਸੁੰਦਰਤਾ, ਸਿਆਣਪ, ਨਿਮਰਤਾ, ਆਦਿ ਇਹ ਸਭ ਫ਼ਲ ਉਸ ਵਿਅਕਤੀ ਨੂੰ ਪ੍ਰਾਪਤ ਹੁੰਦੇ ਹਨ ਜੋ ਇਸ ਸੁਖਮਨੀ ਬਾਣੀ ਨੂੰ ਮੂੰਹੋਂ ਉਚਾਰਦਾ ਹੈ:-

ਖੇਮ ਸਾਂਤਿ ਰਿਧਿ ਨਵ ਨਿਧਿ॥

ਬੁਧਿ ਗਿਆਨੁ ਸਰਬ ਤਹ ਸਿਧਿ॥

ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥

ਗਿਆਨ ਸ੍ਰੇਸਟ ਊਤਮ ਇਸਨਾਨ॥
ਚਾਰ ਪਦਾਰਥ ਕਮਲ ਪ੍ਰਗਾਸ॥
ਸਭ ਕੈ ਮਧਿ ਸਗਲ ਤੇ ਉਦਾਸ॥
ਸੁੰਦਰੁ ਚਤੁਰੁ ਤਤ ਕਾ ਬੇਤਾ॥
ਸਮਦਰਸੀ ਏਕ ਦ੍ਰਿਸਟੇਤਾ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ॥
ਗੁਰ ਨਾਨਕ ਨਾਮੁ ਬਚਨ ਮਨਿ ਸੁਨੈ॥ (ਅਸਟਪਦੀ 24.6)

ਜੋ ਇਸ ਬਾਣੀ ਦਾ ਉਚਾਰਨ ਕਰਦਾ ਹੈ ਉਸਦੀ ਹਰ ਯੁਗ ਵਿਚ ਮੁਕਤੀ ਹੋਵੇਗੀ। ਸਿਮਰਤੀਆਂ, ਵੇਦਾਂ ਨੇ ਵੀ ਨਾਮ ਦੀ ਹੀ ਮਹਿਮਾ ਕੀਤੀ ਹੈ। ਭਾਵੇਂ ਕੋਈ ਵੀ ਧਰਮ ਹੋਵੇ, ਹਰ ਧਰਮ ਦਾ ਸਿਧਾਂਤ ਨਾਮ ਜਪਣਾ ਹੀ ਹੈ। ਇਹ ਨਾਮ ਸੰਤਾਂ ਦੀ ਸੰਗਤ ਨਾਲ ਮਿਲਦਾ ਹੈ ਪਰ ਸੰਤਾਂ ਦੀ ਸੰਗਤ ਉਹੀ ਪੁਰਖ ਕਰਦਾ ਹੈ ਜਿਸ ਉਪਰ ਪ੍ਰਭੂ ਦੀ ਬਖ਼ਸ਼ਿਸ਼ ਹੋਵੇ। ਗੁਰੂ ਜੀ ਸੁਖਮਨੀ ਸਾਹਿਬ ਦੀ ਅਖ਼ੀਰਲੀ ਅਸਟਪਦੀ ਦੀ ਅਖ਼ੀਰਲੀ ਪਾਉੜੀ ਵਿਚ ਇਸ ਬਾਣੀ ਦੀ ਮਹਿਮਾ ਕਰਦੇ ਲਿਖਦੇ ਹਨ ਕਿ ਜੋ ਮਨੁੱਖ ਇਸ ਬਾਣੀ ਨੂੰ ਪ੍ਰੀਤ ਲਾ ਕੇ ਸੁਣਦਾ ਅਤੇ ਗਾਉਂਦਾ ਹੈ ਉਸ ਦੇ ਮਨ ਵਿਚ ਪਰਮਾਤਮਾ ਦਾ ਵਾਸ ਹੁੰਦਾ ਹੈ। ਇਸ ਬਾਣੀ ਦੇ ਉਚਾਰਨ ਨਾਲ ਜਨਮ-ਮਰਨ ਦਾ ਚੱਕਰ ਦੂਰ ਹੋ ਕੇ ਮਨੁੱਖ ਤਰ ਜਾਂਦਾ ਹੈ:

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ॥
ਦੁਲਭ ਦੇਹ ਤਤਕਾਲ ਉਧਾਰੈ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥
ਏਕ ਨਾਮੁ ਮਨ ਮਹਿ ਸਮਾਨੀ॥
ਦੂਖ ਰੋਗ ਬਿਨਸੇ ਭੈ ਭਰਮ॥
ਸਾਧ ਨਾਮ ਨਿਰਮਲ ਤਾ ਕੇ ਕਰਮ॥
ਸਭ ਤੇ ਊਚ ਤਾ ਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥ (ਅਸਟਪਦੀ 24.8)

ਗੁਰੂ ਜੀ ਅਨੁਸਾਰ ਇਸ ਬਾਣੀ ਨੂੰ ਜਪਣ ਨਾਲ ਜੀਵ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੁੰਦਾ ਹੈ ਕਿਉਂਕਿ ਇਸ ਬਾਣੀ ਵਿਚ ਪਰਮਾਤਮਾ ਅਤੇ ਨਾਮ ਜਪਣ ਦੇ ਗੁਣ ਦਰਸਾਏ ਗਏ ਹਨ। ਇਸ ਬਾਣੀ ਰਾਹੀਂ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਦਰਸਾਇਆ ਗਿਆ ਹੈ। ਇਸ ਬਾਣੀ ਨੂੰ ਪੜ੍ਹਨ ਨਾਲ ਦੁੱਖ, ਦਰਦ, ਰੋਗ ਸਭ ਦੂਰ ਹੋ ਜਾਂਦੇ ਹਨ ਅਤੇ ਉਸ ਜੀਵ ਦੀ ਰਸਨਾ ਅਤੇ ਕਰਮ ਪਵਿਤਰ ਹੋ ਜਾਂਦੇ ਹਨ। ਉਸ ਪੁਰਖ ਨੂੰ ਸਭ ਸ੍ਰੇਸ਼ਠ ਮੰਨਦੇ ਹਨ ਅਤੇ ਉਸਦਾ ਜਸ ਹੋ ਜਾਂਦਾ ਹੈ। ਜੋ ਇਸ ਬਾਣੀ ਨੂੰ ਮਨ ਲਗਾ ਕੇ ਪੜ੍ਹਦਾ ਹੈ ਉਸ ਜੀਵ ਵਿਚ ਇਹ ਬਾਣੀ ਪੜ੍ਹਨ ਕਾਰਨ ਗੁਣਾਂ ਦਾ ਵਾਸ ਹੁੰਦਾ ਹੈ ਅਤੇ ਸੁਖ ਪ੍ਰਾਪਤ ਹੁੰਦਾ ਹੈ। ਇਸੇ ਕਾਰਨ ਹੀ ਇਸ ਸੁਖਾਂ ਦੀ ਦਾਤੀ ਬਾਣੀ ਦਾ ਨਾਮ ਸੁਖਮਨੀ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਗਾਉੜੀ ਰਾਗ ਵਿਚ ਰਚੀ ਆਪਣੀ ਇਸ ਬਾਣੀ 'ਸੁਖਮਨੀ' ਵਿਚ ਪਰਮਾਤਮਾ ਅਤੇ ਨਾਮ ਸਿਮਰਨ ਦੇ ਗੁਣਾਂ ਦੀ ਵਿਆਖਿਆ ਕਰਦਿਆਂ ਸ੍ਰਿਸ਼ਟੀ ਅਤੇ ਜੀਵ ਦੇ ਰੂਪ ਵਿਚ ਮਨਮੁਖ ਅਤੇ ਗੁਰਮੁਖ ਦਾ ਵੀ ਵਰਣਨ ਬਾਖੂਬੀ ਕੀਤਾ ਹੈ। ਗੁਰੂ ਜੀ ਨੇ ਗੁਰਮੁਖ ਦੇ ਰੂਪ ਵਿਚ ਬ੍ਰਹਮ ਗਿਆਨੀ, ਸਾਧ, ਸੰਤ, ਸੇਵਕ, ਗੁਰੂ ਆਦਿ ਦਾ ਵਰਣਨ ਕੀਤਾ ਹੈ ਜੋ ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਪਰਮਾਤਮਾ ਨਾਲ ਲਿਵ ਲਾ ਲੈਂਦੇ ਹਨ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪਾ ਲੈਂਦੇ ਹਨ। ਇਸਦੇ ਨਾਲ ਹੀ ਗੁਰੂ ਜੀ ਨੇ ਮਨਮੁਖ ਦੇ ਰੂਪ ਵਿਚ ਸੰਤ ਕਾ ਨਿੰਦਕ, ਸੰਤ ਕਾ ਦੋਖੀ, ਦੇ ਰਾਹੀਂ ਪਰਮਾਤਮਾ ਤੋਂ ਬੇਮੁੱਖ ਹੋਏ ਜੀਵ ਦਾ ਆਚਰਨ ਅਤੇ ਉਸਦੀ ਹਾਲਤ ਬਿਆਨ ਕੀਤੀ ਹੈ। ਸਮੁੱਚੀ ਬਾਣੀ ਵਿਚ ਗੁਰੂ ਜੀ ਨੇ ਮਨਮੁਖ ਨੂੰ ਸਹੀ ਮਾਰਗ ਤੇ ਚੱਲ ਕੇ ਗੁਰੂ ਦੇ ਲੜ ਲੱਗ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਪਰਮਾਤਮਾ ਨਾਲ ਅਭੇਦ ਹੋਣ ਲਈ ਭਾਵ ਗੁਰਮੁਖ ਬਣਨ ਲਈ ਪ੍ਰੇਰਿਤ ਕੀਤਾ ਹੈ।

# ਅਧਿਆਇ – ਤੀਜਾ

## ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ

### 3.1 ਸੁਖਮਨੀ ਸਾਹਿਬ ਵਿਚ ਆਏ ਰਹੱਸਾਤਮਿਕ ਤੱਤ

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਬ੍ਰਹਮ, ਸ੍ਰਿਸ਼ਟੀ ਅਤੇ ਜੀਵ ਆਤਮਾ ਦੇ ਸੰਕਲਪ ਨੂੰ ਬਾਖੂਬੀ ਪੇਸ਼ ਕੀਤਾ। ਜੀਵ ਆਤਮਾ ਅਤੇ ਪਰਮਾਤਮਾ ਸੁਖਮਨੀ ਸਾਹਿਬ ਦੇ ਦੋ ਮੁੱਖ ਪਹਿਲੂ ਹਨ। ਸੁਖਮਨੀ ਸਾਹਿਬ ਵਿਚ ਇਹਨਾਂ ਦੋਵਾਂ ਵਿਸ਼ਿਆਂ ਨੂੰ ਮੁੱਖ ਰੂਪ ਵਿਚ ਵਿਚਾਰਿਆ ਗਿਆ ਹੈ। ਗੁਰੂ ਜੀ ਪਰਮਾਤਮਾ ਜਾਂ ਬ੍ਰਹਮ ਦੇ ਦੋਵਾਂ ਸਰੂਪਾਂ ਨਿਰਗੁਣ ਅਤੇ ਸਰਗੁਣ, ਬਾਰੇ ਵਿਸਥਾਰ ਪੂਰਵਕ ਦੱਸਦੇ ਹਨ। ਬ੍ਰਹਮ ਦੇ ਦੋਵਾਂ ਸਰੂਪਾਂ ਦੀ ਹੋਂਦ ਨੂੰ ਸਾਬਤ ਕਰਨ ਲਈ ਉਹਨਾਂ ਨੇ ਤਰਕ ਦੀ ਜਗ੍ਹਾ ਆਤਮਿਕ ਅਨੁਭਵ ਦੀ ਵਿਧੀ ਅਪਣਾਈ ਹੈ। ਇਸ ਬਾਣੀ ਵਿਚ ਗੁਰੂ ਜੀ ਦਾ ਮੁੱਖ ਉਦੇਸ਼ ਜੀਵ ਆਤਮਾ ਨੂੰ ਸੱਚੇ ਬ੍ਰਹਮ ਦੀ ਪਛਾਣ ਕਰਾਉਣਾ ਹੈ। ਗੁਰੂ ਜੀ ਨੇ ਆਤਮਿਕ ਅਨੁਭਵ ਨੂੰ ਸੱਚ ਦੀ ਖੋਜ ਦਾ ਸਭ ਤੋਂ ਉੱਤਮ ਮਾਰਗ ਦੱਸਿਆ ਹੈ। ਗੁਰੂ ਜੀ ਨੇ ਆਤਮਿਕ ਅਨੁਭਵ ਲਈ ਨਾਮ ਸਿਮਰਨ ਦੀ ਵਿਧੀ ਅਪਣਾਉਣ ਤੇ ਜ਼ੋਰ ਦਿੱਤਾ ਹੈ। ਨਾਮ ਸਿਮਰਨ ਨਾਲ ਮਨੁੱਖ ਦੀ ਸਖਸ਼ੀਅਤ ਵਿਚ ਵਿਕਾਸ ਹੁੰਦਾ ਹੈ। ਮਨੁੱਖ ਸੱਚੇ ਗੁਰੂ ਦਾ ਦਰਸਾਇਆ ਮਾਰਗ ਅਪਣਾ ਕੇ, ਹੁਕਮ ਅਧੀਨ ਚੱਲ ਕੇ, ਸਾਧ ਦੀ ਸੰਗਤ ਕਰਕੇ ਆਪਣੇ ਵਿਕਾਰਾਂ ਨੂੰ ਦੂਰ ਕਰਦਾ ਹੈ ਅਤੇ ਅਖੀਰ ਵਿਚ ਆਤਮਿਕ ਅਨੁਭਵ ਦੀ ਅਖੀਰਲੀ ਪੌੜੀ ਚੜ੍ਹ ਕੇ ਪਰਮਾਤਮਾ ਜਾਂ ਬ੍ਰਹਮ ਤੱਕ ਪਹੁੰਚ ਜਾਂਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਮਨੁੱਖ ਦਾ ਬ੍ਰਹਮ ਨਾਲੋਂ 'ਤੂੰ' ਤੇ 'ਮੈਂ' ਦਾ ਫ਼ਰਕ ਮਿਟ ਜਾਂਦਾ ਹੈ ਅਤੇ ਮਨੁੱਖ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ। ਗੁਰੂ ਜੀ ਨੇ ਸੁਖਮਨੀ ਵਿਚ ਇਸੇ ਅਵਸਥਾ ਨੂੰ 'ਬ੍ਰਹਮ ਗਿਆਨੀ' ਦੀ ਅਵਸਥਾ ਦੱਸਿਆ ਹੈ ਜੋ ਜੀਵ ਦੀ ਪਰਮ ਅਵਸਥਾ ਹੈ। ਇਸ ਅਵਸਥਾ ਤੇ ਪਹੁੰਚ ਕੇ ਮਨੁੱਖ ਨੂੰ ਬ੍ਰਹਮ ਦੁਆਰਾ ਸਿਰਜੀ ਸ੍ਰਿਸ਼ਟੀ ਬ੍ਰਹਮ ਦਾ ਹੀ ਸਰਗੁਣ ਸਰੂਪ ਅਨੁਭਵ ਹੁੰਦੀ ਹੈ।

ਹਥਲੇ ਅਧਿਆਇ ਵਿਚ ਸੁਖਮਨੀ ਸਾਹਿਬ ਵਿਚ ਆਏ ਪ੍ਰਮੁੱਖ ਰਹੱਸਾਤਮਿਕ ਤੱਤਾਂ ਜਾਂ ਸੰਕਲਪਾਂ ਦੇ ਅਧਿਐਨ ਉਪਰੰਤ ਉਹਨਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਜਾਵੇਗਾ। ਸੁਖਮਨੀ ਸਾਹਿਬ ਵਿਚ ਮੁੱਖ ਰੂਪ ਵਿਚ ਬ੍ਰਹਮ, ਸ੍ਰਿਸ਼ਟੀ, ਜੀਵ ਤੇ ਨਾਮ ਸਿਮਰਨ ਚਾਰ ਰਹੱਸਾਤਮਿਕ ਸੰਕਲਪ ਦ੍ਰਿਸ਼ਟੀਗੋਚਰ ਹੁੰਦੇ ਹਨ।

### 3.1.1 ਬ੍ਰਹਮ:

ਬ੍ਰਹਮ ਸੰਸਕ੍ਰਿਤ ਦਾ ਸ਼ਬਦ ਹੈ, ਇਹ ਦੋ ਸ਼ਬਦਾਂ 'ਬ੍ਰਿਹਿ' ਅਤੇ 'ਮਨਨ' ਦੇ ਮੇਲ ਤੋਂ ਬਣੀ ਸੰਗਿਆ ਹੈ।[1] ਇਹ ਬਹੁਆਰਥਕ ਸ਼ਬਦ ਹੈ ਜਿਹਾ ਕਿ ਚੇਤੰਨ, ਨਿਤ ਅਤੇ ਮੂਲ ਸੱਤਾ ਜਿਹੜੀ ਅਖੰਡ, ਅਨੰਤ, ਅਨਾਦੀ, ਨਿਰਗੁਣ ਅਤੇ ਸਤਚਿੱਤ ਹੈ ਅਤੇ ਆਨੰਦ ਵਿਚ ਲੀਨ ਕਹੀ ਜਾਂਦੀ ਹੈ। ਸੰਸਾਰ ਜਾਂ ਸ੍ਰਿਸ਼ਟੀ ਦਾ ਰਚਨਹਾਰਾ ਬ੍ਰਹਮ ਹੀ ਸਤਿ ਹੈ। ਹਰ ਤੱਤ ਵਿਚ ਅਤੇ ਹਰ ਵਸਤੂ ਦੇ ਕਣ-ਕਣ ਵਿਚ ਬ੍ਰਹਮ ਦੀ ਹੋਂਦ ਮੰਨੀ ਜਾਂਦੀ ਹੈ।[2]

ਸੁਖਮਨੀ ਸਾਹਿਬ ਦਾ ਕੇਂਦਰ ਬਿੰਦੂ ਬ੍ਰਹਮ ਹੈ। ਇਸ ਬਾਣੀ ਵਿਚ ਬ੍ਰਹਮ ਲਈ ਵੱਖ-ਵੱਖ ਨਾਮ ਵਰਤੇ ਗਏ ਹਨ ਜਿਵੇਂ ਠਾਕੁਰ, ਅੰਤਰਜਾਮੀ, ਅਬਿਨਾਸੀ, ਕਰਤਾ, ਸਰਵਵਿਆਪੀ, ਉਥਾਪਨਹਾਰਾ, ਪਰਮੇਸ਼ਰ, ਸੁਆਮੀ, ਭਗਵੰਤ ਆਦਿ। ਵੱਖ-ਵੱਖ ਵਿਦਵਾਨਾਂ ਨੇ ਬ੍ਰਹਮ ਨੂੰ ਆਪੋ-ਆਪਣੇ ਤਰੀਕੇ ਨਾਲ ਵਿਅਕਤ ਕੀਤਾ ਹੈ।

ਭਾਈ ਜੋਧ ਸਿਘ ਅਨੁਸਾਰ, 'ਜਿਹੜੀ ਹਸਤੀ (ਸ਼ਕਤੀ) ਸਾਰੇ ਦਿਸਦੇ ਅਤੇ ਅਣਦਿਸਦੇ ਸੰਸਾਰ ਨੂੰ ਹੋਂਦ ਵਿਚ ਲਿਆਉਣ ਵਾਲੀ ਹੈ ਉਸਦਾ ਨਾਮ ਅਕਾਲ ਪੁਰਖ ਹੈ।'[3]
ਡਾ. ਕਰਤਾਰ ਸਿੰਘ ਸੂਰੀ ਅਨੁਸਾਰ,

> 'ਪ੍ਰਾਚੀਨ ਭਾਰਤੀ ਵਿਦਵਾਨਾਂ ਤੇ ਸਾਧਕਾਂ ਦੀ ਰਚਨਾ ਨੂੰ ਵੇਖਿਆ ਤਾਂ ਉਹਨਾਂ ਦੇ ਮਨ ਵਿਚ ਉਸ ਦੇ ਰਚਨਹਾਰੇ ਦੀ ਭਾਲ ਕਰਨ ਦਾ ਵਿਚਾਰ ਉੱਠਿਆ, ਉਹਨਾਂ ਆਪਣੀ ਇਸ ਭਾਲ ਨੂੰ ਸੌਖਾ ਬਣਾਉਣ ਲਈ ਇਸਨੂੰ ਅਧਿਭੌਤਿਕ, ਅਧਿਵੈਦਿਕ ਤੇ ਅਧਿਆਤਮਕ ਤਿੰਨ ਭਾਗਾਂ ਵਿਚ ਵੰਡਿਆ। ਇਹਨਾਂ ਤਿੰਨਾਂ ਪੱਖਾਂ (ਭੌਤਿਕ, ਦੈਵਿਕ ਤੇ ਆਤਮਕ) ਰਾਹੀਂ ਪਰਮ ਤੱਤ ਦਾ ਸਰੂਪ ਸਮਝਣ ਦਾ ਯਤਨ ਕੀਤਾ। ਇਸੇ ਪਰਮ ਤੱਤ ਨੂੰ ਉਪਨਿਸ਼ਦਾਂ ਵਿਚ ਬ੍ਰਹਮ ਦਾ ਨਾਂ ਦੇ ਕੇ ਵਰਣਨ ਕੀਤਾ। ਇਸ ਤੋਂ ਛੁੱਟ ਪਰਮਾਤਮਾ, ਈਸ਼ਵਰ ਜਾਂ ਪ੍ਰਭੂ ਆਦਿ ਵਿਸ਼ੇਸ਼ਣਾਂ ਦੀ ਵਰਤੋਂ ਵੀ ਕੀਤੀ।'[4]

ਬ੍ਰਹਮ ਦੀਆਂ ਵਿਸ਼ੇਸਤਾਵਾਂ ਦੱਸ ਸਕਣਾ ਜੀਵ ਦੀ ਸਮਰੱਥਾ ਤੋਂ ਬਾਹਰ ਹੈ। ਪਰ ਵਿਦਵਾਨਾਂ ਨੇ ਇਸ ਬਾਰੇ ਆਪਣੇ ਵੱਖ-ਵੱਖ ਵਿਚਾਰ ਦੱਸੇ ਹਨ। ਇਕ ਪੱਛਮੀ ਵਿਦਵਾਨ

---

[1] ਮਾਨਕ ਹਿੰਦੀ ਕੋਸ਼, ਖੰਡ-8, ਪੰਨਾ- 179-180.
[2] ਉਹੀ, ਪੰਨਾ-178.
[3] ਭਾਈ ਜੋਧ ਸਿਘ, ਗੁਰਮਤਿ ਨਿਰਣਯ, ਸੰਸ: ਤੀਜਾ, ਪੰਨਾ-1.
[4] ਡਾ. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਤੇ ਦਾਦੂ ਦਿਆਲ ਇਕ ਤੁਲਨਾਤਮਿਕ ਅਧਿਐਨ, ਪੰਨਾ-16.

ਅਨੁਸਾਰ ਬ੍ਰਹਮ ਵਿਚ ਪੰਜ ਵਿਸ਼ੇਸਤਾਈਆਂ[5] ਹੋਣੀਆਂ ਚਾਹੀਦੀਆਂ ਹਨ:-

1. ਪਰਮਾਤਮਾ ਨੂੰ ਸਜਿੰਦ ਹੋਣਾ ਚਾਹੀਦਾ ਹੈ, ਲਕੜੀ ਦੇ ਟੁਕੜੇ ਵਾਂਗ ਨਹੀਂ ਜੋ ਕਿਸੇ ਦੇ ਹਿਲਾਇਆਂ ਹਿਲ ਸਕੇ। ਪਰ ਇਹ ਜ਼ਰੂਰੀ ਨਹੀਂ ਉਹ ਇਕ ਪੁਰਖ ਦੀ ਤਰ੍ਹਾਂ ਸਾਹਮਣੇ ਦਿਖਾਈ ਦੇਵੇ।
2. ਪਰਮਾਤਮਾ ਵਿਚ ਸਾਡੀਆਂ ਆਤਮਕ ਤ੍ਰਿਪਤੀਆਂ ਕਰਨ ਦੀ ਸਮਰਥਾ ਹੋਣੀ ਜ਼ਰੂਰੀ ਹੈ ਜਿਸ ਤੋਂ ਅਸੀਂ ਮਨ ਦੀ ਅੰਤ੍ਰੀਵ ਖੁਸ਼ੀ ਤੇ ਮੁਕਤੀ ਪ੍ਰਾਪਤ ਕਰ ਸਕੀਏ।
3. ਪਰਮਾਤਮਾ ਵਿਚ ਅਜਿਹੀ ਸਿਫ਼ਤ ਹੋਣੀ ਜ਼ਰੂਰੀ ਹੈ ਕਿ ਉਹ ਜੀਵ ਦੇ ਮਨ ਵਿਚ ਧਰਮ ਸਬੰਧੀ ਜਗਿਆਸਾ ਪੈਦਾ ਕਰ ਸਕਦਾ ਹੋਵੇ। ਰਹੱਸਵਾਦੀ ਜਿਆਦਾ ਕਰਕੇ ਇਸ ਵਿਸ਼ੇਸ਼ਤਾਈ ਦੇ ਮਗਰ ਜਾਂਦੇ ਹਨ।
4. ਪਰਮਾਤਮਾ ਸਰਬ ਕਲਾ ਸਰਮੱਥ ਹੋਵੇ ਤਾਂ ਕਿ ਉਸ ਤੋਂ ਅੱਗੇ ਕਿਸੇ ਹੋਰ ਪਾਸ ਫ਼ਰਿਆਦ ਕਰਨ ਦੀ ਗੁੰਜਾਇਸ਼ ਨਾ ਰਹੇ।
5. ਸਭ ਦਾ ਦਾਤਾ ਉਹੀ ਇਕ ਪਰਮਾਤਮਾ ਹੋਵੇ ਇਹ ਉਸ ਦੀ ਖਾਸ ਸਿਫ਼ਤ ਹੋਣੀ ਜਰੂਰੀ ਹੈ। ਕਰਤਾ ਹੋਣ ਦੇ ਨਾਤੇ ਇਹ ਉਸ ਦਾ ਜ਼ਰੂਰੀ ਫ਼ਰਜ਼ ਵੀ ਹੈ।

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਵੱਖ-ਵੱਖ ਗੁਣਾਂ ਨੂੰ ਬਿਆਨ ਕੀਤਾ ਹੈ। ਗੁਰੂ ਜੀ ਨੇ ਬ੍ਰਹਮ ਨੂੰ ਅਗਮ ਤੇ ਅਗੋਚਰ ਦੱਸਿਆ ਹੈ। ਸੁਖਮਨੀ ਅਨੁਸਾਰ ਬ੍ਰਹਮ ਨੂੰ ਬੁੱਧੀ ਰਾਹੀਂ ਨਹੀਂ ਜਾਣਿਆ ਜਾ ਸਕਦਾ ਸਗੋਂ ਨਾਮ ਸਿਮਰਨ ਨਾਲ ਉਸਦੇ ਗੁਣਾਂ ਨੂੰ ਵਿਚਾਰ ਕੇ ਮਨ ਵਿਚ ਵਸਾ ਕੇ ਅਤਮਿਕ ਅਨੁਭਵ ਰਾਹੀਂ ਬ੍ਰਹਮ ਨੂੰ ਜਾਣਿਆ ਜਾ ਸਕਦਾ ਹੈ। ਗੁਰੂ ਜੀ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਰਹੱਸ ਬਾਰੇ ਦਸਦੇ ਸਮੇਂ ਬ੍ਰਹਮ ਦੇ ਦੋਹਾਂ ਸਰੂਪਾਂ (ਨਿਰਗੁਣ ਤੇ ਸਰਗੁਣ) ਦੀ ਹੋਂਦ ਨੂੰ ਮੰਨ ਕੇ ਚਲਦੇ ਹਨ। ਬ੍ਰਹਮ ਦੀ ਹੋਂਦ ਨੂੰ ਸਾਬਤ ਕਰਨ ਲਈ ਉਹਨਾਂ ਨੇ ਆਤਮਿਕ ਅਨੁਭਵ ਦੀ ਵਿਧੀ ਅਪਣਾਈ ਹੈ। ਆਤਮਿਕ ਅਨੁਭਵ ਤੋਂ ਭਾਵ ਚੇਤਨਾ ਵਿਚ ਆਇਆ (ਸੁਤੇ ਸਿੱਧ) ਗਿਆਨ। ਬ੍ਰਹਮ ਦੀ ਹਸਤੀ ਨੂੰ ਦੱਸਣ ਲਈ ਰਸ, ਮਹਾਂਰਸ, ਆਨੰਦ, ਪਰਮਾਨੰਦ ਜਾਂ ਬ੍ਰਹਮਾਨੰਦ ਆਦਿ ਪ੍ਰਤੀਕਾਂ ਰਾਹੀਂ ਜਾਂ ਸੰਕੇਤਾਂ ਰਾਹੀਂ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਬ੍ਰਹਮ ਦਾ ਅਨੁਭਵ ਜੋ ਆਨੰਦ ਪ੍ਰਦਾਨ ਕਰਦਾ ਹੈ ਉਸ ਨੂੰ ਸਧਾਰਨ ਖੁਸ਼ੀ ਤੋਂ ਨਿਖੇੜਨ ਲਈ ਅਸੀਂ ਕਹਿ ਸਕਦੇ ਹਾਂ ਕਿ ਸਧਾਰਨ ਖੁਸ਼ੀ ਜਾਂ ਸੁੱਖ ਸਥਿਰ ਜਾਂ ਸਦੀਵੀ ਨਹੀਂ ਹੁੰਦਾ ਜਦੋਂ ਕਿ

[5] W.T. Stace, Mysticism and Philosophy, p. 179-180.

ਬ੍ਰਹਮ ਦੇ ਅਨੁਭਵ ਦਾ ਆਨੰਦ ਸਦੀਵੀਂ ਦੇ ਸਥਿਰ ਹੁੰਦਾ ਹੈ। ਸਧਾਰਨ ਖ਼ੁਸ਼ੀ ਨੂੰ ਮਹਿਸੂਸ ਕਰਨ ਲਈ ਦੁੱਖ ਦੀ ਹੋਂਦ ਜ਼ਰੂਰੀ ਹੈ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਆਤਮਿਕ ਅਨੁਭਵ ਦਾ ਸਬੰਧ ਬੁੱਧੀ ਨਾਲ ਨਹੀਂ ਸਗੋਂ ਭਾਵਾਂ ਨਾਲ ਕਾਫ਼ੀ ਹੈ। ਉਹਨਾਂ ਅਨੁਸਾਰ ਬ੍ਰਹਮ ਦਿਮਾਗ ਵਿਚ ਨਹੀਂ ਸਗੋਂ ਦਿਲ ਵਿਚ ਵਸਦਾ ਹੈ ਪਰ ਬ੍ਰਹਮ ਤਾਂ ਦਿਲ ਤੇ ਦਿਮਾਗ ਦੋਹਾਂ ਵਿਚ ਇਕੋ ਜਿਹਾ ਵਸਦਾ ਹੈ।

ਸਧਾਰਨ ਮਨੁੱਖ ਸੁਤੇ ਸਿੱਧ ਜਦੋਂ ਕਿਤੇ ਬ੍ਰਹਮ ਨੂੰ ਅਨੁਭਵ ਕਰਦਾ ਹੈ ਤਾਂ ਉਹ ਆਪਣੇ ਆਪ ਵਿਚ ਕੁਝ ਅਨੋਖਾਪਣ ਮਹਿਸੂਸ ਕਰਦਾ ਹੈ, ਜਿਸ ਨੂੰ ਉਹ ਸ਼ਬਦਾਂ ਵਿਚ ਵਿਅਕਤ ਨਹੀਂ ਕਰ ਸਕਦਾ ਜਾਂ ਫਿਰ ਉਸ ਕੋਲ ਕੋਈ ਸ਼ਬਦ ਨਹੀਂ ਹੁੰਦੇ ਜਿਨ੍ਹਾਂ ਨਾਲ ਉਹ ਆਤਮਿਕ ਅਨੁਭਵ ਨੂੰ ਦੱਸ ਸਕੇ। ਬ੍ਰਹਮ ਨਾਲ ਮਨੁੱਖ ਦਾ ਰਿਸ਼ਤਾ ਅਤੇ ਉਸ ਨਾਲ ਜੁੜੇ ਹੋਏ ਮਨੁੱਖ ਦੇ ਲੱਛਣ ਆਦਿ ਸਭ ਸਧਾਰਨ ਬੁੱਧੀ ਲਈ ਸਮਝਣੇ ਬਹੁਤ ਕਠਿਨ ਹਨ ਪਰ ਰਹੱਸਵਾਦੀ ਫੇਰ ਵੀ ਕੋਸ਼ਿਸ਼ ਕਰਦਾ ਹੈ ਕਿ ਇਸ ਅਨੁਭਵ ਬਾਰੇ ਆਪਣੇ ਸੀਮਤ ਸ਼ਬਦਾਂ ਰਾਹੀਂ ਕੁਝ ਨਾ ਕੁਝ ਦੱਸ ਸਕੇ। ਗੁਰੂ ਜੀ ਨੇ ਬ੍ਰਹਮ ਦੇ ਇਸ ਅਨੁਭਵ ਬਾਰੇ ਬੜੇ ਵਿਸਥਾਰ ਨਾਲ, ਸਰਲ ਭਾਸ਼ਾ ਤੇ ਸਰਲ ਤਰੀਕੇ ਨਾਲ ਮਨੁੱਖ ਨੂੰ ਸਮਝਾਇਆ ਹੈ। ਉਹਨਾਂ ਨੇ ਆਤਮਿਕ ਅਨੁਭਵ ਸਮੇਂ ਮਨੁੱਖ ਦੇ ਮਨ ਦੀ ਦਸ਼ਾ ਦਾ ਵਰਣਨ ਕਰਨ ਲਈ ਉਸਦੀ ਤੁਲਨਾ ਸੰਗੀਤ ਜਾਂ ਪ੍ਰਕਾਸ਼ ਨਾਲ ਕੀਤੀ ਹੈ। ਉਹਨਾਂ ਨੇ ਇਸ ਅਨੁਭਵ ਨੂੰ ਨਾਦ ਕਿਹਾ ਹੈ। ਸੰਗੀਤ ਅਤੇ ਪ੍ਰਕਾਸ਼ ਅਜਿਹੇ ਪ੍ਰਤੀਕ ਹਨ ਜਿਨ੍ਹਾਂ ਨੂੰ ਮਨੁੱਖੀ ਗਿਆਨ ਇੰਦਰੀਆਂ ਸਮਝ ਸਕਦੀਆਂ ਹਨ।

ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੇ ਰਹੱਸ ਤੇ ਚਾਨਣਾ ਪਾਇਆ ਹੈ। ਉਹਨਾਂ ਨੇ ਸੁਖਮਨੀ ਵਿਚ ਬ੍ਰਹਮ ਦਾ ਸਰਬਸ਼ਕਤੀਮਾਨ ਸਰੂਪ ਬਿਆਨ ਕੀਤਾ ਹੈ। ਉਹਨਾਂ ਅਨੁਸਾਰ ਬ੍ਰਹਮ ਅਗਮ ਹੈ, ਅਗੋਚਰ ਹੈ। ਉਸ ਬਾਰੇ ਕੋਈ ਸੰਕਲਪ ਨਹੀਂ ਬਣਾਇਆ ਜਾ ਸਕਦਾ। ਮਨੁੱਖ ਉਸ ਨੂੰ ਨਾ ਬੁੱਧੀ ਰਾਹੀਂ ਜਾਣ ਸਕਦਾ ਹੈ ਅਤੇ ਨਾ ਹੀ ਜ਼ੁਬਾਨ ਨਾਲ ਉਸ ਦੇ ਸਾਰੇ ਗੁਣਾਂ ਨੂੰ ਬਿਆਨ ਕੀਤਾ ਜਾ ਸਕਦਾ ਹੈ। ਉਸ ਨੂੰ ਤਾਂ ਕੇਵਲ ਆਤਮਿਕ ਅਨੁਭਵ ਨਾਲ ਹੀ ਜਾਣਿਆ ਜਾ ਸਕਦਾ ਹੈ। ਮਨੁੱਖ ਆਪਣੇ ਆਤਮਿਕ ਅਨੁਭਵ ਨਾਲ ਉਸ ਨਾਲ ਪ੍ਰੇਮ ਦਾ ਰਿਸ਼ਤਾ ਜੋੜ ਸਕਦਾ ਹੈ ਪਰ ਉਸ ਨੂੰ ਬਿਆਨ ਨਹੀਂ ਕਰ ਸਕਦਾ। ਗੁਰਬਾਣੀ ਵਿਚ ਬ੍ਰਹਮ ਜਾਂ ਅਕਾਲ ਪੁਰਖ ਦੀ ਪੂਰੀ ਵਿਆਖਿਆ ਮੂਲਮੰਤਰ ਵਿਚ ਹੀ ਮਿਲਦੀ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ<br>
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਗੁਰਬਾਣੀ ਅਨੁਸਾਰ ਬ੍ਰਹਮ ਜਾਂ ਅਕਾਲ ਪੁਰਖ ਸਤਿਨਾਮ ਭਾਵ ਸੱਚਾ ਨਾਮ, ਸਭ ਦਾ ਕਰਤਾ, ਭਉ ਤੇ ਵੈਰ ਰਹਿਤ, ਕਾਲ ਅਤੇ ਜੂਨਾਂ ਤੋਂ ਰਹਿਤ ਅਤੇ ਸਭ ਵਿਚ ਵਿਦਮਾਨ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਬ੍ਰਹਮ ਜਾਂ ਅਕਾਲ ਪੁਰਖ ਪੂਰੀ ਸ੍ਰਿਸ਼ਟੀ ਦਾ ਕਰਤਾ ਹੈ। ਉਹ ਸ੍ਰਿਸ਼ਟੀ ਨੂੰ ਸਾਜ ਕੇ ਉਸ ਵਿਚ ਆਪ ਸਮਾਇਆ ਹੋਇਆ ਹੈ। ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੈ।

ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਵਿਚ ਸ੍ਰਿਸ਼ਟੀ ਦੇ ਕਰਤਾ ਬ੍ਰਹਮ ਨੂੰ ਸਰਬਵਿਆਪਕ ਤੇ ਸਰਬਸ਼ਕਤੀਮਾਨ ਸਰੂਪ ਵਿਚ ਪੇਸ਼ ਕੀਤਾ ਹੈ। ਸੁਖਮਨੀ ਸਾਹਿਬ ਅਨੁਸਾਰ ਬ੍ਰਹਮ ਸਾਰੀ ਸ੍ਰਿਸ਼ਟੀ ਨੂੰ ਸਿਰਜ ਕੇ ਆਪ ਇਸ ਵਿਚ ਵਰਤ ਰਿਹਾ ਹੈ:

ਕਰਨ ਕਰਾਵਨਹਾਰ ਸੁਆਮੀ
ਸਗਲ ਘਟਾ ਕੇ ਅੰਤਰਜਾਮੀ॥
ਅਪਨੀ ਗਤਿ ਮਿਤਿ ਜਾਨਹੁ ਆਪੇ॥
ਆਪਨ ਸੰਗਿ ਆਪਿ ਪ੍ਰਭ ਰਾਤੇ॥ (ਅਸਟਪਦੀ 3.7)

ਬ੍ਰਹਮ ਹੀ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ। ਸਾਰੀ ਸ੍ਰਿਸ਼ਟੀ ਉਸਦੇ ਹੁਕਮ ਵਿਚ ਚਲਦੀ ਹੈ। ਉਹ ਆਪ ਸ੍ਰਿਸ਼ਟੀ ਸਾਜ ਕੇ ਉਸ ਵਿਚ ਖੇਡ ਰਿਹਾ ਹੈ। ਉਹ ਜਦੋਂ ਵੀ ਚਾਹਵੇ ਸਾਰੀ ਸ੍ਰਿਸ਼ਟੀ ਨੂੰ ਛਿਣ ਵਿਚ ਹੀ ਖ਼ਤਮ ਕਰ ਸਕਦਾ ਹੈ। ਗਿਆਰਵੀਂ ਅਸਟਪਦੀ ਵਿਚ ਵੀ ਦੱਸਿਆ ਹੈ ਕਿ:

ਕਰਨ ਕਾਰਣ ਪ੍ਰਭ ਏਕ ਹੈ ਦੂਸਰ ਨਾਹਿ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥੧॥
(ਸਲੋਕ ਅਸਟਪਦੀ 11)

ਗੁਰੂ ਜੀ ਇਸ ਸਲੋਕ ਵਿਚ ਦਸਦੇ ਹਨ ਕਿ ਸਾਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਸਿਰਫ਼ ਉਹੀ ਪ੍ਰਭੂ ਇਕੋ ਹੀ ਹੈ ਹੋਰ ਕੋਈ ਦੂਜਾ ਨਹੀਂ। ਉਹ ਸ੍ਰਿਸ਼ਟੀ ਦੇ ਕਣ-ਕਣ ਭਾਵ ਜਲ, ਥਲ, ਅਕਾਸ਼ ਵਿਚ ਮੌਜੂਦ ਹੈ।

ਕਰਿ ਕਰਿ ਦੇਖੈ ਅਪਨੀ ਵਡਿਆਈ॥
ਨਾਨਕ ਸਭ ਮਹਿ ਰਹਿਆ ਸਮਾਈ॥ (ਅਸਟਪਦੀ 11.1)

ਬ੍ਰਹਮ ਆਪਣੀ ਸ੍ਰਿਸ਼ਟੀ ਆਪ ਰਚ ਕੇ ਉਸ ਨੂੰ ਨਿਯਮਾਂ ਅਨੁਸਾਰ ਚਲਾ ਰਿਹਾ ਹੈ।

ਦੋਹਾ ਸਿਰਿਆ ਕਾ ਆਪਿ ਸੁਆਮੀ

ਖੇਲੈ ਬਿਗਸੈ ਅੰਤਰਜਾਮੀ॥ (ਅਸਟਪਦੀ 11.2)

ਬ੍ਰਹਮ ਦੋਹਾਂ ਸਿਰਿਆਂ ਭਾਵ ਲੋਕ ਪ੍ਰਲੋਕ ਦਾ ਆਪ ਮਾਲਕ ਹੈ। ਸੰਸਾਰ ਦੀ ਰਚਨਾ ਉਸਦੀ ਆਪਣੀ ਖੇਡ ਹੈ ਜਿਸ ਨੂੰ ਖੇਡ ਕੇ ਉਹ ਖ਼ੁਸ਼ ਹੁੰਦਾ ਹੈ। ਸੁਖਮਨੀ ਸਾਹਿਬ ਦੀ 11ਵੀਂ ਅਸਟਪਦੀ ਵਿਚ ਬ੍ਰਹਮ ਦੇ ਸਰੂਪ ਤੇ ਉਸਦੇ ਗੁਣਾਂ, ਵਰਤਾਰਿਆਂ ਬਾਰੇ ਦੱਸਿਆ ਗਿਆ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਸਿਰਫ਼ ਉਹੋ ਪਰਮਾਤਮਾ ਹੀ ਹੈ। ਸਭ ਵਰਤਾਰੇ ਉਸਦੀ ਰਜ਼ਾ ਵਿਚ ਉਸਦੇ ਹੁਕਮ ਅਨੁਸਾਰ ਹੁੰਦੇ ਹਨ। ਉਸ ਨੂੰ ਜੋ ਵੀ ਭਾਉਂਦਾ ਹੈ ਸ੍ਰਿਸ਼ਟੀ ਵਿਚ ਉਹੀ ਹੁੰਦਾ ਹੈ:

ਕਰਨ ਕਰਾਵਨ ਕਰਨੈ ਜੋਗੁ॥

ਜੋ ਤਿਸੁ ਭਾਵੈ ਸੋਈ ਹੋਗੁ॥

ਖਿਨ ਮਹਿ ਥਾਪਿ ਉਥਾਪਨਹਾਰਾ॥

ਅੰਤੁ ਨਹੀ ਕਿਛੁ ਪਾਰਾਵਾਰਾ॥

ਹੁਕਮੇ ਧਾਰਿ ਅਧਰ ਰਹਾਵੈ॥

ਹੁਕਮੇ ਉਪਜੈ ਹੁਕਮਿ ਸਮਾਵੈ॥

ਹੁਕਮੇ ਊਚ ਨੀਚ ਬਿਉਹਾਰ॥

ਹੁਕਮੇ ਅਨਿਕ ਰੰਗ ਪਰਕਾਰ॥

ਕਰਿ ਕਰਿ ਦੇਖੈ ਅਪਨੀ ਵਡਿਆਈ॥

ਨਾਨਕ ਸਭ ਮਹਿ ਰਹਿਆ ਸਮਾਈ॥ (ਅਸਟਪਦੀ 11.1)

ਬ੍ਰਹਮ ਲੋਕ-ਪ੍ਰਲੋਕ ਦਾ ਮਾਲਕ ਆਪ ਹੈ। ਉਸ ਦੀ ਬਰਾਬਰੀ ਕਰਨ ਵਾਲਾ ਕੋਈ ਨਹੀਂ। ਉਸਨੂੰ ਭਾਵੇ ਤਾਂ ਜੀਵ ਉਸਦੀ ਮਹਿਮਾਂ ਦੇ ਗੁਣ ਗਾਉਂਦਾ ਹੈ। ਮਨੁੱਖ ਕੁਝ ਵੀ ਕਰਨ ਯੋਗ ਨਹੀਂ ਸਭ ਪਰਮਾਤਮਾ ਦੀ ਰਜ਼ਾ ਵਿਚ ਹੁੰਦਾ ਹੈ। ਬ੍ਰਹਮ ਆਪਣੀ ਕ੍ਰਿਪਾ ਨਾਲ ਪਲ ਵਿਚ ਹੀ ਆਪਣੀ ਮਿਹਰ ਸਦਕਾ ਜੀਵ ਨੂੰ ਉੱਚੇ ਤੋਂ ਨੀਵਾਂ ਅਤੇ ਨੀਵੇਂ ਤੋਂ ਉੱਚੇ ਕਰ ਸਕਦਾ ਹੈ ਭਾਵ ਗ਼ਰੀਬ ਨੂੰ ਵਡਿਆਈ ਦਿੰਦਾ ਹੈ।

ਖਿਨ ਮਹਿ ਨੀਚ ਕੀਟ ਕਉ ਰਾਜ॥

ਪਾਰਬ੍ਰਹਮ ਗਰੀਬ ਨਿਵਾਜ॥ (ਅਸਟਪਦੀ 11.4)

ਬ੍ਰਹਮ ਨੇ ਆਪਣੇ ਆਪ ਨੂੰ ਆਪੇ ਵਿਚੋਂ ਹੀ ਪ੍ਰਗਟ ਕੀਤਾ ਹੈ। ਉਸਨੂੰ ਬਣਾਉਣ ਵਾਲਾ ਹੋਰ ਕੋਈ ਨਹੀਂ।

ਅਪਨੀ ਬਣਤ ਆਪਿ ਬਨਾਈ
ਨਾਨਕ ਜੀਵੈ ਦੇਖਿ ਬਡਾਈ॥ (ਅਸਟਪਦੀ 11.4)

ਜੀਵ ਦੇ ਆਪਣੇ ਹੱਥ ਕੁਝ ਨਹੀਂ। ਉਹ ਬ੍ਰਹਮ ਦੇ ਹੁਕਮ ਵਿਚ ਬੱਝਿਆ ਹੋਇਆ ਹੈ ਜੋ ਪਰਮਾਤਮਾ ਨੂੰ ਭਾਉਂਦਾ ਹੈ, ਜੀਵ ਉਹੀ ਕਰਦਾ ਹੈ। ਪਰਮਾਤਮਾ ਸਰਬਸ਼ਕਤੀਮਾਨ ਹੈ। ਉਹ ਅੱਖ ਦੇ ਫੁਰਨੇ ਵਿਚ ਹੀ ਸ੍ਰਿਸ਼ਟੀ ਨੂੰ ਪੈਦਾ ਜਾਂ ਨਾਸ਼ ਕਰ ਸਕਦਾ ਹੈ। ਉਸ ਦੇ ਮਨ ਨੂੰ ਹੋਰ ਕੋਈ ਨਹੀਂ ਜਾਣ ਸਕਦਾ:

ਹਰਨ ਭਰਨ ਜਾ ਕਾ ਨੇਤ੍ਰ ਫੋਰੁ
ਤਿਸ ਕਾ ਮੰਤ੍ਰ ਨ ਜਾਨੈ ਹੋਰੁ॥ (ਅਸਟਪਦੀ 16.2)

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਅਗੰਮ, ਅਗੋਚਰ, ਨਿਰਵੈਰ, ਸਰਬਵਿਆਪਕ, ਸਰਬਸ਼ਕਤੀਮਾਨ, ਅਬਿਨਾਸੀ, ਅੰਤਰਜਾਮੀ, ਸੱਤ ਸਰੂਪ ਆਦਿ ਗੁਣਾਂ ਦਾ ਵਰਣਨ ਬਾਖੂਬੀ ਕੀਤਾ ਹੈ:

ਕਾਹੂ ਬੋਲ ਨ ਪਹੁਚਤ ਪ੍ਰਾਨੀ॥
ਅਗਮ ਅਗੋਚਰ ਪ੍ਰਭ ਨਿਰਬਾਨੀ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾ ਕੀ ਕੀਮਤਿ ਕੀਨੈ ਨ ਪਾਈ॥ (ਅਸਟਪਦੀ 18.5)

ਅਜਿਹੇ ਬ੍ਰਹਮ ਦੀ ਕੀਮਤ ਨਹੀਂ ਪਾਈ ਜਾ ਸਕਦੀ। ਸੋ ਬ੍ਰਹਮ ਸਾਰੀ ਸ੍ਰਿਸ਼ਟੀ ਨੂੰ ਸਾਜ ਕੇ ਆਪ ਕਰਤਾ ਦੇ ਤੌਰ ਤੇ ਹਰ ਵਰਤਾਰਾ ਵਰਤਾ ਰਿਹਾ ਹੈ। ਉਸ ਦੇ ਸਾਹਮਣੇ ਕੋਈ ਭੇਖ ਨਹੀਂ ਕਰ ਸਕਦਾ। ਉਹ ਸਭ ਜਾਣਦਾ ਹੈ। ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਦੋਵੇਂ ਸਰੂਪਾਂ ਨਿਰਗੁਣ ਅਤੇ ਸਰਗੁਣ ਦਾ ਵਰਣਨ ਮਿਲਦਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ। ਨਿਰਗੁਣ ਤੋਂ ਭਾਵ ਅਕਾਰ ਰਹਿਤ ਅਤੇ ਸਰਗੁਣ ਤੋਂ ਭਾਵ ਅਕਾਰ ਸਹਿਤ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਅਸਟਪਦੀ 18.8)

ਬ੍ਰਹਮ ਅਦਿਖ ਵੀ ਹੈ ਤੇ ਉਸਨੂੰ ਵੇਖਿਆ ਵੀ ਜਾ ਸਕਦਾ ਹੈ। ਸੁਖਮਨੀ ਅਨੁਸਾਰ ਬ੍ਰਹਮ ਨੇ ਆਪਣੇ ਵਿਚੋਂ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਸੇ ਲਈ ਗੁਰੂ ਜੀ ਨੇ ਬ੍ਰਹਮ ਨੂੰ ਦੋਹਾਂ ਸਿਰਿਆਂ ਦਾ ਸੁਆਮੀ ਕਿਹਾ ਹੈ:

ਅੰਤਰਿ ਬਸੇ ਬਾਹਰਿ ਭੀ ਓਹੀ

ਨਾਨਕ ਦਰਸਨੁ ਦੇਖਿ ਸਭੁ ਮੋਹੀ॥ (ਅਸਟਪਦੀ 23.4)

ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਹੇ ਸਰੂਪਾਂ ਦਾ ਵਰਣਨ ਕਰਦੇ ਹਨ।

### 3.1.1.1 ਨਿਰਗੁਣ:

ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਦੀ ਵਿਆਖਿਆ ਵੀ ਕੀਤੀ ਹੈ। ਨਿਰਗੁਣ ਤੋਂ ਭਾਵ ਗੁਣਾਂ ਤੋਂ ਰਹਿਤ। ਬ੍ਰਹਮ ਦੇ ਅਜਿਹੇ ਸਰੂਪ ਦੀ ਵਿਆਖਿਆ ਕਰਦੇ ਗੁਰੂ ਦੀ ਫੁਰਮਾਉਂਦੇ ਹਨ:

ਰੂਪੁ ਨੁ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥

ਤਿਸਹਿ ਬੁਝਾਏ ਨਾਨਕਾ ਜਿਸ ਹੋਵੈ ਸੁਪ੍ਰਸੰਨ॥੧॥ (ਸਲੋਕ ਅਸਟਪਦੀ 16)

ਨਿਰਗੁਣ ਸਰੂਪ ਬਾਰੇ ਗੁਰੂ ਜੀ ਦਸਦੇ ਹਨ ਕਿ ਜਦੋਂ ਸ੍ਰਿਸ਼ਟੀ ਨਹੀਂ ਸੀ ਤਾਂ ਬ੍ਰਹਮ ਅਫੁਰ ਅਵਸਥਾ ਵਿਚ ਬੈਠਾ ਸੀ। ਸ੍ਰਿਸ਼ਟੀ ਦਾ ਕੋਈ ਪਾਸਾਰਾ ਨਹੀਂ ਸੀ। ਉਦੋਂ ਵੈਰ, ਵਿਰੋਧ, ਪਾਪ, ਪੁੰਨ, ਖ਼ੁਸ਼ੀ-ਗ਼ਮੀਂ ਦੇ ਭਾਵ ਨਹੀਂ ਸਨ। ਜਦੋਂ ਸ੍ਰਿਸ਼ਟੀ ਦੀ ਸਿਰਜਨਾ ਨਹੀਂ ਹੋਈ ਸੀ ਤਾਂ ਬ੍ਰਹਮ ਦੀ ਹੋਂਦ ਸੀ। ਉਸ ਸਮੇਂ ਨਰਕ-ਸੁਰਗ, ਦੁੱਖ, ਖ਼ੁਸ਼ੀ, ਮਾਇਆ ਨਹੀਂ ਸੀ। ਕੋਈ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਹੀਂ ਸਨ। ਬ੍ਰਹਮ ਵੀ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਤੋਂ ਰਹਿਤ ਸੀ। ਉਸ ਸਮੇਂ ਨਾ ਕੋਈ ਜਨਮ ਲੈਂਦਾ ਸੀ ਤੇ ਨਾ ਹੀ ਖ਼ਤਮ ਹੁੰਦਾ ਸੀ। ਇਕ ਪਰਮਾਤਮਾ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਸੀ। ਇਸ ਸਮੇਂ ਬ੍ਰਹਮ ਨਿਰਗੁਣ ਸਰੂਪ ਵਿਚ ਸੀ:

ਜਬ ਨਿਰਗੁਨ ਪ੍ਰਭ ਸਹਜ ਸੁਭਾਇ॥

ਤਬ ਸਿਵ ਸਕਤਿ ਕਹਹੁ ਕਿਤੁ ਠਾਇ॥

ਜਬ ਅਪਹਿ ਆਪਿ ਅਪਨੀ ਜੋਤਿ ਧਰੈ॥

ਤਬ ਕਵਨ ਨਿਡਰੁ ਕਵਨ ਕਤ ਡਰੈ॥ (ਅਸਟਪਦੀ 21.2)

ਸੁਖਮਨੀ ਸਾਹਿਬ ਵਿਚ ਗੁਰੂ ਦੀ ਦਸਦੇ ਹਨ ਕਿ ਜਦੋਂ ਪਰਮਾਤਮਾ ਅਫੁਰ ਅਵਸਥਾ ਵਿਚ ਬੈਠਾ ਸੀ ਇਹ ਸ੍ਰਿਸ਼ਟੀ ਦਾ ਪਾਸਾਰ ਕੁਝ ਨਹੀਂ ਸੀ। ਉਸ ਸਮੇਂ ਦੀ ਅਵਸਥਾ ਬਾਰੇ ਗੁਰੂ ਦੀ ਦਸਦੇ ਹਨ ਕਿ ਉਸ ਸਮੇਂ ਪ੍ਰਭੂ ਇਕੱਲਾ ਸੀ। ਉਹ ਅਗਮ ਅਤੇ ਅਪਾਰ ਪ੍ਰਭ ਤਿੰਨ ਗੁਣਾਂ ਰਹਿਤ ਸੀ ਭਾਵ ਉਸ ਸਮੇਂ ਮਾਇਆ ਆਦਿ ਨਹੀਂ ਸੀ। ਧੰਧੂਕਾਰ ਸਮੇਂ ਪ੍ਰਭ ਆਪਣੇ ਸਰੂਪ ਵਿਚ ਆਪ ਹੀ ਟਿਕਿਆ ਹੋਇਆ ਸੀ। ਉਦੋਂ ਨਾ ਕੋਈ ਜੰਮਦਾ ਸੀ ਤੇ ਨਾ ਕੋਈ ਮਰਦਾ ਸੀ। ਉਸ ਸਮੇਂ ਸਭ ਤੋਂ ਉੱਚੇ ਤੇ ਬੇਅੰਤ ਪ੍ਰਭੂ ਦੀ ਮਹਿਮਾ ਕਹਿਣ ਵਾਲਾ ਕੋਈ ਦੂਜਾ ਨਹੀਂ ਸੀ।

### 3.1.1.2 ਸਰਗੁਣ:

ਸਰਗੁਣ ਤੋਂ ਭਾਵ ਹੈ ਗੁਣਾਂ ਸਹਿਤ। ਕਾਲਾ ਸਿੰਘ ਬੇਦੀ ਅਨੁਸਾਰ, 'ਜਿਸ ਤਰ੍ਹਾਂ ਨਿਰਗੁਣ ਬ੍ਰਹਮ ਅਨੰਤ ਹੈ ਅਤੇ ਉਸ ਨੂੰ ਕਥਿਆ ਨਹੀਂ ਜਾ ਸਕਦਾ ਉਸੇ ਪ੍ਰਕਾਰ ਸਗੁਣ ਬ੍ਰਹਮ ਦਾ ਵਿਰਾਟ ਸਰੂਪ ਵੀ ਕਥਨੀ ਅਤੇ ਕਹਿਣੀ ਦੀ ਸੀਮਾਂ ਤੋਂ ਪਰ੍ਹੇ ਹੈ।'[6] ਗੁਰੂ ਜੀ ਸੁਖਮਨੀ ਸਾਹਿਬ ਦੀ 21.7 ਅਸਟਪਦੀ ਵਿਚ ਦਸਦੇ ਹਨ ਕਿ ਬ੍ਰਹਮ ਨੂੰ ਜਦੋਂ ਅਫੁਰ ਅਵਸਥਾ ਵਿਚ ਫੁਰਨਾ ਫੁਰਿਆ ਤਾਂ ਬ੍ਰਹਮ ਨੇ ਆਪਣੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਧਾਰਨ ਕੀਤਾ:

ਜਹ ਆਪਿ ਰਚਿਓ ਪਰਪੰਚੁ ਅਕਾਰੁ ॥
ਤਹਿ ਗੁਣ ਮਹਿ ਕੀਨੋ ਬਿਸਥਾਰੁ ॥
ਪਾਪ ਪੁੰਨ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥
ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥
ਅਨਿਕ ਪ੍ਰਕਾਰ ਕੀਓ ਬਖ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥ (ਅਸਟਪਦੀ 21.7)

[6] ਸਾਹਿਬ ਸਿੰਘ ਅਰਸ਼ੀ, ਗੁਰੂ ਨਾਨਕ ਦਾ ਰਹੱਸਵਾਦੀ ਅਨੁਭਵ (ਅਨੁਬੰਧ), ਪੰਨਾ-17.

ਇਸ ਅਸਟਪਦੀ ਵਿਚ ਗੁਰੂ ਜੀ ਦੱਸਦੇ ਹਨ ਕਿ ਬ੍ਰਹਮ ਨੇ ਤਿੰਨ ਗੁਣਾਂ (ਰਜੋ, ਤਮੋਂ, ਸਤੋ) ਦਾ ਵਿਸਥਾਰ ਕਰਕੇ ਸ੍ਰਿਸ਼ਟੀ ਦਾ ਪਾਸਾਰ ਕੀਤਾ। ਜਿਸ ਨਾਲ ਪਾਪ-ਪੁੰਨ, ਸੁਖ-ਦੁੱਖ, ਨਰਕ-ਸੁਰਗ, ਮੋਹ-ਹੰਕਾਰ, ਅਨੇਕਾਂ ਭਾਵਾਂ ਦਾ ਪਾਸਾਰ ਹੋਇਆ। ਬ੍ਰਹਮ ਨੇ ਆਪ ਮਾਇਆ ਦਾ ਜਾਲ ਬੁਣ ਦਿੱਤਾ ਅਤੇ ਸਭ ਨੂੰ ਵੱਖ-ਵੱਖ ਕੰਮਾਂ ਤੇ ਲਾ ਦਿੱਤਾ। ਇਹ ਸਭ ਕੁਝ ਬ੍ਰਹਮ ਆਪ ਸ੍ਰਿਸ਼ਟੀ ਵਿਚੋਂ ਵੇਖਦਾ ਹੈ। ਜੇ ਇਹ ਤਮਾਸ਼ਾ ਇਕੱਠਾ ਕਰ ਜਾਂ ਸਮੇਟ ਦਿੱਤਾ ਜਾਵੇ ਤਾਂ ਬ੍ਰਹਮ ਆਪ ਹੀ ਬਣ ਜਾਂਦਾ ਹੈ। ਭਾਵ ਸ੍ਰਿਸ਼ਟੀ ਸਾਜਨਾ ਬ੍ਰਹਮ ਤੋਂ ਹੁੰਦੀ ਹੈ ਤੇ ਇਹ ਬ੍ਰਹਮ ਵਿਚ ਹੀ ਸਮਾ ਜਾਂਦੀ ਹੈ। ਬ੍ਰਹਮ ਦੀ ਸ੍ਰਿਸ਼ਟੀ ਸਾਜਣਾ ਸਮੇਂ ਉਸ ਦੇ ਹਰ ਕਣ ਵਿਚ ਮੌਜੂਦਗੀ ਨਾਲ ਬ੍ਰਹਮ ਵੀ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਆ ਗਿਆ।

> "ਜਦੋਂ ਜੀਵਾਂ ਦੇ ਪਾਪਾਂ-ਪੁੰਨਾਂ ਦੇ ਕਰਮ ਭੁਗਤਾਉਣ ਵਾਸਤੇ ਪ੍ਰਭੂ ਨੂੰ ਇਕ ਤੇ ਅਨੇਕ ਹੋਣ ਦਾ ਫੁਰਨਾ ਫੁਰਿਆ ਤਾਂ ਫਿਰ ਇਹ ਆਪਣੀ ਰਚਨਾ ਦੀ ਖੇਡ ਉਸ ਨੇ ਆਪ ਹੀ ਵਰਤਾ ਕੇ ਸ੍ਰਿਸ਼ਟੀ ਦੇ ਲੱਖਾਂ ਵਹਿਣ ਚਲਾ ਦਿੱਤੇ। ਅਜਿਹੀ ਸਮਰੱਥਾ ਸ਼ਕਤੀ ਵਾਲਾ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ। ਉਸ ਪਾਰਾਵਾਰ ਰਹਿਤ ਪ੍ਰਭੂ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ।"[7]

ਗੁਰੂ ਜੀ ਦਸਦੇ ਹਨ ਕਿ ਸਰਗੁਣ ਪ੍ਰਭੂ ਹਰ ਥਾਂ ਵਿਆਪਕ ਹੈ। ਉਸ ਦੀਆਂ ਆਪਣੀਆਂ ਖੇਡਾਂ ਨੂੰ ਉਹ ਆਪ ਜਾਣਦਾ ਹੈ।

ਅਪਨੇ ਕਰਤਬ ਜਾਨੈ ਆਪਿ॥
ਅੰਤਰ ਜਾਮੀ ਰਹਿਓ ਬਿਆਪਿ॥ (ਅਸਟਪਦੀ 22.3)

ਪ੍ਰਭੂ ਤੋਂ ਭਿੰਨ ਕੁਝ ਨਹੀਂ ਹੈ। ਇਹ ਸਾਰਾ ਜਗਤ ਉਸ ਨੇ ਆਪਣੇ ਸੂਤਰ ਵਿਚ ਪਰੋਇਆ ਹੋਇਆ ਹੈ:

ਤੁਮ ਤੇ ਭਿੰਨ ਨਹੀ ਕਿਛੁ ਹੋਇ॥
ਆਪਨ ਸੂਤਿ ਸਭੁ ਜਗਤੁ ਪਰੋਇ॥ (ਅਸਟਪਦੀ 22.1)

ਸੰਸਾਰ ਦੇ ਜੀਵਾਂ ਦਾ ਆਵਾਗਮਨ ਸਭ ਉਸ ਦੇ ਹੱਥ ਵਿਚ ਹੈ। ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨਾ, ਵਿਸਥਾਰ ਕਰਨਾ, ਨਾਸ਼ ਕਰਨਾ ਸਭ ਉਸ ਦੀ ਅੱਖ ਦੇ ਫਰਕਣ ਦਾ ਕੰਮ ਹੈ। ਉਸਨੇ ਆਪ ਹੀ ਸਾਰੀ ਸ੍ਰਿਸ਼ਟੀ ਅਨੇਕਾਂ ਰੰਗਾਂ-ਰੂਪਾਂ ਵਿਚ ਪੈਦਾ ਕੀਤੀ ਹੈ। ਪ੍ਰਭੂ ਨੇ ਇਹ

---

[7] ਪੰਡਤ ਗਿਆਨੀ ਨਰੈਣ ਸਿੰਘ, ਸਟੀਕ ਸੁਖਮਨੀ ਸਾਹਿਬ, ਪੰਨਾ-570.

ਸਾਰੀ ਸ੍ਰਿਸ਼ਟੀ ਦਾ ਵਿਸਥਾਰ ਕੀਤਾ ਹੈ ਜਿਸ ਵਿਚ ਅਨੇਕਾਂ ਬ੍ਰਹਿਮੰਡ, ਸੂਰਜ, ਧਰਤੀ, ਤਾਰੇ ਸ਼ਾਮਿਲ ਹਨ। ਇਹਨਾਂ ਸਭਨਾਂ ਵਿਚ ਉਹ ਆਪ ਵਸਦਾ ਹੈ ਕਿਉਂਕਿ ਇਹਨਾਂ ਦਾ ਜਨਮ ਉਸਦੇ ਵਿਚੋਂ ਹੋਇਆ ਹੈ। ਉਹ ਜਦੋਂ ਚਾਹੇ ਇਹਨਾਂ ਸਭ ਨੂੰ ਆਪਣੇ ਵਿਚ ਸਮਾ ਸਕਦਾ ਹੈ। ਇਹ ਸਭ ਉਸਦੀ ਖੇਡ ਹੈ। ਉਹ ਆਪ ਹੀ ਖੇਡਣ ਵਾਲਾ ਅਤੇ ਖਿਡਾਉਣ ਵਾਲਾ ਹੈ:

ਦੁਹਾ ਸਿਰਿਆ ਕਾ ਆਪਿ ਸੁਆਮੀ॥

ਖੇਲੈ ਬਿਗਸੈ ਅੰਤਰਜਾਮੀ॥ (ਅਸਟਪਦੀ 11.2)

ਸੋ ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੇ ਦੋਹਾਂ ਸਰੂਪਾਂ ਨਿਰਗੁਣ ਅਤੇ ਸਰਗੁਣ ਦਾ ਵਰਣਨ ਕਰਦੇ ਹੋਏ ਬ੍ਰਹਮ ਦੇ ਅਨੇਕ ਗੁਣਾਂ ਦਾ ਵਰਣਨ ਵਿਸਥਾਰ ਪੂਰਵਕ ਕੀਤਾ ਹੈ। ਬ੍ਰਹਮ ਨੂੰ ਪਾਉਣ ਲਈ ਮਨੁੱਖ ਨੂੰ ਨਾਮ ਸਿਮਰਨ ਦਾ ਰਸਤਾ ਸੁਝਾਇਆ ਹੈ। ਸੁਖਮਨੀ ਸਾਹਿਬ ਦਾ ਮੂਲ ਉਦੇਸ਼ ਹੀ ਆਤਮਿਕ ਸੋਝੀ ਦੁਆਰਾ ਬ੍ਰਹਮ ਨੂੰ ਪਾਉਣਾ ਹੈ। ਸੁਖਮਨੀ ਸਾਹਿਬ ਵਿਚ ਬ੍ਰਹਮ ਤੋਂ ਬਾਅਦ ਅਗਲਾ ਰਹੱਸ ਬ੍ਰਹਮ ਦੀ ਸਾਜੀ ਸ੍ਰਿਸ਼ਟੀ ਦਾ ਹੈ ਕਿ ਇਹ ਸ੍ਰਿਸ਼ਟੀ ਕੀ ਹੈ? ਇਹ ਕਿਸ ਤਰ੍ਹਾਂ ਨਿਰੰਤਰ ਪ੍ਰਵਾਹ ਵਿਚ ਚੱਲ ਰਹੀ ਹੈ?

### 3.1.2 **ਸ੍ਰਿਸ਼ਟੀ:**

ਸ੍ਰਿਸ਼ਟੀ ਤੋਂ ਭਾਵ ਹੈ ਕੁਦਰਤ ਜਾਂ ਜਗਤ ਪਸਾਰਾ। ਧਰਤੀ, ਅਕਾਸ਼ ਅਤੇ ਇਸ ਵਿਚ ਵਿਚਰਦੇ ਜੀਵ-ਜੰਤੂ, ਗ੍ਰਹਿ, ਹਵਾ, ਅੱਗ, ਪਾਣੀ ਆਦਿ ਸਭ ਸ੍ਰਿਸ਼ਟੀ ਦਾ ਹੀ ਅੰਗ ਹਨ। ਵੱਖ-ਵੱਖ ਧਰਮਾਂ ਅਤੇ ਧਰਮ ਗ੍ਰੰਥਾਂ ਵਿਚ ਇਸ ਸ੍ਰਿਸ਼ਟੀ ਜਾਂ ਜਗਤ ਪਸਾਰੇ ਦਾ ਵਰਣਨ ਮਿਲਦਾ ਹੈ। ਇਹ ਜਗਤ ਪਸਾਰਾ ਹਰ ਧਰਮ ਲਈ ਰਹੱਸ ਬਣਿਆ ਰਿਹਾ ਹੈ। ਹਰ ਧਰਮ ਵਿਚ ਇਸ ਜਗਤ ਪਸਾਰੇ ਦੀ ਵਿਆਖਿਆ ਆਪੋ-ਆਪਣੇ ਤਰੀਕੇ ਨਾਲ ਕੀਤੀ ਮਿਲਦੀ ਹੈ।

ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜੱਗ ਦੀ ਵਿਆਖਿਆ ਬ੍ਰਹਮ ਤੋਂ ਹੀ ਹੋ ਸਕਦੀ ਹੈ। ਉਸਨੇ ਆਪਣੇ ਆਪ ਨੂੰ ਆਪਣੇ ਵਿਚੋਂ ਹੀ ਬਣਾਇਆ ਹੈ।[8]

ਇਸ ਸੰਸਾਰ ਦੇ ਸਾਰੇ ਜੜ੍ਹ ਪਦਾਰਥਾਂ ਨੂੰ ਗੀਤਾ ਵਿਚ 'क्षर' ਆਖਿਆ ਗਿਆ ਹੈ। ਇਸ ਨੂੰ अपराप्रकृति ਅਧੀਭੂਤ ਖੇਤਰ ਵੀ ਆਖਿਆ ਗਿਆ ਹੈ। ਇਹ ਵਿਕਾਰਾਂ, ਕਾਰਣਾਂ ਅਤੇ ਭੂਤਾਂ ਦਾ ਮੂਲ ਕਾਰਨ ਹੈ। ਅਕਾਸ਼, ਜਲ, ਅਗਨੀ, ਵਾਯੂ, ਪ੍ਰਿਥਵੀ ਪੰਜ ਭੌਤਿਕ ਤੱਤ

[8] ਤੈਤਰੀਨ ਉਪਨਿਸ਼ਦ 2.1.20.

ਹਨ। ਪੰਜ ਤੱਤ ਮਾਤਰ ਵਿਕਾਰ ਹਨ। ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਹਨ।

ਪ੍ਰਿਥਵੀ, ਜਲ, ਤੇਜ, ਵਾਯੂ, ਅਕਾਸ਼, ਮਨ, ਬੁੱਧੀ, ਅਹੰਕਾਰ ਇਹ ਅੱਠ ਭਗਵਾਨ ਦੀ ਅਪਾਰ ਪ੍ਰਕ੍ਰਿਤੀ ਦੇ ਰੂਪ ਹਨ।[9]

ਰਾਮਾਨੁਜ ਅਨੁਸਾਰ ਜੀਵ ਅਤੇ ਜੱਗ ਈਸ਼ਵਰ ਦੀ ਦੇਹ ਜਾਂ ਸਰੀਰ ਹਨ, ਜੋ ਕੁਝ ਵੀ ਹੈ ਉਹ ਈਸ਼ਵਰ ਦਾ ਸਰੀਰ ਹੀ ਹੈ। ਸੰਸਾਰ ਦੀ ਰਚਨਾ ਪ੍ਰਭੂ ਨੇ ਕਿਸੇ ਖ਼ਾਸ ਮਕਸਦ ਨਾਲ ਕੀਤੀ ਹੈ। ਅਦਵੈਤ ਵੇਦਾਂਤ ਅਨੁਸਾਰ ਸ੍ਰਿਸ਼ਟੀ ਮਾਇਆ ਦਾ ਹੀ ਇਕ ਰੂਪ ਹੈ ਜੋ ਸੱਚ ਨਹੀਂ ਮਿੱਥਿਆ ਹੈ। ਸ਼ੰਕਰ ਅਨੁਸਾਰ ਮਾਇਆ ਅਨਾਦੀ ਹੈ, ਉਸ ਤੋਂ ਹੀ ਸੰਸਾਰ ਦੀ ਰਚਨਾ ਹੁੰਦੀ ਹੈ। ਇਹ ਈਸ਼ਵਰੀ ਸ਼ਕਤੀ ਹੈ ਜੋ ਉਸ ਤੋਂ ਭਿੰਨ ਨਹੀਂ ਹੋ ਸਕਦੀ।

ਵੇਦਾਂ ਵਿਚ ਸ੍ਰਿਸ਼ਟੀ ਦੀ ਰਚਨਾ ਬਾਰੇ ਦੋ ਦ੍ਰਿਸ਼ਟੀਕੋਣਾਂ ਨਾਲ ਵਿਚਾਰ ਕੀਤਾ ਜਾ ਸਕਦਾ ਹੈ, ਧਾਰਮਿਕ ਅਧਾਰ ਤੇ ਅਤੇ ਦਾਰਸ਼ਨਿਕ ਅਧਾਰ ਤੇ।

ਧਾਰਮਿਕ ਅਧਾਰ ਦੀਆਂ ਵੀ ਅੱਗੋਂ ਦੋ ਕਿਸਮਾਂ ਹਨ ਜਿਨ੍ਹਾਂ ਵਿਚੋਂ ਪ੍ਰੋ. ਮੈਕਡਨਲ ਨੇ ਕਿਹਾ ਹੈ ਕਿ ਇਕ ਵਿਚਾਰਧਾਰਾ ਜੱਗ ਨੂੰ ਇਕ ਮਸ਼ੀਨੀ ਰਚਨਾ ਦੇ ਰੂਪ ਵਿਚ ਵੇਖਦੀ ਹੈ ਜਿਹੜੀ ਕਿਸੇ ਤਰਖਾਣ ਜਾਂ ਸ਼ਿਲਪੀ ਦੀ ਯੋਗਤਾ ਦੇ ਵਾਂਗੂੰ ਹੈ। ਦੂਜੀ ਵਿਚਾਰਧਾਰਾ ਇਸ ਨੂੰ ਇਕ ਸੁਭਾਵਕ ਕੁਦਰਤੀ ਵਿਕਾਸ ਦੇ ਰੂਪ ਵਿਚ ਵੇਖਦੀ ਹੈ।

ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਜੱਗ ਨੂੰ ਅਨੇਕਾਂ ਦੇਵਤਿਆਂ ਤੋਂ ਉਤਪੰਨ ਮੰਨਿਆ ਗਿਆ ਹੈ। ਸਾਰਾ ਜੱਗ ਆਦਿ ਪੁਰਖ ਦੇ ਰੂਪ ਵਿਚ ਦੇਖਿਆ ਗਿਆ ਹੈ। ਉਹ ਚਰ-ਅਚਰ ਜੱਗ ਦੇ ਕਣ-ਕਣ ਵਿਚ ਸਮਾਇਆ ਹੈ। ਉਹ ਅਮਰ ਹੈ ਤੇ ਸਾਰੇ ਪ੍ਰਾਣੀਆਂ ਦੀ ਉਤਪੱਤੀ ਦਾ ਕਾਰਣ ਹੈ। ਉਸਦੇ ਪੈਰਾਂ ਤੋਂ ਪ੍ਰਕ੍ਰਿਤੀ, ਧੁਨੀ (ਨਾਭੀ) ਤੋਂ ਵਾਯੂ, ਸਿਰ ਤੋਂ ਅਕਾਸ਼, ਕੰਨਾਂ ਤੋਂ ਚਾਰੇ ਦਿਸ਼ਾਵਾਂ ਦੀ ਉਤਪਤੀ ਹੋਈ ਹੈ। ਜੱਗ ਉਤਪੰਨ ਹੋਣ ਤੋਂ ਪਹਿਲਾਂ ਅੰਧਕਾਰ ਹੀ ਸੀ ਜਿਹੜਾ ਗਿਆਨ ਤੋਂ ਪਰ੍ਹੇ ਸੀ ਅਤੇ ਵਿਆਪਕ ਗਤੀਮਾਨ ਤੱਤ ਸੀ।

ਗੁਰਬਾਣੀ ਵਿਚ ਵੀ ਸ੍ਰਿਸ਼ਟੀ ਰਚਨਾ ਨੂੰ ਬ੍ਰਹਮ ਦੇ ਖੇਡ ਜਾਂ ਲੀਲਾ ਹੀ ਦੱਸਿਆ ਗਿਆ ਹੈ ਕਿ ਸ੍ਰਿਸ਼ਟੀ ਨੂੰ ਬ੍ਰਹਮ ਜਾਂ ਅਕਾਲਪੁਰਖ ਨੇ ਆਪਣੀ ਮਰਜੀ ਅਨੁਸਾਰ ਸਾਜਿਆ ਹੈ। ਸਾਰੀ ਸ੍ਰਿਸ਼ਟੀ ਨੂੰ ਸਾਜ ਕੇ ਬ੍ਰਹਮ ਉਸ ਸ੍ਰਿਸ਼ਟੀ ਦੇ ਕਣ-ਕਣ ਵਿਚ ਆਪ ਮੌਜੂਦ ਹੈ।

---

[9] ਭਗਵਤ ਗੀਤਾ, ਅਧਿਆਇ 7.4.5.

ਗੁਰਬਾਣੀ ਵਿਚ ਸਪੱਸ਼ਟ ਰੂਪ ਵਿਚ ਕਿਹਾ ਗਿਆ ਹੈ ਕਿ:

ਆਪੀਨੑੈ ਆਪੁ ਸਾਜਿਓ ਆਪੀਨੑੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ. 463)

ਗੁਰਬਾਣੀ ਅਨੁਸਾਰ ਜਗਤ ਰਚਨਾ ਤੋਂ ਪਹਿਲਾਂ ਬ੍ਰਹਮ ਸੁੰਨ ਸਮਾਧੀ ਵਿਚ ਸੀ। ਜੀਵ ਉਤਪੰਨ ਨਹੀਂ ਹੋਇਆ ਸੀ। ਮਾਇਆ ਦਾ ਖਿਲਾਰਾ ਨਹੀਂ ਸੀ। ਇਸੇ ਕਾਰਨ ਇਥੇ ਸਿਰਫ਼ ਬ੍ਰਹਮ ਹੀ ਸੁੰਨ ਸਮਾਧੀ ਵਿਚ ਲੀਨ ਸੀ। ਕੋਈ ਪਾਪ, ਪੁੰਨ, ਵੈਰੀ, ਮੀਤ, ਰੰਗ, ਰੂਪ, ਪਿਆਰ, ਨਫ਼ਰਤ ਆਦਿ ਕੁਝ ਵੀ ਨਹੀਂ ਸੀ। ਕੋਈ ਜਨਮ-ਮਰਨ ਦਾ ਚੱਕਰ ਨਹੀਂ ਸੀ। ਪਰਮਾਤਮਾ ਆਪਣੀ ਲੀਲਾ ਆਪ ਵਰਤਾ ਕੇ ਆਪ ਹੀ ਵੇਖਦਾ ਸੀ। ਭਾਵ ਬ੍ਰਹਮ ਤੋਂ ਬਿਨ੍ਹਾਂ ਸ੍ਰਿਸ਼ਟੀ ਦੀ ਕੋਈ ਹੋਂਦ ਨਹੀਂ ਸੀ।

ਗੁਰੂ ਅਰਜਨ ਦੇਵ ਜੀ ਨੇ ਵੀ ਸ੍ਰਿਸ਼ਟੀ ਦੇ ਰਹੱਸ ਤੇ ਚਾਨਣਾ ਪਾਇਆ ਹੈ। ਉਹਨਾਂ ਨੇ ਦੱਸਿਆ ਹੈ ਕਿ ਸ੍ਰਿਸ਼ਟੀ ਕੀ ਹੈ? ਕਿਵੇਂ ਬਣੀ? ਇਸ ਦਾ ਅਕਾਰ ਕੀ ਹੈ? ਸੁਖਮਨੀ ਸਾਹਿਬ ਵਿਚ ਸ੍ਰਿਸ਼ਟੀ ਦੀ ਰਚਨਾ ਬਾਰੇ ਗੁਰੂ ਜੀ ਨੇ ਵਿਸਥਾਰ ਨਾਲ ਦੱਸਿਆ ਹੈ। ਉਹਨਾਂ ਨੇ ਸ੍ਰਿਸ਼ਟੀ ਦੇ ਅਕਾਰ, ਸ੍ਰਿਸ਼ਟੀ ਦੀ ਕਿਰਿਆ ਦੇ ਢੰਗ ਅਤੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਦੱਸਿਆ ਹੈ। ਗੁਰੂ ਜੀ ਸੁਖਮਨੀ ਸਾਹਿਬ ਵਿਚ ਸ੍ਰਿਸ਼ਟੀ ਨੂੰ ਕਈ ਨਾਵਾਂ ਨਾਲ ਪੁਕਾਰਦੇ ਹਨ, ਜਿਵੇਂ:

ਸ੍ਰਿਸ਼ਟੀ - ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥
ਅਵਰ ਨ ਬੂਝਿ ਕਰਤ ਬੀਚਾਰੁ॥ (ਅਸਟਪਦੀ 16.7)

ਰਚਨਾ - ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥
(ਸਲੋਕ ਅਸਟਪਦੀ 10)

ਪਰਪੰਚ - ਜਹ ਆਪਿ ਰਚਿਓ ਪਰਪੰਚੁ ਅਕਾਰੁ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ॥ (ਅਸਟਪਦੀ 22.2)

ਬ੍ਰਹਿਮੰਡ - ਕਈ ਕੋਟਿ ਆਕਾਸ ਬ੍ਰਹਮੰਡ॥ (ਅਸਟਪਦੀ 10.7)

ਗੁਰੂ ਜੀ ਨੇ ਸ੍ਰਿਸ਼ਟੀ ਦੇ ਅਕਾਰ ਤੇ ਚਾਨਣਾ ਪਾਉਂਦੇ ਦੱਸਿਆ ਹੈ ਕਿ ਇਸ ਸ੍ਰਿਸ਼ਟੀ ਵਿਚ ਕਰੋੜਾਂ ਹੀ ਜੀਵ-ਜੰਤੂ, ਭੂਮੀ ਮੰਡਲ, ਪਹਾੜ, ਪੌਦੇ, ਪੰਛੀ ਆਦਿ ਹਨ। ਗੁਰੂ ਜੀ ਨੇ ਸ੍ਰਿਸ਼ਟੀ ਨੂੰ ਬ੍ਰਹਮ ਦਾ ਸਰਗੁਣ ਸਰੂਪ ਹੀ ਦੱਸਿਆ ਹੈ। ਸੁਖਮਨੀ ਅਨੁਸਾਰ ਪ੍ਰਭੂ ਨੇ ਆਪ

ਹੀ ਸਾਰਾ ਜਗਤ ਪਸਾਰਾ ਬਣਾਇਆ ਹੈ ਅਤੇ ਉਹ ਆਪ ਇਸ ਜਗਤ ਪਸਾਰੇ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਉਹ ਆਪਣੇ ਕੌਤਕ ਅਨੇਕਾਂ ਰੰਗਾਂ ਵਿਚ ਆਪ ਹੀ ਕਰਦਾ ਹੈ। ਸੁਖਮਨੀ ਸਾਹਿਬ ਅਨੁਸਾਰ ਪਰਮਾਤਮਾ ਪਹਿਲਾਂ ਅਫੁਰ ਅਵਸਥਾ ਵਿਚ ਸੀ। ਬ੍ਰਹਮ ਉਸ ਸਮੇਂ ਸੁੰਨ ਸਮਾਧੀ ਵਿਚ ਸੀ। ਉਸ ਸਮੇਂ ਉਹ ਤਿੰਨੇ ਗੁਣਾਂ ਰਜੋ, ਤਮੋ, ਸਤੋ ਤੋਂ ਰਹਿਤ ਸੀ। ਉਸ ਸਮੇਂ ਮਾਇਆ ਦਾ ਪਸਾਰਾ ਨਹੀਂ ਸੀ। ਕੋਈ ਜੰਮਣ-ਮਰਨ ਦਾ ਚੱਕਰ ਨਹੀਂ ਸੀ। ਖ਼ੁਸ਼ੀ, ਗ਼ਮੀ, ਪਾਪ, ਪੁੰਨ, ਵੈਰ, ਵਿਰੋਧ ਕੁਝ ਵੀ ਨਹੀਂ ਸੀ। ਉਸ ਸਮੇਂ ਅਗਮ ਅਤੇ ਅਪਾਰ ਪ੍ਰਭੂ ਇਕੱਲਾ ਸੀ। ਪ੍ਰਭੂ ਆਪ ਆਪਣੀ ਜੋਤ ਨੂੰ ਆਪਣੇ ਵਿਚ ਰੱਖਦਾ ਸੀ। ਭਾਵ ਸਭ ਗੁਣਾਂ ਰਹਿਤ ਜਾਂ ਨਿਰਗੁਣ ਸੀ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ 'ਸੁਖਮਨੀ ਸਾਹਿਬ' ਵਿਚ ਬ੍ਰਹਮ ਦੀ ਇਸ ਸੁੰਨ ਸਮਾਧੀ ਵਾਲੀ ਅਵਸਥਾ ਦਾ ਜ਼ਿਕਰ ਕੀਤਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਜਦੋਂ ਨਿਰਗੁਣ ਸਰੂਪ ਵਿਚ ਸੀ ਤਾਂ ਸ੍ਰਿਸ਼ਟੀ ਦੀ ਹੋਂਦ ਨਹੀਂ ਸੀ। ਉਸ ਸਮੇਂ ਕੋਈ ਨਰਕ-ਸੁਰਗ, ਵੈਰ-ਵਿਰੋਧ, ਪਾਪ-ਪੁੰਨ ਦਾ ਭਾਵ ਨਹੀਂ ਸੀ।

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ॥
ਪਾਪ ਪੁੰਨ ਤਬ ਕਹ ਤੇ ਹੋਤਾ॥
ਜਬ ਧਾਰੀ ਆਪਨ ਸੁੰਨ ਸਮਾਧਿ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥
ਜਬ ਇਸ ਕਾ ਬਰਨੁ ਚਿਹਨੁ ਨ ਜਾਪਤਿ॥
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥
ਜਬ ਆਪਨ ਆਪ ਆਪਿ ਪਾਰਬ੍ਰਹਮ॥
ਤਬ ਮੋਹ ਕਹਾ ਕਿਸੁ ਹੋਵਤ ਭਰਮ॥ (ਅਸਟਪਦੀ 22.1)

ਉਸ ਸਮੇਂ ਪ੍ਰਭੂ ਆਪਣੇ ਆਪ ਨੂੰ ਆਪ ਹੀ ਉਦੇਸ਼ ਦਿੰਦਾ ਸੀ। ਸ੍ਰਿਸ਼ਟੀ ਹੋਂਦ ਵਿਚ ਨਹੀਂ ਸੀ।

ਆਪਸ ਕਉ ਆਪਹਿ ਆਦੇਸੁ॥
ਤਿਹ ਗੁਣ ਕਾ ਨਾਹੀ ਪਰਵੇਸੁ॥ (ਅਸਟਪਦੀ 22.6)

ਫਿਰ ਪਰਮਾਤਮਾ ਨੂੰ ਆਫੁਰ ਅਵਸਥਾ ਵਿਚ ਫੁਰਨਾ ਫੁਰਿਆ ਤਾਂ ਉਸਨੇ ਜਗਤ ਪਸਾਰਾ ਕੀਤਾ। ਸੁਖਮਨੀ ਸਾਹਿਬ ਅਨੁਸਾਰ ਸਾਰੀ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ

ਆਪ ਕੀਤੀ ਹੈ ਤੇ ਉਹ ਆਪ ਹੀ ਇਸ ਸ੍ਰਿਸ਼ਟੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਉਹ ਆਪਣੀ ਲੀਲਾ ਵਰਤਾ ਕੇ ਆਪ ਹੀ ਉਸ ਵਿਚ ਖੇਡ ਰਿਹਾ ਹੈ:

ਜਹ ਆਪਿ ਰਚਿਓ ਪਰਪੰਚੁ ਅਕਾਰੁ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ॥
ਪਾਪੁ ਪੁੰਨੁ ਤਹ ਭਈ ਕਹਾਵਤ॥
ਕੋਊ ਨਰਕ ਕੋਊ ਸੁਰਗ ਬੰਛਾਵਤ॥
ਆਲ ਜਾਲ ਮਾਇਆ ਜੰਜਾਲ॥
ਹਉਮੈ ਮੋਹ ਭਰਮ ਭੈ ਭਾਰ॥
ਦੂਖ ਸੂਖ ਮਾਨ ਅਪਮਾਨ॥
ਅਨਿਕ ਪ੍ਰਕਾਰ ਕੀਓ ਬਖ੍ਯ਼ਾਨ॥
ਆਪਨ ਖੇਲੁ ਆਪਿ ਕਰਿ ਦੇਖੈ॥
ਖੇਲੁ ਸੰਕੋਚੈ ਤਉ ਨਾਨਕ ਏਕੈ॥ (ਅਸਟਪਦੀ 21.7)

ਸੁਖਮਨੀ ਸਾਹਿਬ ਅਨੁਸਾਰ ਪਰਮਾਤਮਾ ਆਪਣੀ ਸਾਜੀ ਸ੍ਰਿਸ਼ਟੀ ਵਿਚ ਆਪ ਹੀ ਖੇਡ ਰਿਹਾ ਹੈ। ਪਰਮਾਤਮਾ ਦੁਆਰਾ ਬਣਾਈ ਇਹ ਸ੍ਰਿਸ਼ਟੀ ਅਨੇਕ ਤਰ੍ਹਾਂ ਦੀ ਹੈ। ਇਸ ਵਿਚ ਅਨੇਕ ਤਰ੍ਹਾਂ ਦੇ ਜੀਵ ਹਨ। ਕਰੋੜਾਂ ਦੀ ਗਿਣਤੀ ਵਿਚ ਪੁਜਾਰੀ ਤੇ ਚੰਗੇ ਕਰਮ ਕਰਨ ਵਾਲੇ ਹਨ। ਕਈ ਕਰੋੜਾਂ ਹੀ ਸੰਸਾਰ ਤੋਂ ਉਪਰਾਮ ਹੋ ਕੇ ਭਟਕਦੇ ਫਿਰਦੇ ਹਨ। ਕਈ ਤਪ ਵਿਚ ਲੀਨ ਹਨ। ਕਈ ਕਰੋੜਾਂ ਕਵੀ ਕਵਿਤਾ ਦੇ ਗ੍ਰੰਥ ਭਾਵ ਵੇਦ ਸ਼ਾਸਤਰ ਆਦਿ ਵੀਚਾਰ ਰਹੇ ਹਨ। ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਬਹੁਰੰਗੀ ਹੈ ਜਿਸਦਾ ਅੰਤ ਨਹੀਂ ਪਾਇਆ ਜਾ ਸਕਦਾ:

ਕਈ ਕੋਟਿ ਹੋਏ ਪੂਜਾਰੀ॥
ਕਈ ਕੋਟਿ ਆਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥ ਵਾਸੀ॥
ਕਈ ਕੋਟਿ ਬਨ ਭ੍ਰਮਹਿ ਉਦਾਸੀ॥
ਕਈ ਕੋਟਿ ਬੇਦ ਕੇ ਸ੍ਰੋਤੇ॥
ਕਈ ਕੋਟਿ ਤਪੀਸੁਰ ਹੋਤੇ॥ (ਅਸਟਪਦੀ 10.1)

ਇਸ ਜਗਤ ਪਸਾਰੇ ਵਿਚ ਕਈ ਕਰੋੜ ਜੀਵ ਹੰਕਾਰ ਵਿਚ ਗ੍ਰਸੇ ਹਨ। ਅਨੇਕਾਂ ਹੀ ਅਗਿਆਨੀ ਹਨ। ਕਈ ਪੱਥਰ ਦਿਲ ਵਾਲੇ ਹਨ ਜਿਨ੍ਹਾਂ ਦੇ ਦਿਲਾਂ ਵਿਚ ਸ਼ਰਧਾ ਨਹੀਂ ਹੈ ਅਤੇ ਪ੍ਰੇਮਹੀਣ ਹਨ। ਕਈ ਕਰੋੜਾਂ ਦੂਜਿਆਂ ਦੀ ਨਿੰਦਿਆ ਕਰਨ ਵਾਲੇ ਨਿੰਦਕ ਹਨ। ਕੋਈ ਮਾਇਆ ਇਕੱਠੀ ਕਰਨ ਵਿਚ ਲੱਗੇ ਹਨ ਅਤੇ ਪਰਦੇਸਾਂ ਵਿਚ ਭਾਉਂਦੇ ਹਨ। ਇਹ ਸਾਰੇ ਕਾਰਜ ਉਹ ਕਰਤਾ ਪੁਰਖ ਆਪ ਹੀ ਕਰਵਾ ਰਿਹਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਸ੍ਰਿਸ਼ਟੀ ਦੇ ਪਾਸਾਰ ਬਾਰੇ ਸਪੱਸ਼ਟ ਕਰਦੇ ਹਨ ਕਿ ਇਸ ਸ੍ਰਿਸ਼ਟੀ ਵਿਚ ਕਰੋੜਾਂ ਹੀ ਹੰਕਾਰੀ, ਲਾਲਚੀ ਜੀਵ ਹਨ ਤੇ ਕਰੋੜਾਂ ਹੀ ਸੰਤੋਖੀ ਤੇ ਨਿਮਰਤਾ ਭਰਪੂਰ ਜੀਵ ਹਨ। ਬ੍ਰਹਮ ਨਾਲ ਅਭੇਦ ਹੋਣ ਲਈ ਚੰਗੇ ਕਰਮ ਕਰ ਰਿਹਾ ਹੈ ਅਤੇ ਕੋਈ ਇਥੇ ਵੇਦ, ਪੁਰਾਣ, ਸ਼ਾਸਤਰ ਆਦਿ ਪੜ੍ਹ ਰਿਹਾ ਹੈ ਤੇ ਕੋਈ ਮਾਇਆ ਦੇ ਪਿੱਛੇ ਭਾਉਂਦਾ ਫਿਰਦਾ ਹੈ।

ਸੁਖਮਨੀ ਸਾਹਿਬ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਸ੍ਰਿਸ਼ਟੀ ਦੇ ਕਰੋੜਾਂ ਜੀਵ ਸਿੱਧ, ਜਤੀ ਤੇ ਜੋਗੀ ਹਨ। ਕਰੋੜਾਂ ਰਾਜੇ ਪਦਾਰਥਾਂ ਦੇ ਸੁਆਦ ਭੋਗ ਰਹੇ ਹਨ। ਇਸ ਸੰਸਾਰ ਉਪਰ ਵੱਡੀ ਗਿਣਤੀ ਵਿਚ ਰਤਨ ਤੇ ਸਮੁੰਦਰ ਹਨ। ਅਨੇਕਾਂ ਤਰ੍ਹਾਂ ਦੇ ਜੀਵ-ਜੰਤੂ ਹਨ। ਕੋਈ ਛੋਟੀਆਂ ਤੇ ਕੋਈ ਲੰਮੀਆਂ ਉਮਰਾਂ ਭੋਗਦੇ ਹਨ। ਸੋਨੇ ਦੇ ਸੁਮੇਰ ਪਰਬਤ ਵੀ ਇਸ ਸ੍ਰਿਸ਼ਟੀ ਦਾ ਅੰਗ ਹਨ। ਮਨੁੱਖਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੰਛੀ, ਸਰਪ, ਬ੍ਰਿਛ ਅਤੇ ਪੱਥਰ ਹਨ। ਕਰੋੜਾਂ ਹੀ ਭਾਵ ਅਣਗਿਣਤ ਹੀ ਪ੍ਰਿਥਵੀ ਦੇ ਟੁਕੜੇ ਅਤੇ ਦੇਸ਼ ਹਨ ਅਤੇ ਕਿੰਨੇ ਹੀ ਗ੍ਰਹਿ ਭਾਵ ਚੰਦਰਮਾ, ਸੂਰਜ ਅਤੇ ਤਾਰਿਆਂ ਵਰਗੇ ਨਕਸ਼ੱਤਰ ਹਨ। ਅਨੇਕਾਂ ਦੇਵੀ ਦੇਵਤੇ ਹਨ ਅਤੇ ਅਨੇਕਾਂ ਹੀ ਦੈਂਤ ਹਨ। ਪਰ ਇਹ ਸਭ ਉਸ ਪਰਮਾਤਮਾ ਦੀ ਆਗਿਆ ਵਿਚ ਚੱਲਦੇ ਹਨ। ਉਸਨੂੰ ਜੋ ਭਾਉਂਦਾ ਹੈ, ਉਸਨੂੰ ਉਹ ਪਰਮਾਤਮਾ ਤਾਰ ਲੈਂਦਾ ਹੈ:

ਕਈ ਕੋਟਿ ਸਸੀਅਰ ਸੂਰ ਨਖ੍ਹਤ੍ਰ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥ (ਅਸਟਪਦੀ 10.3)

ਪਰਮਾਤਮਾ ਇਹਨਾਂ ਦੇ ਨੇੜੇ ਹੋ ਕੇ ਵੀ ਇਹਨਾਂ ਤੋਂ ਦੂਰ ਹੈ:

ਸਭ ਤੇ ਨੇਰੈ ਸਭਹੂ ਤੇ ਦੂਰਿ॥
ਨਾਨਕ ਆਪ ਅਲਿਪਤੁ ਰਹਿਆ ਭਰਪੂਰਿ॥ (ਅਸਟਪਦੀ 10.4)

ਸੁਖਮਨੀ ਸਾਹਿਬ ਵਿਚ ਗੁਰੂ ਜੀ ਨੇ ਇਸ ਸ੍ਰਿਸ਼ਟੀ ਦੇ ਪਾਸਾਰ ਦੀ ਜੁਗਤ ਅਤੇ ਸੋਮੇ ਸੰਬੰਧੀ ਵੀ ਸਪੱਸ਼ਟ ਕੀਤਾ ਹੈ ਕਿ ਸ੍ਰਿਸ਼ਟੀ ਦਾ ਪਾਸਾਰਾ ਕਈ ਜੁਗਤਾਂ ਨਾਲ ਕਈ ਵਾਰਾਂ ਵਿਚ ਹੋਇਆ ਹੈ। ਇਹ ਸ੍ਰਿਸ਼ਟੀ ਇਕ ਚੱਕਰ ਵਿਚ ਚੱਲਦੀ ਰਹਿੰਦੀ ਹੈ। ਪਰਮਾਤਮਾ ਦੀ ਸਾਜੀ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ। ਇਹ ਸ੍ਰਿਸ਼ਟੀ ਕਈ ਭਾਂਤਾਂ, ਰੰਗਾਂ, ਰੂਪਾਂ ਅਤੇ ਜਿਨਸਾਂ ਦੀ ਹੈ। ਪਰਮਾਤਮਾ ਸ੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ ਕਰਦਾ ਰਹਿੰਦਾ ਹੈ ਪਰ ਉਹ ਆਪ ਸਥਿਰ ਰਹਿੰਦਾ ਹੈ।


ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥
ਆਪਨੈ ਭਾਣੈ ਲਏ ਸਮਾਏ॥
ਤੁਮ ਤੇ ਭਿੰਨ ਨਹੀ ਕਿਛੁ ਹੋਇ॥
ਆਪਨ ਸੂਤਿ ਸਭੁ ਜਗਤੁ ਪਰੋਇ॥ (ਅਸਟਪਦੀ 22.1)

ਸਾਰੀ ਸ੍ਰਿਸ਼ਟੀ ਪਰਮਾਤਮਾ ਜਾਂ ਬ੍ਰਹਮ ਵਿਚੋਂ ਹੀ ਪੈਦਾ ਹੁੰਦੀ ਹੈ ਅਤੇ ਉਸ ਵਿਚ ਹੀ ਸਮਾ ਜਾਂਦੀ ਹੈ। ਪਰਮਾਤਮਾ ਜਲ, ਥਲ ਅਤੇ ਮਹੀਅਲ ਭਾਵ ਅਕਾਸ਼ ਵਿਚ ਸਮਾਇਆ ਹੋਇਆ ਹੈ। ਉਸਦੇ ਹੁਕਮ ਵਿਚ ਹੀ ਸ੍ਰਿਸ਼ਟੀ ਪੈਦਾ ਹੁੰਦੀ ਹੈ ਅਤੇ ਹੁਕਮ ਵਿਚ ਹੀ ਸਮਾ ਜਾਂਦੀ ਹੈ:

ਕਰਨ ਕਰਾਵਨ ਕਰਨੈ ਜੋਗੁ॥
ਜੋ ਤਿਸ ਭਾਵੈ ਸੋਈ ਹੋਗੁ॥
ਖਿਨ ਮਹਿ ਥਾਪਿ ਉਥਾਪਨਹਾਰਾ॥
ਅੰਤੁ ਨਹੀ ਕਿਛੁ ਪਾਰਾਵਾਰਾ॥
ਹੁਕਮੇ ਧਾਰਿ ਅਧਰ ਰਹਾਵੈ॥
ਹੁਕਮੇ ਊਪਜੈ ਹੁਕਮਿ ਸਮਾਵੈ॥ (ਅਸਟਪਦੀ 11.1)

ਬ੍ਰਹਮ ਦੁਆਰਾ ਸਾਜੀ ਸ੍ਰਿਸ਼ਟੀ ਬੇਅੰਤ ਹੈ। ਸ੍ਰਿਸ਼ਟੀ ਦਾ ਅਕਾਰ ਇੰਨਾ ਵੱਡਾ ਹੈ ਕਿ ਇਸ ਵਿਚ ਸੂਖ਼ਮ ਤੋਂ ਸੂਖ਼ਮ ਅਤੇ ਸਥੂਲ ਤੋਂ ਸਥੂਲ ਜੀਵ ਹਨ। ਬ੍ਰਹਮ ਦੀ ਨਜ਼ਰ ਵਿਚ ਇਹ ਸ੍ਰਿਸ਼ਟੀ ਬਹੁਤ ਛੋਟੀ ਹੈ। ਸ੍ਰਿਸ਼ਟੀ ਵਿਚ ਅਨੇਕਾਂ ਬ੍ਰਹਿਮੰਡ ਹਨ। ਬ੍ਰਹਿਮੰਡ ਵਿਚ ਅਨੇਕਾਂ ਪ੍ਰਿਥਵੀਆਂ ਜਾਂ ਗ੍ਰਹਿ ਹਨ। ਪ੍ਰਿਥਵੀ ਤੋਂ ਦੇਸ਼, ਦੇਸ਼ ਤੋਂ ਪ੍ਰਾਂਤ, ਪ੍ਰਾਂਤ ਤੋਂ ਸ਼ਹਿਰ ਬਣੇ ਹਨ। ਜੀਵ ਦੀ ਹੋਂਦ ਬਹੁਤ ਛੋਟੀ ਹੈ। ਉਸ ਜੀਵ ਵਿਚ ਅਨੇਕਾਂ ਟਿਸ਼ੂ ਸੈੱਲ ਹਨ ਜਿਨ੍ਹਾਂ ਨੂੰ ਨੰਗੀ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ। ਸਭ ਪ੍ਰਭੂ ਦੇ ਸਰਗੁਣ ਸਰੂਪ ਦਾ ਹਿੱਸਾ ਹਨ।

ਸੋ ਸ੍ਰਿਸ਼ਟੀ ਸੂਖ਼ਮ ਤੋਂ ਸੂਖ਼ਮ ਜੀਵਣੂ ਭਾਵ ਨੰਗੀ ਅੱਖ ਨਾਲ ਨਾ ਦਿਸਣ ਵਾਲੇ ਜੀਵਾਣੂ ਤੋਂ ਲੈ ਕੇ ਉਸ ਅਕਾਰ ਤੱਕ ਦੇ ਬ੍ਰਹਿਮੰਡ ਤੱਕ ਦਾ ਚੱਕਰ ਹੈ ਜਿਸਦੇ ਅਕਾਰ ਦਾ ਕਿਆਸ ਲਗਾਉਣਾ ਮੁਸ਼ਕਿਲ ਹੈ ਤੇ ਇਸੇ ਸਭ ਦਾ ਕਰਤਾ ਉਹ ਪਰਮਾਤਮਾ ਹੈ। ਪਰਮਾਤਮਾ ਸ੍ਰਿਸ਼ਟੀ ਦੇ ਅਨੇਕ ਰੰਗ, ਰੂਪ, ਅਕਾਰ ਸਿਰਜ ਕੇ ਆਪ ਉਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਵਿਕਾਸ ਅਤੇ ਵਿਨਾਸ਼ ਬ੍ਰਹਮ ਦੀ ਇਕ ਪਲ ਦੀ ਖੇਡ ਹੈ। ਉਹ ਜਦੋਂ ਜਿਸ ਚੀਜ਼ ਨੂੰ ਚਹੁੰਦਾ ਹੈ ਆਪਣੇ ਵਿਚ ਸਮਾ ਲੈਂਦਾ ਹੈ।




ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਦੱਸਦੇ ਹਨ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਈ ਵਾਰ ਵਿਚ ਹੋਈ ਹੈ। ਇਸ ਤੋਂ ਸ੍ਰਿਸ਼ਟੀ ਦੇ ਆਦਿ ਅਤੇ ਅੰਤ ਬਾਰੇ ਕਿਆਸ ਲਗਾਇਆ ਜਾ ਸਕਦਾ ਹੈ।

ਈਸਾਈ ਅਤੇ ਹਿੰਦੂ ਧਰਮ ਵਿਚ ਸਤ ਆਕਾਸ਼ ਅਤੇ ਸਤ ਪਾਤਾਲ ਦਾ ਜ਼ਿਕਰ ਆਉਂਦਾ ਹੈ। ਇਹਨਾਂ ਲੋਕਾਂ ਜਾਂ ਖੰਡਾਂ ਨੂੰ ਤ੍ਰੈਲੋਕੀ ਵੀ ਕਹਿ ਲਿਆ ਜਾਂਦਾ ਹੈ। ਲੋਕ, ਪ੍ਰਲੋਕ ਅਤੇ ਪਾਤਾਲ ਲੋਕ।[10]

ਇਸਲਾਮ ਅਨੁਸਾਰ ਫਰਿਸ਼ਤੇ ਖ਼ੁਦਾ ਦੇ ਨੂਰ ਤੋਂ ਬਣੇ ਹਨ। ਸ਼ੈਤਾਨ ਜਿੰਨ ਆਦਿ ਕੇਵਲ ਅਗਨਿ ਤੋਂ ਬਣੇ ਹਨ ਅਤੇ ਆਦਮੀ ਆਦਿ ਮਿੱਟੀ ਤੋਂ।[11]

ਗੁਰਮਤਿ ਵਿਚ ਇਹ ਕਿਸੇ ਗਿਣਤੀ ਵਿਚ ਸੀਮਤ ਨਹੀਂ। ਗੁਰੂ ਨਾਨਕ ਦੇਵ ਜੀ ਨੇ 'ਲੱਖ ਆਗਾਸਾਂ ਆਗਾਸ, ਪਾਤਾਲਾਂ ਪਾਤਾਲ' ਕਹਿ ਕੇ ਸ੍ਰਿਸ਼ਟੀ ਦੀ ਬੇਅੰਤਤਾ ਵੱਲ ਇਸ਼ਾਰਾ

---

[10] Dr. S.S. Kohli, Outlines of Sikh Thought, p. 43.
[11] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-187.

ਕੀਤਾ ਹੈ ਜਦੋਂ ਕਿ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੀ ਸਾਜੀ ਸ੍ਰਿਸ਼ਟੀ ਵਿਚ ਜੀਵਾਂ ਨੂੰ ਕਰੋੜਾਂ ਦੀ ਗਿਣਤੀ ਵਿਚ ਦੱਸਿਆ ਹੈ। ਇਹ 'ਕਰੋੜਾਂ ਦੀ ਗਿਣਤੀ' ਵੀ ਸ੍ਰਿਸ਼ਟੀ ਦੀ ਬੇਅੰਤਤਾ ਦੀ ਗਵਾਹੀ ਭਰਦੀ ਹੈ। ਗੁਰਮਤਿ ਅਨੁਸਾਰ ਧਰਤੀ ਤੇ ਚਾਰ ਤਰ੍ਹਾਂ ਨਾਲ ਰਚਨਾ ਹੋਈ ਹੈ, ਅੰਡਜ, ਜੇਰਜ, ਸੇਤਜ ਤੇ ਉਤਭੁਜ। ਸੁਖਮਨੀ ਸਾਹਿਬ ਵਿਚ ਵੀ ਇਹ ਵਿਚਾਰਧਾਰਾ ਸਪਸ਼ਟ ਹੁੰਦੀ ਹੈ:

ਅੰਡਜ ਜੇਰਜ ਸੇਤਜ ਉਤਭਜ ਸਭਿ ਵਰਨ ਰੂਪ ਜੀਅ ਜੰਤ ਉਪਾਈਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ. 835)

ਜਾਂ

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ. 1109)

ਇਹਨਾਂ ਸਭ ਤਰ੍ਹਾਂ ਦੇ ਜੀਵਾਂ ਵਿਚ ਰਾਜਸ, ਤਾਮਸ ਤੇ ਸਾਤਕ (ਰਜੋ, ਤਮੋ, ਸਤੋ) ਗੁਣ ਹੁੰਦੇ ਹਨ।ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਝੂਠ ਨਹੀਂ ਸਗੋਂ ਸੱਚ ਹੈ। ਗੁਰੂ ਜੀ ਕਹਿੰਦੇ ਹਨ ਕਿ:

ਆਪਿ ਸਾਚੁ ਧਾਰੀ ਸਭ ਸਾਚੁ॥ (ਅਸਟਪਦੀ 23.7)

ਜਾਂ

ਸਤਿ ਕਰਮੁ ਜਾ ਕੀ ਰਚਨਾ ਸਤਿ
ਮੂਲੁ ਸਤਿ ਸਤਿ ਉਤਪਤਿ॥ (ਅਸਟਪਦੀ 16.6)

ਗੁਰੂ ਜੀ ਸ੍ਰਿਸ਼ਟੀ ਨੂੰ ਸੱਚੀ ਸਵੀਕਾਰ ਦੇ ਹਨ ਪਰ ਨਾਲ ਹੀ ਇਸ ਸ੍ਰਿਸ਼ਟੀ ਦੇ ਜੀਵ ਮਨੁੱਖ ਨੂੰ ਸ੍ਰਿਸ਼ਟੀ ਵਿਚਲੇ ਕੂੜ੍ਹ ਵਰਤਾਰਿਆਂ ਨੂੰ ਮਿੱਥਿਆ ਦਸਦੇ ਹੋਏ ਇਸ ਤੋਂ ਦੂਰ ਰਹਿਣ ਲਈ ਕਹਿੰਦੇ ਹਨ। ਗੁਰੂ ਜੀ ਨੇ ਬ੍ਰਹਮ ਦੇ ਜਗਤ ਪਾਸਾਰੇ ਵਿਚਲੇ ਇਹਨਾਂ ਕੂੜ੍ਹ ਵਰਤਾਰਿਆਂ ਨੂੰ ਹੀ ਮਾਇਆ ਦੱਸਿਆ ਹੈ।

### 3.1.2.1 ਮਾਇਆ:

ਮਾਇਆ ਸ਼ਬਦ ਦੀ ਵਰਤੋਂ ਵੈਦਿਕ ਕਾਲ ਤੋਂ ਹੀ ਹੁੰਦੀ ਆਈ ਹੈ। ਰਿਗਵੇਦ ਵਿਚ ਮਾਇਆ ਸ਼ਬਦ ਅਲੌਕਿਕ ਸ਼ਕਤੀ ਅਤੇ ਅਦਭੁਤ ਕੌਸ਼ਲ ਦੇ ਅਰਥਾਂ ਵਿਚ ਲਿਆ ਹੈ।[12]

[12] S.N. Das Gupta, History of Indian Philosophy (Vol. I), p. 469.

ਉਪਨਿਸ਼ਦ ਵਿਚ ਅਵਿਦਿਆ ਭਰਮ ਤੇ ਪ੍ਰਕ੍ਰਿਤੀ ਨੂੰ ਮਾਇਆ ਕਿਹਾ ਹੈ।[13] ਇਹਨਾਂ ਤਿੰਨਾਂ ਗੁਣਾਂ ਦੇ ਨਾਲ ਗੀਤਾ ਵਿਚ ਮਾਇਆ ਨੂੰ ਭਗਵਾਨ ਕ੍ਰਿਸ਼ਨ ਦੀ ਸ਼ਕਤੀ ਕਿਹਾ ਗਿਆ ਹੈ[14] ਜਦੋਂ ਕਿ ਮਹਾਤਮਾ ਬੁੱਧ ਨੇ ਜਗਤ ਦੇ ਸਭ ਦੁੱਖਾਂ ਦਾ ਕਾਰਨ ਮਾਇਆ ਨੂੰ ਦੱਸਿਆ ਹੈ। ਮਾਇਆ ਦੀ ਰਹੱਸਮਈ ਸ਼ਕਤੀ ਦੁਆਰਾ ਜੀਵ ਦੀ ਆਤਮਾ ਵਿਚ ਅਵਿਦਿਆ ਵਾਸ ਕਰਦੀ ਹੈ ਤੇ ਉਸਨੂੰ ਆਪਣੇ ਵਲਾਂ ਵਿਚ ਫਸਾਈ ਰੱਖਦੀ ਹੈ।[15]

ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਸ਼ਬਦ ਦੀ ਵਰਤੋਂ ਸਿਰਫ਼ ਭੁਲੇਖੇ ਵਾਸਤੇ ਨਹੀਂ ਕੀਤੀ ਗਈ ਸਗੋਂ ਪਦਾਰਥ, ਦੌਲਤ, ਮਨੁੱਖੀ ਖਾਹਸ਼ਾਂ, ਜੋ ਚੀਜ਼ਾਂ ਪਰਮਾਤਮਾ ਨੂੰ ਮਿਲਣ ਦੇ ਰਾਹ ਵਿਚ ਰੁਕਾਵਟਾਂ ਹਨ, ਲਈ ਕੀਤੀ ਗਈ ਹੈ।[16]

ਜਦੋਂ ਜਗਤ ਪਾਸਾਰਾ ਮਨੁੱਖ ਦੇ ਬ੍ਰਹਮ ਨਾਲ ਅਭੇਦਤਾ ਦਾ ਸਾਧਨ ਨਾ ਰਹਿ ਕੇ ਉਦੇਸ਼ ਬਣ ਜਾਂਦਾ ਹੈ ਤਾਂ ਉਹ ਜਗਤ ਪਾਸਾਰਾ ਮਨੁੱਖ ਲਈ ਮਾਇਆ ਬਣ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੇ ਸਰਗੁਣ ਸਰੂਪ ਨੂੰ ਮਾਇਆ ਦਾ ਭਾਵ ਵੀ ਦਿੱਤਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਜਦੋਂ ਸਰਗੁਣ ਸਰੂਪ ਵਿਚ ਪੈਦਾ ਹੋਇਆ ਤਾਂ ਉਸਨੇ ਆਪਣਾ ਵਿਸਥਾਰ ਤਿੰਨ ਗੁਣਾਂ (ਰਜੋ, ਤਮੋ, ਸਤੋ) ਵਿਚ ਕੀਤਾ:

ਆਲ ਜਾਲ ਮਾਇਆ ਜੰਜਾਲ॥
ਹਉਮੈ ਮੋਹ ਭਰਮ ਤੈ ਭਾਰ॥
ਦੂਖ ਸੂਖ ਮਾਨ ਅਪਮਾਨ॥
ਅਨਿਕ ਪ੍ਰਕਾਰ ਕੀਓ ਬਾਖ੍ਯਾਨ॥ (ਅਸਟਪਦੀ 21.7)

ਗੁਰੂ ਜੀ ਦਸਦੇ ਹਨ ਕਿ ਬ੍ਰਹਮ ਨੇ ਜਗਤ ਪਾਸਾਰ ਵਿਚ ਅਨੇਕਾਂ ਮਾਇਆ ਦੇ ਭਰਮ-ਭੁਲੇਖੇ ਪੈਦਾ ਕੀਤੇ ਹਨ। ਗੁਰੂ ਜੀ ਅਜਿਹੇ ਮਨਮੁਖ ਦਾ ਮਾਰਗ ਦਰਸ਼ਨ ਕਰਦੇ ਕਹਿੰਦੇ ਹਨ ਕਿ:

ਮਿਥਿਆ ਤਨੁ ਧਨੁ ਕੁਟੰਬ ਸਬਾਇਆ॥
ਮਿਥਿਆ ਹਉਮੈ ਮਮਤਾ ਮਾਇਆ॥
ਮਿਥਿਆ ਰਾਜ ਜੋਬਨ ਧਨ ਮਾਲ॥

---

[13] ਕਠਉਪਨਿਸ਼ਦ - 1.3.12.
[14] ਭਗਵਤ ਗੀਤਾ - 7.14-14.
[15] Rudolf Otto, Mysiticism East and West, p. 3.
[16] Surinder Singh Kohli, A Critical Study of Adi Granth, p. 339.

ਮਿਥਿਆ ਕਾਮ ਕ੍ਰੋਧ ਬਿਕਰਾਲ॥ (ਅਸਟਪਦੀ 5.4)

ਇਸ ਮਾਇਆ ਤੋਂ ਬਚਣ ਲਈ ਗੁਰੂ ਜੀ ਮਨੁੱਖ ਨੂੰ ਦਸਦੇ ਹਨ ਕਿ ਮਨੁੱਖ ਨੂੰ ਪ੍ਰਭੂ ਦੇ ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ।

ਮੋਹ ਮਾਇਆ ਕੈ ਸੰਗਿ ਨ ਲੇਪੁ॥

ਮਨ ਮਹਿ ਰਾਖੈ ਹਰਿ ਹਰਿ ਏਕ॥ (ਅਸਟਪਦੀ 18.6)

ਇਸ ਤਰ੍ਹਾਂ ਗੁਰੂ ਜੀ ਨੇ ਦੱਸਿਆ ਹੈ ਕਿ ਮਾਇਆ ਬ੍ਰਹਮ ਦੇ ਜਗਤ ਪਾਸਾਰੇ ਦਾ ਪੱਖ ਹੈ। ਜੋ ਬ੍ਰਹਮ ਨੇ ਜੀਵ ਨੂੰ ਪਰਖਣ ਲਈ ਬਣਾਈ ਹੋ ਸਕਦੀ ਹੈ। ਬ੍ਰਹਮ ਦੀ ਇਸ ਪਰਖ ਦੀ ਕਸੋਟੀ ਤੇ ਜੋ ਜੀਵ ਖਰੇ ਉਤਰਦੇ ਹਨ ਭਾਵ ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਉਹ ਗੁਰਮੁਖ ਹਨ ਜੋ ਅੱਗੇ ਜਾ ਕੇ ਬ੍ਰਹਮ ਗਿਆਨੀ ਦੀ ਪਦਵੀ ਪ੍ਰਾਪਤ ਕਰਦੇ ਹਨ ਅਤੇ ਬ੍ਰਹਮ ਨਾਲ ਅਭੇਦ ਹੋ ਜਾਂਦੇ ਹਨ।

ਜੋ ਜੀਵ ਇਹ ਮਾਇਆ ਦੇ ਬੰਧਨਾਂ ਵਿਚ ਬੱਝੇ ਮਾਇਆ ਪਿੱਛੇ ਭਟਕੇ ਫਿਰਦੇ ਰਹਿੰਦੇ ਹਨ ਉਹਨਾਂ ਨੂੰ ਮਨਮੁਖ ਕਿਹਾ ਜਾਂਦਾ ਹੈ ਜੋ ਆਵਾਗਮਨ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਦੇ।

ਸੋ ਸ੍ਰਿਸ਼ਟੀ ਦੀ ਬੇਅੰਤਤਾ ਦਾ ਰਹੱਸ ਸਪੱਸ਼ਟ ਕਰਦੇ ਹੋਏ ਗੁਰੂ ਜੀ ਸ੍ਰਿਸ਼ਟੀ ਵਿਚਲੇ ਜੀਵ ਭਾਵ ਮਨੁੱਖ ਨੂੰ ਸ੍ਰਿਸ਼ਟੀ ਦੇ ਕੂੜ੍ਹ ਫੋਕੇ ਵਰਤਾਰਿਆਂ ਤੋਂ ਦੂਰ ਰਹਿ ਕੇ ਨਾਮ ਸਿਮਰਨ ਦੁਆਰਾ ਬ੍ਰਹਮ ਨਾਲ ਮਿਲਣ ਦੀ ਨਸੀਹਤ ਦਿੰਦੇ ਹਨ। ਉਹੀ ਬ੍ਰਹਮ ਜੀਵ ਦਾ ਅਦਿ ਸੀ ਤੇ ਉਸੇ ਨੇ ਅੰਤ ਹੋਣਾ ਹੈ। ਗੁਰੂ ਜੀ ਨੇ ਬ੍ਰਹਮ ਦਾ ਸਰੂਪ ਸਪੱਸ਼ਟ ਕਰਦਿਆਂ ਮਨੁੱਖ ਨੂੰ ਇਹ ਨਸੀਹਤ ਦਿੱਤੀ ਹੈ ਕਿ ਸਰਬ ਵਿਆਪਕ ਬ੍ਰਹਮ ਦੇ ਅੱਗੇ ਉਸਦੀ (ਮਨੁੱਖ ਦੀ) ਹਸਤੀ ਨਿਗੂਣੀ ਹੈ। ਮਨੁੱਖ ਨੂੰ ਆਪਣੀ ਹਸਤੀ ਸਪੱਸ਼ਟ ਹੋਣ ਤੋਂ ਬਾਅਦ ਉਸ ਦੀ ਹਉਮੈ ਖ਼ਤਮ ਹੁੰਦੀ ਹੈ ਤੇ ਉਹ ਆਪਣੇ ਆਪ ਨੂੰ ਬ੍ਰਹਮ ਦਾ ਹੀ ਇਕ ਅੰਸ਼ ਮੰਨਣਾ ਸ਼ੁਰੂ ਕਰ ਦਿੰਦਾ ਹੈ। ਸੋ ਜੀਵ ਨੂੰ ਉਸ ਬ੍ਰਹਮ ਦੀ ਸੋਝੀ ਦਵਾਉਣ ਦਾ ਯਤਨ ਸੁਖਮਨੀ ਸਾਹਿਬ ਦਾ ਮੂਲ ਉਦੇਸ਼ ਹੈ।

### 3.1.3 ਜੀਵ:

ਬ੍ਰਹਮ ਨੇ ਆਪਣੇ ਆਪ ਵਿਚੋਂ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਸ੍ਰਿਸ਼ਟੀ ਹਮੇਸ਼ਾ ਵਿਕਾਸਸ਼ੀਲ ਰਹੀ ਹੈ। ਇਸ ਵਿਕਾਸ ਦਾ ਮੁੱਖ ਧੁਰਾ ਮਨੁੱਖ ਹੈ। ਮਨੁੱਖ ਸ੍ਰਿਸ਼ਟੀ ਦਾ ਹੀ

ਇਕ ਅੰਗ ਹੈ। ਗੁਰਬਾਣੀ ਵਿਚ ਮਨੁੱਖ ਨੂੰ ਜੀਵ ਕਿਹਾ ਗਿਆ ਹੈ। ਸ੍ਰਿਸ਼ਟੀ ਦੇ ਬਾਕੀ ਜੀਵਾਂ ਨਾਲੋਂ ਮਨੁੱਖ ਨੂੰ ਜੋ ਚੀਜ਼ ਉੱਤਮਤਾ ਦਵਾਉਂਦੀ ਹੈ, ਉਹ ਮਨੁੱਖੀ ਬੁੱਧੀ ਹੈ ਜੋ ਇਸਨੂੰ ਚੇਤਨਤਾ ਤੇ ਸੋਝੀ ਪ੍ਰਦਾਨ ਕਰਦੀ ਹੈ।

ਗੁਰਬਾਣੀ ਵਿਚ ਥਾਂ ਪਰ ਥਾਂ ਆਤਮਾ ਅਤੇ ਪਰਮਾਤਮਾ ਦਾ ਜ਼ਿਕਰ ਮਿਲਦਾ ਹੈ। ਇਸੇ ਆਤਮਾ ਦੇ ਜੀਵੰਤ ਸਰੂਪ ਨੂੰ ਜੀਵ ਜਾਂ ਜੀਵਆਤਮਾ ਕਿਹਾ ਗਿਆ ਹੈ।

ਆਤਮਾ ਸੰਸਕ੍ਰਿਤ ਦੇ ਸ਼ਬਦ 'ਆਤਮਨ' ਤੋਂ ਬਣਿਆ ਜਿਸਦੇ ਕਈ ਅਰਥ ਹਨ – ਆਤਮਾ, ਜੀਵ, ਪਰਮਾਤਮਾ, ਮਨ, ਬੁੱਧੀ, ਸਰੀਰ ਆਦਿ।[17]

ਹਰ ਧਰਮ ਵਿਚ ਆਤਮਾ ਦਾ ਜ਼ਿਕਰ ਮਿਲਦਾ ਹੈ। ਗੀਤਾ ਅਨੁਸਾਰ ਆਤਮਾ ਨਾ ਜੰਮਦੀ ਹੈ ਨਾ ਮਰਦੀ ਹੈ, ਨਾ ਇਹ ਹੋਈ ਹੈ, ਨਾ ਹੈ, ਨਾ ਹੋਏਗੀ। ਅਰਥਾਤ ਤ੍ਰੈਕਾਲ ਅਤੀਤ ਹੈ।[18] ਭਗਵਾਨ ਕ੍ਰਿਸ਼ਨ ਨੇ ਆਤਮਾ ਨੂੰ 'ਸੁਧ ਬੁਧ ਤੇ ਮੁਕਤ' ਆਖਿਆ ਹੈ। ਉਸ ਅਨੁਸਾਰ ਆਤਮਾ ਸਦੀਵੀ ਹੈ। ਉਸ ਨੂੰ ਸ਼ਾਸਤਰ ਕੱਟ ਨਹੀਂ ਸਕਦੇ, ਅੱਗ ਸਾੜ ਨਹੀਂ ਸਕਦੀ, ਪਾਣੀ ਗਿੱਲਾ ਨਹੀਂ ਕਰ ਸਕਦਾ ਤੇ ਹਵਾ ਸੁਕਾ ਨਹੀਂ ਸਕਦੀ।[19]

ਸੋ ਆਤਮਾ ਅਦਿੱਖ ਹੈ ਇਸ ਨੂੰ ਵੇਖਿਆ ਨਹੀਂ ਜਾ ਸਕਦਾ ਸਗੋਂ ਮਹਿਸੂਸ ਕੀਤਾ ਜਾ ਸਕਦਾ ਹੈ। ਮਨੁੱਖੀ ਸਰੀਰ ਨੂੰ ਪੰਜ ਤੱਤਾਂ ਹਵਾ, ਪਾਣੀ, ਅਗਨੀ, ਧਰਤੀ ਅਤੇ ਅਕਾਸ਼ ਦਾ ਬਣਿਆ ਮੰਨਿਆ ਜਾਂਦਾ ਹੈ। ਮਨੁੱਖੀ ਸਰੀਰ ਵਿਚ ਆਤਮਾ ਦਾ ਹੋਣਾ ਬਹੁਤ ਜ਼ਰੂਰੀ ਹੈ।

ਇਸ ਤਰ੍ਹਾਂ ਜੀਵ ਨੂੰ ਦੋ ਤੱਤਾਂ ਆਤਮਾ ਅਤੇ ਸ਼ਰੀਰ ਦਾ ਸੰਗਮ ਕਿਹਾ ਜਾ ਸਕਦਾ ਹੈ। ਆਤਮਾ ਦੇ ਵਿਅਕਤੀਗਤ ਜਾਂ ਜੀਵੰਤ ਸਰੂਪ ਨੂੰ ਜੀਵ ਜਾਂ ਜੀਵਆਤਮਾ ਕਿਹਾ ਗਿਆ ਹੈ।

ਰਾਧਾ ਕਮਲ ਮੁਖਰਜੀ ਅਨੁਸਾਰ, 'ਇਹ ਜੀਵ (ਜੀਵਆਤਮਾ) ਈਥਰ ਵਾਂਗ ਹੈ। ਜਿਵੇਂ ਜਿਸ ਬਰਤਨ ਵਿਚ ਈਥਰ ਰੱਖਿਆ ਹੋਵੇ ਤੇ ਜੇ ਉਹ ਟੁੱਟ ਜਾਵੇ ਤਾਂ ਈਥਰ ਹਵਾ ਵਿਚ ਹਵਾ ਹੋ ਜਾਂਦਾ ਹੈ। ਇਵੇਂ ਜਦੋਂ ਸਰੀਰ ਨਾਸ ਹੋ ਜਾਵੇ ਤਾਂ ਆਤਮਾ-ਜੋਤ ਨਾਲ ਜੋਤ ਰਲੀ ਅਨੁਸਾਰ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ।'[20]

ਸੋ ਪੰਜ ਤੱਤਾਂ ਤੋਂ ਬਣੇ ਸ਼ਰੀਰ ਅਤੇ ਆਤਮਾ ਦੋਹਾਂ ਨੂੰ ਇਕੱਠਿਆਂ ਨੂੰ ਜੀਵਆਤਮਾ ਕਿਹਾ ਜਾਂਦਾ ਹੈ। ਆਤਮਾ ਅਤੇ ਸ਼ਰੀਰ ਦੋਵੇਂ ਇਕ ਦੂਸਰੇ ਦੇ ਪੂਰਕ ਹਨ। ਆਤਮਾ ਨੂੰ ਜੀਵੰਤ ਰੱਖਣ ਲਈ ਖ਼ੁਰਾਕ ਮੁਹੱਈਆ ਕਰਵਾਈ ਜਾਂਦੀ ਹੈ। ਸ਼ਰੀਰ ਨਾਸ਼ਵਾਨ ਹੈ ਪਰ

---

[17] ਸੰਸਕ੍ਰਿਤ ਸ਼ਬਦਾਰਥ ਕੋਸ਼, ਪੰਨਾ-180.
[18] ਭਗਵਤ ਗੀਤਾ -2-20.
[19] ਉਹੀ, ਪੰਨਾ-23.
[20] Radha Kamal Mukharjee, Theory and Art of Misticism, p. 307.

ਆਤਮਾ ਅਮਰ ਹੈ। ਗੁਰਬਾਣੀ ਵਿਚ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਰਸਤਾ ਸੁਝਾਇਆ ਗਿਆ ਹੈ। ਗੁਰਬਾਣੀ ਵਿਚ ਮਨੁੱਖ ਨੂੰ ਹੀ ਦੂਸਰੇ ਜੀਵਾਂ ਨਾਲੋਂ ਸ੍ਰੇਸ਼ਠ ਮੰਨਦਿਆਂ ਜੀਵਆਤਮਾ ਦਾ ਦਰਜਾ ਦਿੱਤਾ ਗਿਆ ਹੈ। ਗੁਰਬਾਣੀ ਵਿਚ ਜੀਵਆਤਮਾ ਨੂੰ ਆਪਣੀ ਸਮਝ ਅਤੇ ਚੇਤੰਨਤਾ ਅਨੁਸਾਰ ਸਹੀ ਮਾਰਗ ਤੇ ਚੱਲ ਕੇ ਸਫ਼ਲ ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਗਿਆ ਹੈ।

ਸਮੁੱਚੀ ਗੁਰਬਾਣੀ ਵਿਚ ਦੋ ਤਰ੍ਹਾਂ ਦੇ ਜੀਵਾਂ/ਮਨੁੱਖਾਂ ਦਾ ਵਰਣਨ ਮਿਲਦਾ ਹੈ ਮਨਮੁਖ ਅਤੇ ਗੁਰਮੁਖ। ਗੁਰਬਾਣੀ ਅਨੁਸਾਰ ਜੀਵਆਤਮਾ ਦਾ ਮੁੱਖ ਉਦੇਸ਼ ਆਤਮਾ ਨੂੰ ਸੋਧ ਕੇ ਪਰਮਾਤਮਾ ਦੇ ਲੜ ਲਾਉਣਾ ਹੈ ਕਿਉਂਕਿ ਸਾਰੀ ਸ੍ਰਿਸ਼ਟੀ ਪਰਿਵਰਤਨਸ਼ੀਲ ਤੇ ਨਾਸ਼ਵਾਨ ਹੈ। ਇਹ ਕੁਦਰਤੀ ਪ੍ਰਵਾਹ ਵਿਚ ਵਿਕਾਸ ਵਿਨਾਸ਼ ਦੇ ਚੱਕਰ ਵਿਚ ਚੱਲਦੀ ਰਹਿੰਦੀ ਹੈ। ਗੁਰਬਾਣੀ ਵਿਚ ਸੰਸਾਰਿਕ ਰਿਸ਼ਤਿਆਂ, ਫੋਕੇ ਅਤੇ ਅਸਥਾਈ ਕਹਿ ਕੇ ਜੀਵ ਨੂੰ ਇਹਨਾਂ ਦੇ ਮੋਹ ਵਿਚ ਨਾ ਪੈਣ ਲਈ ਸੁਚੇਤ ਕਰਦਿਆਂ ਸੰਸਾਰਿਕ ਝਮੇਲਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਇਸਦਾ ਜ਼ਿਕਰ ਸੁਖਮਨੀ ਸਾਹਿਬ ਵਿਚ ਕੀਤਾ ਹੈ:

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥
ਮਿਥਿਆ ਹਉਮੈ ਮਮਤਾ ਮਾਇਆ॥
ਮਿਥਿਆ ਰਾਜ ਜੋਬਨ ਧਨ ਮਾਲ॥
ਮਿਥਿਆ ਕਾਮ ਕ੍ਰੋਧ ਬਿਕਰਾਲ॥
ਮਿਥਿਆ ਰਥ ਹਸਤ ਅਸ੍ਵ ਬਸਤ੍ਰਾ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥
ਮਿਥਿਆ ਧ੍ਰੋਹ ਮੋਹ ਅਭਿਮਾਨ॥
ਮਿਥਿਆ ਆਪਸ ਊਪਰਿ ਕਰਤ ਗੁਮਾਨੁ॥
ਅਸਥਿਰੁ ਭਗਤਿ ਸਾਧ ਕੀ ਸਰਨ॥
ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥ (ਅਸਟਪਦੀ 5.4)

ਸੋ ਗੁਰੂ ਜੀ ਜੀਵ ਨੂੰ ਇਹਨਾਂ ਤੋਂ ਦੂਰ ਰਹਿ ਕੇ ਆਤਮਾ ਨੂੰ ਪਰਮਾਤਮਾ ਨਾਲ ਮੇਲਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵੀ ਜੀਵ ਦੇ ਦੋਹੇਂ ਰੂਪਾਂ ਗੁਰਮੁਖ ਤੇ ਮਨਮੁਖ ਦਾ ਵਰਣਨ ਕੀਤਾ ਹੈ।

### 3.1.3 **ਗੁਰਮੁਖ:**

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਗੁਰਮੁਖ ਜੀਵ ਦੀ ਵਿਆਖਿਆ ਬਾਖੂਬੀ ਕੀਤੀ ਹੈ। ਗੁਰੂ ਜੀ ਅਨੁਸਾਰ ਗੁਰਮੁਖ ਉਹ ਜੀਵ ਹਨ ਜੋ ਮਨ ਨੂੰ ਸੋਧਣ ਦੇ ਰਸਤੇ ਪਏ ਹਨ ਜਾਂ ਜਿਨ੍ਹਾਂ ਨੇ ਮਨ ਨੂੰ ਸੋਧ ਲਿਆ ਹੈ। ਜੋ ਗੁਰੂ ਦੇ ਲੜ ਲੱਗ ਕੇ ਜੀਵਨ ਨੂੰ ਸਹੀ ਮਾਰਗ ਤੇ ਤੋਰਦੇ, ਪਰਮਾਤਮਾ ਨਾਲ ਮਿਲਣ ਦਾ ਯਤਨ ਕਰਦੇ ਹਨ। ਇਹ ਘਾਲਣਾ ਔਖੀ ਹੈ ਜਿਸ ਤੇ ਦ੍ਰਿੜ ਨਿਸ਼ਚੇ ਵਾਲਾ ਜੀਵ ਹੀ ਪਹੁੰਚ ਸਕਦਾ ਹੈ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਗੁਰਮੁਖਾਂ ਦੇ ਕਈ ਸਰੂਪ ਦੱਸੇ ਹਨ ਜਿਵੇਂ:

#### 1) **ਸੇਵਕ:**

ਗੁਰੂ ਜੀ ਅਨੁਸਾਰ ਰੱਬ ਨੂੰ ਪਾਉਣ ਦਾ ਸਭ ਤੋਂ ਆਰੰਭਕ ਯਤਨ ਮਨ ਵਿਚ ਹਲੀਮੀਂ ਤੇ ਨਿਮਰਤਾ ਲਿਆ ਕੇ ਸੇਵਾ ਭਾਵਨਾ ਨਾਲ ਪਰਮਾਤਮਾ ਦੇ ਲੜ ਲੱਗਣਾ ਹੈ। ਸੇਵਕ ਦੇ ਮਨ ਵਿਚ ਹਉਮੈ ਦੀ ਭਾਵਨਾ ਨਹੀਂ ਹੋਣੀ ਚਾਹੀਦੀ। ਗੁਰੂ ਅਰਜਨ ਦੇਵ ਜੀ ਇਸ ਬਾਰੇ ਕਹਿੰਦੇ ਹਨ ਕਿ:

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤੁ ਪਰਾਪਤਿ ਸੁਆਮੀ॥ (ਅਸਟਪਦੀ 18.2)

ਸੋ ਮਨੁੱਖ ਆਪਣੇ ਮਨ ਅੰਦਰ ਹਲੀਮੀ ਤੇ ਨਿਮਰਤਾ ਦੇ ਭਾਵ ਲਿਆ ਕੇ ਗੁਰੂ ਦੇ ਲੜ ਲੱਗ ਕੇ ਪਰਮਾਤਮਾ ਦੇ ਨਾਮ ਦਾ ਜਾਪ ਕਰਦਾ ਹੈ। ਉਸਦੇ ਮਾੜੇ ਗੁਣ ਦੂਰ ਕਰਕੇ ਪਰਮਾਤਮਾ ਉਸ ਦਾ ਪਾਰ ਉਤਾਰਾ ਕਰਦਾ ਹੈ। ਸੁਖਮਨੀ ਵਿਚ ਇਸ ਬਾਰੇ ਦੱਸਿਆ ਗਿਆ ਹੈ:

ਸੇਵਕ ਕੀ ਮਨਸਾ ਪੂਰੀ ਭਈ॥
ਸਤਿਗੁਰ ਤੇ ਨਿਰਮਲ ਮਤਿ ਲਈ॥
ਜਨ ਕਉ ਪ੍ਰਭੁ ਹੋਇਓ ਦਇਆਲੁ॥
ਸੇਵਕੁ ਕੀਨੋ ਸਦਾ ਨਿਹਾਲੁ॥
ਬੰਧਨ ਕਾਟਿ ਮੁਕਤਿ ਜਨੁ ਭਇਆ॥
ਜਨਮ ਮਰਨ ਦੂਖੁ ਭ੍ਰਮੁ ਗਇਆ॥
ਇਛ ਪੁਨੀ ਸਰਧਾ ਸਭ ਪੂਰੀ॥
ਰਵਿ ਰਹਿਆ ਸਦ ਸੰਗਿ ਹਜੂਰੀ॥

ਜਿਸ ਕਾ ਸਾ ਤਿਨਿ ਲੀਆ ਮਿਲਾਇ॥

ਨਾਨਕ ਭਗਤੀ ਨਾਮਿ ਸਮਾਇ॥ (ਅਸਟਪਦੀ 20.3)

ਸੋ ਨਿਸ਼ਕਾਮ ਸੇਵਾ ਭਾਵਨਾ ਨਾਲ ਬਿਨਾਂ ਕਿਸੇ ਫ਼ਲ ਦੀ ਇੱਛਾ ਕੀਤਿਆਂ ਨਾਮ ਜਪਣ ਨਾਲ ਸੇਵਕ ਨੂੰ ਸਭ ਬੰਧਨਾਂ ਤੋਂ ਮੁਕਤੀ ਮਿਲਦੀ ਹੈ ਤੇ ਉਸਦੀ ਸੇਵਾ ਨੂੰ ਫ਼ਲ ਲਗਦਾ ਹੈ। ਪਰਮਾਤਮਾ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਦਾ ਸਭ ਤੋਂ ਪਹਿਲਾ ਕੰਮ ਸੇਵਾ ਕਰਨ ਦਾ ਦੱਸਿਆ ਹੈ। ਨਿਮਰਤਾ ਨਾਲ ਮਨ ਵਿਚ ਗਰੀਬੀ ਵਸਾ ਕੇ ਜੋ ਜੀਵ ਗੁਰੂ ਦੀ ਸੇਵਾ ਕਰਦਾ ਹੈ ਉਸਨੂੰ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।

**2) ਭਗਤ:**

ਸੁਖਮਨੀ ਸਾਹਿਬ ਵਿਚ ਗੁਰਮੁਖ ਦਾ ਇਕ ਰੂਪ ਭਗਤ ਵੀ ਬਿਆਨ ਕੀਤਾ ਗਿਆ ਹੈ। ਭਗਤ ਤੋਂ ਭਾਵ ਜੋ ਭਗਤੀ ਕਰੇ ਜੋ ਸੱਚੇ ਮਨ ਨਾਲ ਨਾਮ ਸਿਮਰਨ ਕਰੇ। ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰੇ ਅਤੇ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਵੇ। ਅਜਿਹਾ ਜੀਵ ਹੀ ਸੱਚਾ ਭਗਤ ਹੈ:

ਆਦਿ ਪੁਰਖ ਕਾਰਣ ਕਰਤਾਰ॥

ਭਗਤ ਜਨਾ ਕੇ ਪ੍ਰਾਨ ਅਧਾਰ॥

ਜੋ ਜੋ ਜਪੈ ਸੁ ਹੋਇ ਪੁਨੀਤ॥

ਭਗਤਿ ਭਾਇ ਲਾਵੈ ਮਨ ਹੀਤ॥ (ਅਸਟਪਦੀ 20.7)

ਇਸ ਤਰ੍ਹਾਂ ਪਰਮਾਤਮਾ ਦਾ ਸੱਚਾ ਭਗਤ ਹਮੇਸ਼ਾ ਤੋਂ ਉਸਦੇ ਮਨ ਦਾ ਆਸਰਾ ਮੰਗਦਾ ਹੈ। ਪ੍ਰਭੂ ਭਗਤੀ ਹੀ ਮਨੁੱਖ ਦਾ ਆਸਰਾ ਹੈ:

ਗੁਰ ਕੀ ਮਤਿ ਤੂੰ ਲੇਹਿ ਇਆਨੇ॥

ਭਗਤਿ ਬਿਨਾ ਬਹੁ ਡੂਬੇ ਸਿਆਨੇ॥

ਹਰਿ ਕੀ ਭਗਤਿ ਕਰਹੁ ਮਨ ਮੀਤ॥

ਨਿਰਮਲ ਹੋਇ ਤੁਮ੍ਾਰੋ ਚੀਤ॥ (ਅਸਟਪਦੀ 19.6)

ਗੁਰੂ ਜੀ ਫੋਕੇ ਧਾਰਮਿਕ ਪਾਖੰਡਾਂ ਨੂੰ ਨਿੰਦਦੇ ਹੋਏ ਸੱਚੇ ਮਨ ਨਾਲ ਭਗਤੀ ਕਰਨ ਦਾ ਸੰਦੇਸ਼ ਦਿੰਦੇ ਹਨ ਅਤੇ ਅਜਿਹੇ ਭਗਤਾਂ ਨੂੰ ਨਿੰਦਦੇ ਹਨ ਜੋ ਵਿਖਾਵੇ ਲਈ ਭਗਤੀ ਕਰਦੇ ਹਨ। ਜਿਵੇਂ:

ਕਰਤੂਤਿ ਪਸੂ ਕੀ ਮਾਨਸ ਜਾਤਿ॥
ਲੋਕ ਪਚਾਰਾ ਕਰੈ ਦਿਨ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥
ਛਪਸਿ ਨਾਹਿ ਕਛੁ ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥
ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥
ਗਲਿ ਪਾਥਰ ਕੈਸੇ ਤਰੈ ਅਥਾਹ॥ (ਅਸਟਪਦੀ 4.5)

ਸੋ ਅਜਿਹੇ ਬਾਹਰੀ ਵਿਖਾਵੇ ਤੇ ਪਾਖੰਡਾਂ ਤੋਂ ਦੂਰ ਰਹਿ ਕੇ ਗੁਰੂ ਜੀ ਭਗਤ ਨੂੰ ਸੱਚੇ ਮਨ ਨਾਲ ਨਾਮ ਸਿਮਰਨ ਕਰਨ ਦੀ ਨਸੀਹਤ ਦਿੰਦੇ ਹਨ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਭਗਾਉਤੀ, ਪੰਡਤ, ਬੈਸਨੋ ਤੇ ਰਾਮਦਾਸ ਜਿਹੇ ਭਗਤਾਂ ਬਾਰੇ ਦੱਸਿਆ ਹੈ ਕਿ ਸੱਚੇ ਮਨ ਨਾਲ ਵਿਖਾਵੇ ਤੇ ਫੋਕੇ ਕਰਮ-ਕਾਂਡਾਂ ਤੋਂ ਦੂਰ ਰਹਿ ਕੇ ਭਗਤੀ ਕਰਨ ਵਾਲਾ ਹੀ ਸੱਚਾ ਭਗਤ ਹੈ:

**(i) ਭਗਉਤੀ:**

ਭਗਉਤੀ ਤੋਂ ਭਾਵ ਭਗਵਾਨ ਦੀ ਪੂਜਾ ਸਾਧਨਾ ਕਰਨ ਵਾਲਾ ਭਗਤ। ਗੁਰੂ ਜੀ ਸੁਖਮਨੀ ਸਾਹਿਬ ਵਿਚ ਭਗਉਤੀ ਮਤ ਦੇ ਧਾਰਨ ਕਰਨ ਵਾਲਿਆਂ ਨੂੰ ਉਪਦੇਸ਼ ਦਿੰਦੇ ਹਨ ਕਿ ਜੋ ਬੁਰੇ ਕਰਮਾਂ ਦਾ ਤਿਆਗ ਕਰਕੇ ਤਨ, ਮਨ ਨਾਲ ਬ੍ਰਹਮ ਦੀ ਭਗਤੀ ਕਰਦਾ ਹੈ, ਉਹੀ ਸੱਚਾ ਭਗਾਉਤੀ ਹੈ:

ਭਗਵੰਤ ਕੀ ਟਹਲ ਕਰੈ ਨਿਤ ਨੀਤਿ॥
ਮਨੁ ਤਨੁ ਅਰਪੈ ਬਿਸਨ ਪਰੀਤਿ॥
ਹਰਿ ਕੇ ਚਰਨ ਹਿਰਦੈ ਬਸਾਵੈ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ (ਅਸਟਪਦੀ 9.3)

ਗੁਰੂ ਜੀ ਭਗਉਤੀ ਨੂੰ ਦੁਸ਼ਟ ਵਿਅਕਤੀਆਂ ਦਾ ਸੰਗ ਛੱਡ ਕੇ ਤੇ ਉਪਰੀ ਵਿਖਾਵੇ ਛੱਡ ਕੇ ਸੱਚੇ ਮਨ ਨਾਲ ਪ੍ਰਭੂ ਦੀ ਭਗਤੀ ਕਰਨ ਦੀ ਸਲਾਹ ਦਿੰਦੇ ਹਨ।

**(ii) ਪੰਡਤ:**

ਸੁਖਮਨੀ ਸਾਹਿਬ ਵਿਚ ਗੁਰੂ ਜੀ ਆਪਣੇ ਆਪ ਨੂੰ ਪੰਡਿਤ ਅਖਵਾਉਣ ਵਾਲਿਆਂ ਨੂੰ ਵੀ ਨਸੀਹਤ ਦਿੰਦੇ ਹਨ ਕਿ ਜੋ ਭਗਤ ਪਰਮਾਤਮਾ ਨੂੰ ਸਰਬ ਵਿਆਪਕ ਜਾਣਦਾ ਹੋਇਆ ਸਭ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਪਰਮਾਤਮਾ ਦੇ ਨਾਮ ਦਾ ਉਪਦੇਸ਼ ਦਿੰਦੇ ਹੈ ਉਹੀ ਸੱਚਾ ਪੰਡਿਤ ਹੈ:

ਸੋ ਪੰਡਤ ਜੋ ਮਨੁ ਪਰਬੋਧੈ॥
ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥
ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ॥ (ਅਸਟਪਦੀ 9.4)

ਗੁਰੂ ਜੀ ਅਨੁਸਾਰ ਜੋ ਭਗਤ ਮਨ ਅਤੇ ਆਤਮਾ ਨਾਲ ਰਾਮ ਨਾਮ ਦੀ ਭਗਤੀ ਕਰਦਾ ਹੈ ਤੇ ਆਪ ਉਸ ਰਾਮ ਨਾਮ ਦੇ ਉਪਦੇਸ਼ ਮਨ ਵਿਚ ਵਸਾਉਂਦਾ ਹੈ ਅਜਿਹਾ ਪੰਡਤ ਹੀ ਦੂਸਰਿਆਂ ਨੂੰ ਉਪਦੇਸ਼ ਦੇਣ ਯੋਗ ਹੈ। ਅਜਿਹਾ ਪੰਡਤ ਹੀ ਜੰਮਣ-ਮਰਨ ਦੇ ਚੱਕਰ ਤੋਂ ਮੁਕਤੀ ਪਾਉਂਦਾ ਹੈ ਜੋ ਵੇਦਾਂ, ਸਿਮਰਤੀਆਂ, ਪੁਰਾਣਾਂ ਵਿਚਲੇ ਮੂਲ ਭਾਵ ਬ੍ਰਹਮ ਨੂੰ ਸਮਝ ਲੈਂਦਾ ਹੈ।

**(iii) ਬੈਸਨੋ:**

ਬੈਸਨੋ ਭਾਵ ਵਿਸ਼ਨੂੰ ਦਾ ਉਪਾਸ਼ਕ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਵਿਸ਼ਨੂੰ ਦੇ ਉਪਾਸ਼ਕ ਨੂੰ ਵੀ ਮਾਇਆ ਤੋਂ ਦੂਰ ਰਹਿ ਕੇ ਨਿਸ਼ਕਾਮ ਕਰਮ ਕਰਨ ਦੀ ਨਸੀਹਤ ਦਿੱਤੀ ਹੈ ਤਾਂ ਹੀ ਸਹੀ ਅਰਥਾਂ ਵਿਚ ਵਿਸ਼ਨੂੰ ਭਾਵ ਬ੍ਰਹਮ ਨੂੰ ਖੁਸ਼ ਕੀਤਾ ਜਾ ਸਕਦਾ ਹੈ:

ਬੈਸਨੋ ਸੁ ਜਿਸੁ ਊਪਰਿ ਸੁਪ੍ਰਸੰਨ॥
ਬਿਸਨ ਕੀ ਮਾਇਆ ਤੇ ਹੋਇ ਭਿੰਨ॥
ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀ ਬਾਛੈ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ॥ (ਅਸਟਪਦੀ 9.2)

ਗੁਰੂ ਜੀ ਨੇ ਵਿਸ਼ਨੂੰ ਦੇ ਉਪਾਸ਼ਕ ਭਗਤ ਨੂੰ ਫੋਕੇ ਕਰਮਕਾਂਡਾਂ ਤੋਂ ਦੂਰ ਰਹਿ ਕੇ ਨਿਰਮਲ ਹਿਰਦੇ ਨਾਲ ਭਗਤੀ ਕਰਨ ਦੀ ਨਸੀਹਤ ਦਿੱਤੀ ਹੈ। ਗੁਰੂ ਜੀ ਅਨੁਸਾਰ ਅਜਿਹਾ ਕਰਨ ਨਾਲ ਹੀ ਉਹ ਭਗਤ ਅਸਲੀ ਬੈਸਨੋ ਬਣ ਸਕਦਾ ਹੈ। ਸੱਚਾ ਬੈਸਨੋ ਉਹ ਹੈ ਜੋ ਬਿਨਾਂ ਕਿਸੇ ਫਲ ਦੀ ਇੱਛਾ ਕੀਤੇ ਬਿਨਾਂ ਪ੍ਰਭੂ ਦੀ ਭਗਤੀ ਵਿਚ ਰੰਗਿਆ ਰਹਿੰਦਾ ਹੈ, ਉਹ ਆਪਣੇ ਨਾਲ-ਨਾਲ ਦੂਸਰਿਆਂ ਨੂੰ ਵੀ ਇਸੇ ਤਰ੍ਹਾਂ ਨਾਮ ਜਪਣ ਦਾ ਉਪਦੇਸ਼ ਦਿੰਦਾ ਹੈ।

**(iv) ਰਾਮਦਾਸ:**

ਰਾਮਦਾਸ ਭਾਵ ਰਾਮਦਾਸੀਆ ਜਾਂ ਰਾਮ ਦਾ ਉਪਾਸ਼ਕ। ਪੰਡਿਤ ਗਿਆਨੀ ਨਰਾਇਣ ਸਿੰਘ ਅਨੁਸਾਰ,

> 'ਉਸ ਸਮੇਂ ਪੈਰਾਂ ਨੂੰ ਘੁੰਘਰੂ ਬੰਨ੍ਹ ਕੇ ਮੂਰਤੀਆਂ ਅੱਗੇ ਨਾਚ ਕਰਨ ਵਾਲੇ ਨੂੰ 'ਰਾਮਦਾਸੀਆ' ਕਿਹਾ ਜਾਂਦਾ ਸੀ। ਪਰ ਉਸ ਨਾਲ ਮਨ ਦਾ ਟਿਕਾਉ ਹੋਣਾ ਕਠਿਨ ਸੀ। ਅੰਤ ਨੂੰ ਇਹ ਲੋਕ ਦਿਖਾਵਾ ਕਰਕੇ ਪੈਸੇ ਇਕੱਠੇ ਕਰਨ ਦਾ ਢੰਗ ਹੀ ਬਣ ਗਿਆ ਸੀ। ਮਾਨਸਿਕ ਅਤੇ ਇਖਲਾਕੀ ਤੌਰ 'ਤੇ ਭੀ ਇਸ ਵਿਚ ਕਈ ਖ਼ਰਾਬੀਆਂ ਆ ਗਈਆਂ ਸਨ।'[21]

ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਰਾਮਦਾਸੀਏ ਦੇ ਭਾਵ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਜਿਸਦਾ ਮਨ ਪਰਮਾਤਮਾ ਨਾਲ ਜੁੜਿਆ ਹੋਵੇ ਉਹੀ ਸੱਚਾ ਰਾਮਦਾਸ ਹੈ। ਅਜਿਹਾ ਰਾਮਦਾਸ ਪਰਮਾਤਮਾ ਨੂੰ ਹਮੇਸ਼ਾ ਆਪਣੇ ਅੰਗ-ਸੰਗ ਜਾਣਦਾ ਹੈ:

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥
ਤਿਸ ਕਾ ਨਾਮੁ ਸਤਿ ਰਾਮਦਾਸੁ॥
ਆਤਮ ਰਾਮੁ ਤਿਸੁ ਨਦਰੀ ਆਇਆ॥
ਦਾਸ ਦਸੰਤਣ ਭਾਇ ਤਿਨਿ ਪਾਇਆ॥
ਸਦਾ ਨਿਕਟਿ ਨਿਕਟਿ ਹਰਿ ਜਾਨੁ॥
ਸੋ ਦਾਸੁ ਦਰਗਹ ਪਰਵਾਨੁ॥
ਆਪੁਨੇ ਦਾਸ ਕਉ ਆਪਿ ਕਿਰਪਾ ਕਰੈ॥
ਤਿਸੁ ਦਾਸ ਕਉ ਸਭ ਸੋਝੀ ਪਰੈ॥
ਸਗਲ ਸੰਗਿ ਆਤਮ ਉਦਾਸੁ॥
ਐਸੀ ਜੁਗਤਿ ਨਾਨਕ ਰਾਮਦਾਸੁ॥ (ਅਸਟਪਦੀ 9.6)

[21] ਪੰਡਿਤ ਗਿ: ਨਰੈਣ ਸਿੰਘ, ਸੁਖਮਨੀ ਸਾਹਿਬ ਸਟੀਕ, ਪੰਨਾ-437.

ਗੁਰੂ ਜੀ ਅਨੁਸਾਰ ਜਿਸ ਭਗਤ ਨੇ ਦਾਸਾਂ ਵਾਲੀ ਨਿਮਰਤਾ ਭਾਵਨਾ ਨਾਲ ਪਰਮਾਤਮਾ ਨੂੰ ਪਾਇਆ ਹੈ ਅਤੇ ਜੋ ਹਮੇਸ਼ਾ ਉਸ ਪਰਮਾਤਮਾ ਨੂੰ ਆਪਣੇ ਨੇੜੇ ਜਾਣਦਾ ਹੈ, ਆਪਣੇ ਅਜਿਹੇ ਦਾਸ ਉਪਰ ਪਰਮਾਤਮਾ ਕਿਰਪਾ ਕਰਦਾ ਹੈ। ਅਜਿਹਾ ਸੱਚਾ ਪੁਰਸ਼ ਹੀ ਸੱਚਾ ਰਾਮਦਾਸ ਹੈ।

ਗੁਰੂ ਜੀ ਅਨੁਸਾਰ ਜੋ ਭਗਤ ਪਰਮਾਤਮਾ ਦੇ ਹੁਕਮ ਨੂੰ ਸੱਚੇ ਮਨ ਨਾਲ ਮੰਨਦਾ ਹੈ, ਹਰ ਵਕਤ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੈ, ਆਪ ਨਿਰਸੁਆਰਥ ਪਰਮਾਤਮਾ ਦਾ ਨਾਮ ਜਪਦਾ ਹੈ ਅਤੇ ਦੂਸਰਿਆਂ ਨੂੰ ਜਪਾਉਂਦਾ ਹੈ ਉਹੀ ਸੱਚਾ ਭਗਤ ਹੈ।

3) **ਸਾਧ ਜਾਂ ਸੰਤ:**

ਸਾਧ ਭਾਵ ਜਿਸਨੇ ਆਪਣੇ ਪੰਜ ਵਿਕਾਰਾਂ ਜਾਂ ਪੰਜ ਇੰਦਰੀਆਂ ਨੂੰ ਕਾਬੂ ਕਰਕੇ ਆਪਣੇ ਆਪ ਨੂੰ ਸਾਧ ਲਿਆ ਹੈ। ਜਿਸ ਗੁਰਮੁਖ ਜੀਵ ਨੇ ਪਰਮਾਤਮਾ ਦੇ ਨਾਮ ਦੀ ਸਿਫ਼ਤ ਆਪਣੇ ਮਨ ਵਿਚ ਵਸਾ ਲਈ ਹੈ ਉਹੀ ਸੱਚਾ ਸਾਧ ਹੈ। ਸੰਤ ਵੀ ਸਾਧ ਦਾ ਹੀ ਰੂਪ ਹੈ ਜੋ ਪਰਮਾਤਮਾ ਦੇ ਨਾਮ ਦੇ ਸਹਾਰੇ ਨਾਲ ਦੁਖ-ਸੁਖ, ਚੰਗੇ-ਬੁਰੇ ਦੀ ਭਾਵਨਾ ਤੋਂ ਉਪਰ ਉਠ ਗਿਆ ਹੈ। ਸਾਹਿਬ ਸਿੰਘ ਅਰਸ਼ੀ ਅਨੁਸਾਰ,

> 'ਸਾਧੂ ਜਾਂ ਸੰਤ ਨੂੰ ਗੁਰਬਾਣੀ ਵਿਚ ਉੱਚੀ ਪਦਵੀ ਬਖਸ਼ੀ ਗਈ ਹੈ। ਉਨ੍ਹਾਂ ਦੀ ਸੰਗਤ ਚੋਰਾਂ, ਡਾਕੂਆਂ ਨੂੰ ਵੀ ਤਾਰ ਦਿੰਦੀ ਹੈ। ਸੱਜਣ ਠੱਗ ਵਰਗੇ ਗੁਰੂ ਨਾਨਕ ਦੇਵ ਜੀ ਦੀ ਇਕੋ ਰਾਤ ਸੰਗਤ ਨਾਲ ਤਰ ਗਏ। ਭਾਈ ਬਿਧੀ ਚੰਦ ਵਰਗੇ ਚੋਰ ਸਤ ਸੰਗਤ ਦੁਆਰਾ ਸਦਾ ਲਈ ਬਖਸ਼ੇ ਗਏ। ਬਾਲਮੀਕ ਵਰਗੇ ਰਾਹ ਮਾਰ ਵੀ ਸੰਤਾਂ ਦੀ ਸਗੰਤ ਕਰਕੇ ਰਿਸ਼ੀ ਦੀ ਮਹਾਨ ਤੇ ਉੱਚਤਮ ਪਦਵੀ ਪ੍ਰਾਪਤ ਕਰਕੇ ਜਨਮ ਸਫ਼ਲ ਕਰ ਗਏ।'[22]

ਗੁਰੂ ਜੀ ਅਨੁਸਾਰ ਅਜਿਹੇ ਪੁਰਸ਼ਾਂ ਦੇ ਲੜ ਲੱਗ ਕੇ ਜੀਵਆਤਮਾ ਦਾ ਪਾਰਉਤਾਰਾ ਹੁੰਦਾ ਹੈ। ਕਿਉਂਕਿ ਉਹੀ ਮਹਾਂਪੁਰਸ਼ ਨਾਮ ਸਿਮਰਨ ਦੁਆਰਾ ਗੁਰੂ ਦੇ ਦਰਸਾਏ ਮਾਰਗ ਤੇ ਚੱਲਦੇ ਹਨ ਜਿਨ੍ਹਾਂ ਨੂੰ ਪ੍ਰਭੂ ਮਿਲਣ ਦੀ ਤਾਂਘ ਹੁੰਦੀ ਹੈ। ਅਜਿਹੇ ਵਿਅਕਤੀ ਆਪ ਤਾਂ ਤਰਦੇ ਹੀ ਹਨ ਸਗੋਂ ਦੂਜਿਆਂ ਨੂੰ ਵੀ ਤਾਰ ਲੈਂਦੇ ਹਨ। ਸੁਖਮਨੀ ਸਾਹਿਬ ਦੀ ਸੱਤਵੀਂ ਅਸਟਪਦੀ ਵਿਚ ਸਾਧ ਦੀ ਮਹਿਮਾ ਬਿਆਨ ਕੀਤੀ ਗਈ ਹੈ:

---

[22] ਸਾਹਿਬ ਸਿੰਘ ਅਰਸ਼ੀ, ਸੁਖਮਨੀ ਸਾਹਿਬ: ਆਲੋਚਨਾਤਮਕ ਅਧਿਐਨ, ਪੰਨਾ-54.

ਸਾਧ ਕੈ ਸੰਗਿ ਮੁਖ ਊਜਲ ਹੋਤਿ॥

ਸਾਧਸੰਗਿ ਮਲੁ ਸਗਲੀ ਖੋਤ॥

ਸਾਧ ਕੈ ਸੰਗਿ ਮਿਟੈ ਅਭਿਮਾਨੁ॥

ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥

ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥

ਸਾਧਸੰਗਿ ਸਭੁ ਹੋਤ ਨਿਬੇਰਾ॥

ਸਾਧ ਕੈ ਸੰਗਿ ਪਾਏ ਨਾਮ ਰਤਨੁ॥

ਸਾਧ ਕੈ ਸੰਗਿ ਏਕ ਊਪਰਿ ਜਤਨੁ॥

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥

ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥ (ਅਸਟਪਦੀ 7.1)

ਸੁਖਮਨੀ ਸਾਹਿਬ ਅਨੁਸਾਰ ਸਾਧ ਦੀ ਸੰਗਤ ਨਾਲ ਪੰਜ ਵਿਕਾਰ ਦੂਰ ਹੁੰਦੇ ਹਨ। ਸਾਧ ਦੀ ਸੰਗਤ ਨਾਲ ਹਉਮੈ ਮਿਟ ਜਾਂਦੀ ਹੈ ਅਤੇ ਮਨ ਸਹਜ ਜਾਂ ਟਿਕਾਉ ਦੀ ਅਵਸਥਾ ਵਿਚ ਆ ਜਾਂਦਾ ਹੈ। ਮੋਹ, ਮਮਤਾ, ਮਾਇਆ ਤੋਂ ਛੁਟਕਾਰਾ ਹੁੰਦਾ ਹੈ। ਗੁਰੂ ਜੀ ਅਨੁਸਾਰ ਸਾਧ ਦੀ ਸੰਗਤ ਨਾਲ ਬੁਰਾਈ ਮਿਟਦੀ ਹੈ ਅਤੇ ਮਨੁੱਖ ਪਰਮਾਤਮਾ ਨੂੰ ਪਾ ਲੈਂਦਾ ਹੈ:

ਸਾਧ ਸੰਗਿ ਕਿਸ ਸਿਉ ਨਹੀ ਬੈਰੁ॥

ਸਾਧ ਕੈ ਸੰਗਿ ਨ ਬੀਗਾ ਪੈਰੁ॥

ਸਾਧ ਕੈ ਸੰਗਿ ਨਾਹੀ ਕੋ ਮੰਦਾ॥

ਸਾਧਸੰਗਿ ਜਾਨੇ ਪਰਮਾਨੰਦਾ॥ (ਅਸਟਪਦੀ 7.3)

ਸਾਧ ਦੀ ਸੰਗਤ ਨਾਲ ਮਨੁੱਖ ਆਪ ਤਾਂ ਤਰਦਾ ਹੀ ਹੈ ਸਗੋਂ ਨਾਲ ਦੂਸਰਿਆਂ ਨੂੰ ਵੀ ਤਾਰ ਲੈਂਦਾ ਹੈ:

ਸਾਧ ਕੈ ਸੰਗਿ ਸਭ ਕੁਲ ਉਧਾਰੈ॥

ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥ (ਅਸਟਪਦੀ 7.5)

ਸਾਧ ਦੀ ਸੰਗਤ ਨਾਲ ਪਰਮਾਤਮਾ ਨਾਲ ਲਿਵ ਲੱਗ ਜਾਂਦੀ ਹੈ। ਮਨੁੱਖ ਚੰਗੇ-ਮੰਦੇ ਦਾ ਫ਼ਰਕ ਜਾਣ ਲੈਂਦਾ ਹੈ ਜਿਸ ਨਾਲ ਮਨੁੱਖ ਦੀ ਗਤੀ ਹੁੰਦੀ ਹੈ। ਪਰਮਾਤਮਾ ਦਾ ਨਾਮ ਜਪ ਕੇ ਸਾਧ ਵੀ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਉਸਦੀ ਮਹਿਮਾ ਵੇਦ ਵੀ ਕਥਨ ਨਹੀਂ ਕਰ ਸਕਦੇ:

ਸਾਧ ਕੀ ਸੋਭਾ ਸਾਧ ਬਨਿ ਆਈ॥

ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ (ਅਸਟਪਦੀ 7.8)

ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਸਾਧ ਅਤੇ ਸੰਤ ਦੀ ਮਹਿਮਾ ਦਾ ਬਿਆਨ ਕਰਦਿਆਂ ਮਨੁੱਖ ਨੂੰ ਸਾਧ ਜਾਂ ਸੰਤ ਦੀ ਸੰਗਤ ਕਰਨ ਲਈ ਪ੍ਰੇਰਿਤ ਕੀਤਾ ਹੈ। ਕਿਉਂਕਿ ਸੰਤਾਂ ਦੀ ਸੰਗਤ ਕਰਨ ਨਾਲ ਮਨੁੱਖ ਨੂੰ ਆਤਮਿਕ ਸੋਝੀ ਆ ਜਾਂਦੀ ਹੈ। ਸੰਤ ਮਹਾਂਪੁਰਸ਼ ਬ੍ਰਹਮ ਦੇ ਬਹੁਤ ਨੇੜੇ ਹੁੰਦੇ ਹਨ:

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥

ਸੰਤ ਜਨਾ ਕੈ ਹਿਰਦੈ ਸਭਿ ਧਰਮ॥

ਸੰਤ ਜਨਾ ਸੁਨਹਿ ਸੁਭ ਬਚਨ॥

ਸਰਬ ਬਿਆਪੀ ਰਾਮ ਸੰਗਿ ਰਚਨ॥ (ਅਸਟਪਦੀ 23.4)

ਸੋ ਗੁਰੂ ਜੀ ਅਨੁਸਾਰ ਸਾਧ ਜਾਂ ਸੰਤ ਮਹਾਂਪੁਰਖਾਂ ਦੇ ਲੜ ਲੱਗਣ ਨਾਲ ਅਸਲ ਗਿਆਨ ਦੀ ਸੋਝੀ ਹੁੰਦੀ ਹੈ। ਇਸੇ ਲਈ ਗੁਰੂ ਜੀ ਸੰਤਾਂ ਦੀ ਸ਼ਰਨ ਪੈਣ ਦਾ ਉਪਦੇਸ਼ ਦਿੰਦੇ ਹਨ:

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥

ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥੧॥

(ਸਲੋਕ ਅਸਟਪਦੀ 13)

### 4) ਬ੍ਰਹਮ ਗਿਆਨੀ:

ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਬ੍ਰਹਮ ਗਿਆਨੀ ਦੀ ਮਹਿਮਾ ਦਾ ਬਿਆਨ ਕਰਦੇ ਹਨ ਕਿ ਉਹ ਗੁਰਮੁਖ ਜਿਸਨੂੰ ਬ੍ਰਹਮ ਦਾ ਗਿਆਨ ਹੋ ਜਾਵੇ, ਜੋ ਆਪਾ ਮਿਟਾ ਕੇ ਉਸ ਬ੍ਰਹਮ ਵਿਚ ਅਭੇਦ ਹੋ ਜਾਵੇ ਉਸ ਨੂੰ ਬ੍ਰਹਮਗਿਆਨੀ ਕਿਹਾ ਜਾਂਦਾ ਹੈ। ਅਜਿਹਾ ਮਨੁੱਖ ਕੋਈ ਵਿਰਲਾ ਤੇ ਸੁਭਾਗਾ ਹੀ ਹੁੰਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਜੀਵਆਤਮਾ ਤੇ ਪਰਮਾਤਮਾ ਵਿਚਕਾਰ ਅਭੇਦਤਾ ਹੋ ਜਾਂਦੀ ਹੈ। ਇਸ ਬਾਰੇ ਸੁਖਮਨੀ ਵਿਚ ਲਿਖਿਆ ਹੈ ਕਿ:

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ (ਅਸਟਪਦੀ 8.6)

ਬ੍ਰਹਮ ਗਿਆਨੀ ਦੀ ਅਵਸਥਾ ਗੁਰਮੁਖ ਦੀ ਸਭ ਤੋਂ ਉੱਚੀ ਤੇ ਅਖ਼ੀਰਲੀ ਅਵਸਥਾ ਹੈ। ਇਸ ਅਵਸਥਾ ਤੇ ਪਹੁੰਚਣ ਲਈ ਜੀਵ ਨੂੰ ਸਖ਼ਤ ਘਾਲਣਾ ਘਾਲਣੀ ਪੈਂਦੀ ਹੈ। ਬ੍ਰਹਮ

ਗਿਆਨੀ ਦੁਖ-ਸੁਖ, ਖ਼ੁਸ਼ੀ-ਗ਼ਮੀ, ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਉਹ ਰੱਬ ਦੀ ਰਜ਼ਾ ਵਿਚ ਰਹਿਣਾ ਪਸੰਦ ਕਰਦਾ ਹੈ। ਬ੍ਰਹਮ ਗਿਆਨੀ ਬ੍ਰਹਮ ਦਾ ਹੀ ਦੂਸਰਾ ਰੂਪ ਹੋ ਜਾਂਦਾ ਹੈ। ਗੁਰੂ ਜੀ ਨੇ ਸੁਖਮਨੀ ਸਾਹਿਬ ਦੀ ਅੱਠਵੀਂ ਅਸਟਪਦੀ ਵਿਚ ਬ੍ਰਹਮ ਗਿਆਨੀ ਦੇ ਸਰੂਪ ਬਾਰੇ ਦੱਸਿਆ ਹੈ:

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥੧॥ (ਸਲੋਕ ਅਸਟਪਦੀ 8)

ਗੁਰੂ ਜੀ ਅਨੁਸਾਰ ਜਿਸ ਮਹਾਂਪੁਰਖ ਦੇ ਮੂੰਹ ਅਤੇ ਮਨ ਦੋਹਾਂ ਉਪਰ ਬ੍ਰਹਮ ਦਾ ਨਾਂ ਹੈ ਅਤੇ ਉਹ ਹਮੇਸ਼ਾ ਉਸ ਬ੍ਰਹਮ ਨੂੰ ਹਾਜ਼ਰ ਨਾਜ਼ਰ ਜਾਣਦਾ ਹੈ, ਸੰਸਾਰਿਕ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਉਹੀ ਬ੍ਰਹਮ ਗਿਆਨੀ ਹੈ। ਬ੍ਰਹਮ ਗਿਆਨੀ ਲਈ ਵੈਰੀ, ਮਿੱਤਰ, ਦੁਖ-ਸੁਖ, ਚੰਗਿਆਈ-ਬੁਰਾਈ ਸਭ ਇਕ ਸਮਾਨ ਹੁੰਦੇ ਹਨ। ਬ੍ਰਹਮ ਗਿਆਨੀ ਪਵਿੱਤਰ ਹਿਰਦੇ ਵਾਲਾ ਹੁੰਦਾ ਹੈ ਅਤੇ ਉਸਦੇ ਹਿਰਦੇ ਵਿਚ ਨਿਮਰਤਾ ਹੁੰਦੀ ਹੈ:

ਬ੍ਰਹਮ ਗਿਆਨੀ ਸਗਲ ਕੀ ਰੀਨਾ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥ (ਅਸਟਪਦੀ 8.3)

ਇਸ ਤਰ੍ਹਾਂ ਬ੍ਰਹਮ ਗਿਆਨੀ ਸਭ ਅਮੀਰ-ਗ਼ਰੀਬ ਨੂੰ ਇਕ ਨਜ਼ਰ ਨਾਲ ਦੇਖਦਾ ਹੈ। ਉਹ ਬ੍ਰਹਮ ਦੇ ਨਾਮ ਸਿਮਰਨ ਵਿਚ ਲੀਨ ਰਹਿੰਦਾ ਹੈ। ਅਜਿਹਾ ਮਹਾਂਪੁਰਖ ਪਰਮਾਤਮਾ ਤੋਂ ਬਿਨ੍ਹਾਂ ਹੋਰ ਕਿਸੇ ਦਾ ਆਸਰਾ ਨਹੀਂ ਲੈਂਦਾ:

ਬ੍ਰਹਮ ਗਿਆਨੀ ਕੈ ਏਕੈ ਰੰਗ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥ (ਅਸਟਪਦੀ 8.5)

ਬ੍ਰਹਮ ਗਿਆਨੀ ਦੇ ਮਨ ਵਿਚ ਪੂਰਨ ਆਨੰਦ ਰਹਿੰਦਾ ਹੈ ਕਿਉਂਕਿ ਉਸਦੇ ਮਨ ਵਿਚ ਹਮੇਸ਼ਾ ਪਰਮਾਤਮਾ ਦਾ ਨਾਮ ਸਮਾਇਆ ਹੁੰਦਾ ਹੈ:

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥

ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥ (ਅਸਟਪਦੀ 8.5)

ਗੁਰੂ ਜੀ ਬ੍ਰਹਮ ਗਿਆਨੀ ਦਾ ਸਰੂਪ ਸਪੱਸ਼ਟ ਕਰਦੇ ਹੋਏ ਦਸਦੇ ਹਨ ਕਿ ਅਜਿਹੇ ਮਹਾਂਪੁਰਖ ਦੇ ਦਰਸ਼ਨ ਵੱਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੇ ਹਨ ਜੋ ਦੁਨਿਆਵੀ ਮੋਹ-ਮਾਇਆ ਤੋਂ ਅਭਿੱਜ ਰਹਿ ਕੇ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਹੈ। ਬ੍ਰਹਮ ਗਿਆਨੀ ਦੀ ਵਡਿਆਈ ਕਥਨ ਨਹੀਂ ਕੀਤੀ ਜਾ ਸਕਦੀ। ਬ੍ਰਹਮ ਗਿਆਨੀ ਆਪਣੇ ਸਫ਼ਲ ਕਰਮਾਂ ਕਾਰਨ ਅਮਰ ਹੋ ਜਾਂਦਾ ਹੈ। ਉਹ ਬਾਕੀ ਲੋਕਾਂ ਦਾ ਵੀ ਭਲਾ ਕਰਦਾ ਹੈ। ਉਹ ਅਨਾਥਾਂ ਦਾ ਨਾਥ ਬਣਦਾ ਹੈ:

ਬ੍ਰਹਮ ਗਿਆਨੀ ਅਨਾਥ ਕਾ ਨਾਥੁ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ (ਅਸਟਪਦੀ 8.8)

ਸੋ ਗੁਰੂ ਅਰਜਨ ਦੇਵ ਜੀ ਅਨੁਸਾਰ ਉਹ ਮਨੁੱਖ ਜੋ ਸੰਸਾਰਿਕ ਵਸਤਾਂ ਦਾ ਸੁਖ ਤਿਆਗ ਕੇ ਹਲੀਮੀ ਤੇ ਨਿਮਰਤਾ ਦੇ ਰਸਤੇ ਚੱਲ ਕੇ ਬ੍ਰਹਮ ਦਾ ਗਿਆਨ ਹਾਸਲ ਕਰਦਾ ਹੈ ਉਹੀ ਬ੍ਰਹਮ ਗਿਆਨੀ ਹੈ ਜੋ ਇਕ ਤਰ੍ਹਾਂ ਬ੍ਰਹਮ ਦਾ ਹੀ ਦੂਜਾ ਰੂਪ ਹੈ।

### 3.1.3.2 ਮਨਮੁਖ:

ਸੁਖਮਨੀ ਸਾਹਿਬ ਵਿਚ ਅਜਿਹੇ ਜੀਵ ਨੂੰ ਮਨਮੁਖ ਕਿਹਾ ਗਿਆ ਹੈ ਜੋ ਸੰਸਾਰਿਕ ਝਮੇਲਿਆਂ ਵਿਚ ਉਲਝਿਆ ਰਹਿੰਦਾ ਹੈ ਅਤੇ ਆਪਣੇ ਮੂਲ ਉਦੇਸ਼ ਨਾਮ ਸਿਮਰਨ ਤੋਂ ਦੂਰ ਹੋ ਜਾਂਦਾ ਹੈ। ਅਜਿਹੇ ਜੀਵ ਦੇ ਮਨ ਵਿਚ ਹਮੇਸ਼ਾ ਭਟਕਣਾ ਲੱਗੀ ਰਹਿੰਦੀ ਹੈ। ਉਹ ਜਨਮ-ਮਰਨ ਦੇ ਚੱਕਰ ਵਿਚ ਭਟਕਦਾ ਰਹਿੰਦਾ ਹੈ। ਗੁਰੂ ਜੀ ਅਨੁਸਾਰ ਮਨੁਮੁਖ ਵਿਅਕਤੀ ਸੰਸਾਰਕ ਪਦਾਰਥ, ਮੋਹ-ਮਾਇਆ, ਇੱਜ਼ਤ, ਵਡਿਆਈ ਪ੍ਰਾਪਤ ਕਰਨ ਦੇ ਲਈ ਭਟਕਦਾ ਹੈ। ਗੁਰੂ ਜੀ ਇਸ ਤਰ੍ਹਾਂ ਦੇ ਮਨਮੁਖ ਬਾਰੇ ਦੱਸਦੇ ਹਨ ਕਿ:

ਜਿਸ ਕੈ ਅੰਤਰਿ ਰਾਜ ਅਭਿਮਾਨੁ॥
ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥
ਸੋ ਹੋਵਤ ਬਿਸਟਾ ਕਾ ਜੰਤੁ॥
ਆਪਸ ਕਉ ਕਰਮਵੰਤੁ ਕਹਾਵੈ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥

ਧਨ ਭੂਮੀ ਕਾ ਜੋ ਕਰੈ ਗੁਮਾਨੁ॥

ਸੋ ਮੂਰਖੁ ਅੰਧਾ ਅਗਿਆਨੁ॥ (ਅਸਟਪਦੀ 12.1)

ਇਸ ਤਰ੍ਹਾਂ ਮਨੁਮੁਖ ਵਿਅਕਤੀ ਦੁਨਿਆਵੀ ਵਸਤਾਂ ਪਿੱਛੇ ਭਟਕਦਾ ਰਹਿੰਦਾ ਹੈ ਜਦੋਂ ਕਿ ਇਹ ਸਭ ਵਸਤਾਂ ਨਾਸ਼ਵਾਨ ਤੇ ਥੋੜ੍ਹ ਚਿਰੀਆਂ ਹਨ। ਅਜਿਹਾ ਮਨਮੁਖ ਇਸ ਭਟਕਣਾ ਵਿਚ ਫਸਿਆ ਰਹਿੰਦਾ ਹੈ ਤੇ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਉਸਨੂੰ ਆਪਣਾ ਅਖ਼ੀਰੀ ਵੇਲਾ ਯਾਦ ਨਹੀਂ ਰਹਿੰਦਾ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਮਨਮੁਖ ਲਈ ਅੰਧਾ, ਅਗਿਆਨੀ, ਸੰਤ ਕਾ ਨਿੰਦਕ, ਸੰਤ ਕਾ ਦੋਖੀ ਪਦ ਵਰਤੇ ਹਨ:

**ਸੰਤ ਕਾ ਦੋਖੀ/ਸੰਤ ਕਾ ਨਿੰਦਕ:**

ਸੰਤਾਂ ਦਾ ਦੋਖੀ ਭਾਵ ਸੰਤਾਂ ਨੂੰ ਬੁਰਾ-ਭਲਾ ਕਹਿਣ ਵਾਲਾ ਜੀਵ ਸਭ ਤੋਂ ਵੱਡਾ ਮਨਮੁਖ ਹੈ। ਉਹ ਲੋਭ, ਮੋਹ, ਹੰਕਾਰ ਵਿਚ ਫਸ ਕੇ ਆਪਣੇ ਅਸਲੀ ਉਦੇਸ਼ ਤੋਂ ਭਟਕ ਜਾਂਦਾ ਹੈ। ਗੁਰੂ ਜੀ ਉਸ ਨੂੰ ਅਪਵਿਤਰ ਮੰਨਦੇ ਹਨ:

ਸੰਤ ਕਾ ਦੋਖੀ ਸਦਾ ਅਪਵਿਤੁ॥

ਸੰਤ ਕਾ ਦੋਖੀ ਕਿਸੈ ਕਾ ਨਾਹੀ ਮਿਤੁ॥

ਸੰਤ ਕਾ ਦੋਖੀ ਕਉ ਡਾਨੁ ਲਾਗੈ॥

ਸੰਤ ਕੇ ਦੋਖੀ ਕਉ ਸਭ ਤਿਆਗੈ॥ (ਅਸਟਪਦੀ 13.4)

ਅਜਿਹੇ ਮਨੁੱਖ ਬਾਰੇ ਗੁਰੂ ਜੀ ਕਹਿੰਦੇ ਹਨ ਕਿ ਅਜਿਹਾ ਮਨਮੁਖ ਆਪਣੇ ਆਪੇ ਪਿੱਛੇ ਹੀ ਭਟਕਦਾ ਰਹਿੰਦਾ ਹੈ। ਉਸਦਾ ਕੋਈ ਵਜੂਦ ਨਹੀਂ ਹੁੰਦਾ। ਉਸਦਾ ਜ਼ਿੰਦਗੀ ਜਿਊਣ ਦਾ ਕੋਈ ਟੀਚਾ ਨਹੀਂ ਹੁੰਦਾ। ਉਹ ਜਿਸ ਕੂੜ੍ਹ ਮਾਇਆ ਪਿੱਛੇ ਭਟਕਦਾ ਹੈ ਉਹੀ ਉਸਦੇ ਖ਼ਾਤਮੇ ਦਾ ਕਾਰਨ ਬਣਦੀ ਹੈ:

ਸੰਤ ਕਾ ਦੋਖੀ ਅੰਤਰ ਤੇ ਥੋਥਾ॥

ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥ (ਅਸਟਪਦੀ 13.5)

ਸੰਤ ਕਾ ਦੋਖੀ ਵਿਅਕਤੀ ਭੁਲੇਖੇ ਵਿਚ ਹੀ ਤੁਰਿਆ ਫਿਰਦਾ ਹੈ ਕਿ ਉਹ ਮਾਨ-ਸਨਮਾਨ, ਧਨ ਦੌਲਤ ਕਮਾ ਲਵੇਗਾ ਪ੍ਰੰਤੂ ਉਹ ਅਸਲੀ ਧਨ ਭਾਵ ਨਾਮ ਤੋਂ ਲਾਂਭੇ ਰਹਿ ਜਾਂਦਾ ਹੈ। ਸੰਤਾਂ ਦੀ ਨਿੰਦਿਆ ਕਰਨ ਵਾਲਾ ਮਨੁੱਖ ਆਪਣੀ ਹੀ ਸ਼ਖ਼ਸੀਅਤ ਦਾ ਘਾਣ ਕਰਦਾ ਹੈ। ਉਹ ਤੜਫਦਾ ਰਹਿੰਦਾ ਹੈ ਜਿਵੇਂ ਪਾਣੀ ਤੋਂ ਬਿਨਾਂ ਮਛਲੀ ਤੜਫਦੀ ਹੈ। ਸੰਤਾਂ ਦੇ ਦੋਖੀ ਦੀ ਕੋਈ ਆਸ ਪੂਰੀ ਨਹੀਂ ਹੁੰਦੀ:

ਸੰਤ ਕੇ ਦੋਖੀ ਕੀ ਪੁਜੈ ਨ ਆਸਾ॥

ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥ (ਅਸਟਪਦੀ 13.7)

ਸੰਤਾਂ ਕਾ ਦੋਖੀ ਵਿਅਕਤੀ ਅਨੇਕਾਂ ਕਸ਼ਟ ਸਹਾਰਦਾ ਹੈ। ਉਹ ਦੁਖੀ ਰਹਿਣ ਲਗਦਾ ਹੈ। ਉਸਦਾ ਸਭ ਤੇਜ ਪ੍ਰਾਤਾਪ ਖ਼ਤਮ ਹੋ ਜਾਂਦਾ ਹੈ। ਕੋਈ ਉਸ ਤੇ ਵਿਸ਼ਵਾਸ ਨਹੀਂ ਕਰਦਾ। ਸੰਤਾਂ ਨੂੰ ਬੁਰਾ ਭਲਾ ਕਹਿਣ ਵਾਲਾ ਮਨੁੱਖ ਹਮੇਸ਼ਾ ਦੁੱਖ ਪਾਉਂਦਾ ਹੈ ਪਰ ਗੁਰੂ ਜੀ ਦਸਦੇ ਹਨ ਕਿ ਜੇ ਸੰਤ ਉਸਦੀ ਇਸ ਹਾਲਤ ਤੇ ਤਰਸ ਖਾ ਕੇ ਦਇਆਵਾਨ ਹੋ ਜਾਣ ਤਾਂ ਉਹ ਵੀ ਤਰ ਜਾਂਦਾ ਹੈ।

ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਅਜਿਹੇ ਮਨੁੱਖਾਂ ਲਈ ਸੰਤ ਕਾ ਨਿੰਦਕ ਨਾਮ ਵੀ ਵਰਤਿਆ ਹੈ। ਸੰਤ ਕੇ ਦੋਖੀ ਦੀ ਤਰ੍ਹਾਂ ਸੰਤ ਕਾ ਨਿੰਦਕ ਵੀ ਹਮੇਸ਼ਾ ਸਾਧ-ਸੰਤਾਂ ਦੀ ਨਿੰਦਿਆ ਵਿਚ ਲੱਗਿਆ ਰਹਿੰਦਾ ਹੈ ਤੇ ਆਪ ਵੀ ਕਸ਼ਟ ਸਹਾਰਦਾ ਰਹਿੰਦਾ ਹੈ। ਸੰਤਾਂ ਦੀ ਸੰਗਤ ਨਾਲ ਚੰਗੇ ਗੁਣ ਮਿਲਦੇ ਹਨ। ਮਨੁੱਖ ਸ੍ਰੇਸ਼ਠ ਬੁੱਧੀ ਵਾਲਾ ਬਣਦਾ ਹੈ। ਹਲੀਮੀ, ਨਿਮਰਤਾ, ਪਰਉਪਕਾਰ ਦੀ ਭਾਵਨਾ ਸੰਤਾਂ ਦੀ ਸੰਗਤ ਨਾਲ ਹੀ ਪੈਦਾ ਹੁੰਦੀ ਹੈ ਪਰ ਸੰਤਾਂ ਦੀ ਨਿੰਦਿਆ ਕਰਨ ਵਾਲਾ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਸੁਖਮਨੀ ਸਾਹਿਬ ਵਿਚ ਸੰਤਾਂ ਦੀ ਨਿੰਦਿਆ ਕਰਨ ਵਾਲੇ ਦੀ ਹਾਲਤ ਦਾ ਵਰਣਨ ਕੀਤਾ ਗਿਆ ਹੈ:

ਸੰਤ ਕਾ ਨਿੰਦਕੁ ਮਹਾ ਅਤਤਾਈ॥

ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥

ਸੰਤ ਕਾ ਨਿੰਦਕੁ ਮਹਾ ਹਤਿਆਰਾ॥

ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥ (ਅਸਟਪਦੀ 13.3)

ਪਰ ਅੰਤਰਜਾਮੀ ਦੇ ਦਰਜੇ ਤੇ ਪਹੁੰਚਿਆ ਹੋਇਆ ਸੰਤ ਅਜਿਹੇ ਦੁਖੀ ਵਿਅਕਤੀ ਦਾ ਵੀ ਪਾਰਉਤਾਰਾ ਕਰ ਦਿੰਦਾ ਹੈ:

ਸੰਤ ਕੀ ਨਿੰਦਾ ਦੋਖ ਮਹਿ ਦੋਖੁ॥

ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥ (ਅਸਟਪਦੀ 13.3)

ਸੋ 13ਵੀਂ ਅਸਟਪਦੀ ਵਿਚ ਗੁਰੂ ਜੀ ਜੀਵਆਤਮਾ ਨੂੰ ਸੰਤਾਂ ਦੀ ਸ਼ਰਨ ਵਿਚ ਪੈ ਕੇ ਜੀਵਨ ਸਫ਼ਲ ਕਰਨ ਦੀ ਨਸੀਹਤ ਦਿੰਦੇ ਹਨ। ਧਨ, ਮਾਣ ਪਿੱਛੇ ਭਟਕਦੇ ਮਨਮੁਖ ਨੂੰ ਗੁਰੂ ਜੀ ਸਮਝਾਉਂਦੇ ਹਨ ਕਿ:

ਧਨਵੰਤਾ ਹੋਇ ਕਰਿ ਗਰਬਾਵੈ॥

ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥

ਪਲ ਭੀਤਰਿ ਤਾ ਕਾ ਹੋਇ ਬਿਨਾਸ॥

ਸਭ ਤੇ ਆਪ ਜਾਨੈ ਬਲਵੰਤੁ॥

ਖਿਨ ਮਹਿ ਹੋਇ ਜਾਇ ਭਸਮੰਤੁ॥ (ਅਸਟਪਦੀ 12.2)

ਗੁਰੂ ਜੀ ਮਨੁਮੁਖ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਇਹ ਜਗਤ ਪਸਾਰਾ ਸਭ ਝੂਠ, ਕੂੜ੍ਹ, ਮਿਥਿਆ ਹੈ। ਇਸ ਨਾਲੋਂ ਮੋਹ ਤਿਆਗ ਕੇ ਪਰਮਾਤਮਾ ਦੀ ਸ਼ਰਨ ਵਿਚ ਪੈਣਾ ਚਾਹੀਦਾ ਹੈ। ਨਿਮਰਤਾਪੂਰਵਕ, ਸੇਵਾ ਭਾਵਨਾ ਨਾਲ ਗੁਰੂ ਨੂੰ ਧਾਰ ਕੇ ਸੰਤਾਂ ਦੀ ਸੰਗਤ ਨਾਲ ਬ੍ਰਹਮ ਦਾ ਗਿਆਨ ਲੈਣਾ ਚਾਹੀਦਾ ਹੈ। ਪਰਮਾਤਮਾ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ:

ਜਾਚਕ ਜਨੁ ਜਾਚੈ ਪ੍ਰਭ ਦਾਨੁ॥

ਕਰਿ ਕਿਰਪਾ ਦੇਵਹੁ ਹਰਿ ਨਾਮੁ॥

ਸਾਧ ਜਨਾ ਕੀ ਮਾਗਉ ਧੂਰਿ॥

ਪਾਰਬ੍ਰਹਮ ਮੇਰੀ ਸਰਧਾ ਪੂਰਿ॥

ਸਦਾ ਸਦਾ ਪ੍ਰਭ ਕੇ ਗੁਨ ਗਾਵਉ॥

ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥

ਚਰਨ ਕਮਲ ਸਿਉ ਲਾਗੈ ਪ੍ਰੀਤ॥

ਭਗਤ ਕਰਉ ਪ੍ਰਭਿ ਕੀ ਨਿਤ ਨੀਤਿ॥ (ਅਸਟਪਦੀ 20.1)

ਇਸ ਤਰ੍ਹਾਂ ਸੁਖਮਨੀ ਸਾਹਿਬ ਵਿਚ ਮਨਮੁਖ ਜੀਵ ਨੂੰ ਗੁਰਮੁਖ ਬਣਨ ਲਈ ਪ੍ਰੇਰਿਤ ਕੀਤਾ ਗਿਆ ਹੈ ਜਿਸ ਲਈ ਸਭ ਤੋਂ ਜ਼ਰੂਰੀ ਰਸਤਾ ਨਾਮ ਸਿਮਰਨ ਹੈ। ਮਨਮੁਖ ਸੇਵਾ ਭਾਵਨਾ ਨਾਲ ਆਪਣੇ ਆਪ ਨੂੰ ਨੀਵਾਂ ਜਾਣ ਕੇ ਪਰਮਾਤਮਾ ਦੇ ਨਾਮ ਦੇ ਗੁਣ ਗਾਉਂਦਾ ਹੈ ਤੇ ਉਸ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ ਤਾਂ ਉਸਦੀ 'ਮਤਿ ਊਚੀ' ਹੋ ਜਾਂਦੀ ਹੈ ਤੇ ਉਹ ਸਹਜ ਅਵਸਥਾ ਨੂੰ ਪਾ ਲੈਂਦਾ ਹੈ ਜਿਥੇ ਜਾ ਕੇ ਉਸਦੀ ਭਟਕਣਾ ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਜੀਵਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਅਤੇ ਜੀਵਆਤਮਾ ਨੂੰ ਪਰਮਆਨੰਦ ਦੀ ਪ੍ਰਾਪਤੀ ਹੁੰਦੀ ਹੈ।

### 3.1.4 ਨਾਮ ਸਿਮਰਨ:

ਨਾਮ ਤੋਂ ਭਾਵ ਰੱਬ ਦਾ ਨਾਮ ਅਤੇ ਸਿਮਰਨ ਤੋਂ ਭਾਵ ਉਸ ਨੂੰ ਵਾਰ-ਵਾਰ ਯਾਦ ਕਰਨਾ ਜਾਂ ਜਪਣਾ। ਸੰਸਕ੍ਰਿਤ ਵਿਚ ਇਸ ਨੂੰ ਸਮਰਣ ਕਿਹਾ ਜਾਂਦਾ ਹੈ ਜਿਸ ਦਾ ਭਾਵ ਭਜਨ ਕਰਨਾ ਜਾਂ ਧਿਆਉਣਾ ਹੈ। ਮਹਾਨ ਕੋਸ਼ ਵਿਚ ਇਸ ਬਾਰੇ ਕਿਹਾ ਹੈ ਗੁਰੂ ਬਾਣੀ ਵਿਚ ਨਾਮ (ਸ਼ਬਦ) ਕਰਤਾਰ ਤੇ ਉਸਦੇ ਹੁਕਮ ਦਾ ਬੋਧਕ ਹੈ। ਬਾਈਬਲ ਵਿਚ ਇਸ ਨੂੰ word ਲਿਖਿਆ ਹੈ।[23] ਸਿੱਖੀ ਵਿਚ ਨਾਮ ਜਪਣ ਤੋਂ ਭਾਵ ਹੈ ਰੱਬ ਦੀ ਹਾਜ਼ਰੀ ਦੀ ਮਸ਼ਕ ਕਰਨੀ। ਰੱਬ ਦਾ ਸਰੂਪ ਜੋ ਗੁਰੂ ਸਾਹਿਬਾਨ ਦੇ ਸ਼ਬਦ ਦੁਆਰਾ ਅਨੁਭਵ ਹੁੰਦਾ ਹੈ ਉਸ ਵਿਚ ਧਿਆਨ ਜੋੜਨਾ, ਮੁੜ-ਮੁੜ ਧਿਆਨ ਜੋੜਨਾ।[24] ਨਾਮ ਸਤਿਗੁਰੂ ਤੇ ਗੁਰੁਬਾਣੀ ਦੁਆਰਾ ਪ੍ਰਾਪਤ ਹੋਇਆ ਉਹ ਆਤਮਕ ਤੱਤ ਹੈ ਜੋ ਵਹਿਗੁਰੂ ਦਾ ਅਹਿਸਾਸ ਕਰਾਂਉਂਦਾ ਹੈ, ਉਸ ਨਾਲ ਜੋੜਦਾ ਹੈ, ਉਸ ਵਿਚ ਲੀਨ ਕਰ ਦਿੰਦਾ ਹੈ। ਅਜਿਹਾ ਨਾਮ ਪ੍ਰਾਪਤ ਸ੍ਰੀ ਵਹਿਗੁਰੂ ਦੀ ਮਿਹਰ ਨਾਲ ਹੁੰਦਾ ਹੈ। ਵਾਹਿਗੁਰੂ ਦੇ ਸਰਗੁਣ ਰੂਪ ਨੂੰ ਨਾਮ ਕਹਿੰਦੇ ਹਨ।[25]

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਸ਼ਬਦ ਪਰਮਾਤਮਾ ਬਾਰੇ ਜਾਂ ਉਸ ਦੇ ਗੁਣਾਂ ਦਾ ਅਨੁਭਵ ਕਰਵਾਉਂਦੇ ਹਨ ਉਸ ਨੂੰ ਅਸੀਂ ਨਾਮ ਕਹਿੰਦੇ ਹਾਂ ਅਤੇ ਉਸ ਦੇ ਨਾਮ ਅਤੇ ਗੁਣਾਂ ਨੂੰ ਬਾਰ-ਬਾਰ ਯਾਦ ਕਰਨਾ ਜਾਂ ਧਿਆਉਣ ਨੂੰ ਸਿਮਰਨ ਕਹਿ ਸਕਦੇ ਹਾਂ। ਸੋ ਨਾਮ ਸਿਮਰਨ ਪਰਮਾਤਮਾ ਨੂੰ ਅਤੇ ਉਸ ਦੇ ਗੁਣਾਂ ਨੂੰ ਯਾਦ ਕਰਨਾ ਅਤੇ ਇਹਨਾਂ ਗੁਣਾਂ ਨੂੰ ਮਨ ਵਿਚ ਧਾਰਨ ਕਰਨ ਨੂੰ ਕਿਹਾ ਜਾਂਦਾ ਹੈ। ਨਾਮ ਸਿਮਰਨ ਨਾਲ ਮਨੁੱਖ ਦੀ ਸ਼ਖ਼ਸੀਅਤ ਵਿਚ ਵਿਕਾਸ ਹੁੰਦਾ ਹੈ, ਉਸਦੇ ਵਿਕਾਰਾਂ ਦਾ ਖਾਤਮਾ ਹੁੰਦਾ ਹੈ ਅਤੇ ਮਨੁੱਖ ਚੰਗੇ ਗੁਣ ਧਾਰਨ ਕਰਦਾ ਹੈ।

**ਨਾਮ ਸਿਮਰਨ ਤੋਂ ਹੋਣ ਵਾਲੇ ਲਾਭ:**

**ਖਾਤਮਾਂ:**

1. ਦੁਖ, ਪਾਪ, ਭਰਮ ਅਤੇ ਭੈਅ ਦਾ ਨਾਸ਼
2. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਛੁਟਕਾਰਾ
3. ਸਭ ਪ੍ਰਕਾਰ ਦੇ ਰੋਗਾਂ ਦਾ ਨਾਸ਼ ਭਾਵ ਮਾੜੇ ਕਰਮਾਂ ਦਾ ਅੰਤ।

**ਪ੍ਰਾਪਤੀ:**

1. ਸਤ, ਸੰਤੋਖ, ਦਇਆ, ਧਰਮ, ਨਿਮਰਤਾ, ਹਲੀਮੀ ਦੀ ਪ੍ਰਾਪਤੀ

---

[23] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-522.
[24] ਪ੍ਰਿੰ. ਤੇਜਾ ਸਿੰਘ, ਸਿਖ ਧਰਮ, ਪੰਨਾ-19.
[25] ਗਿਆਨੀ ਪ੍ਰਤਾਪ ਸਿੰਘ, ਗੁਰਮਤ ਫਿਲਾਸਫ਼ੀ, ਪੰਨਾ-202

2. ਸਭ ਕਾਰਜ ਰਾਸ ਤੇ ਧਨ ਮਾਣ ਦੀ ਪ੍ਰਾਪਤੀ
3. ਸਭ ਥਾਂ ਪ੍ਰਭੂ ਦਾ ਅਸਰਾ
4. ਆਨੰਦ ਜਾਂ ਸਹਿਜ ਅਵਸਥਾ
5. ਭਵਸਾਗਰ ਤੋਂ ਪਾਰਉਤਾਰਾ ਭਾਵ ਮੁਕਤੀ

ਦੁਨੀਆਂ ਵਿਚ ਨਾਮ ਸਿਮਰਨ ਬਹੁਤ ਲੋਕ ਕਰਦੇ ਹਨ ਪਰ ਉਹਨਾਂ ਵਿਚੋਂ ਕੋਈ ਵਿਰਲਾ ਹੀ ਵਿਅਕਤੀ ਆਤਮਿਕ ਅਨੁਭਵ ਦੀ ਅਵਸਥਾ ਜਾਂ ਪਰਮਾਨੰਦ ਦੀ ਅਵਸਥਾ ਤੇ ਪਹੁੰਚਦਾ ਹੈ। ਇਸ ਦੇ ਕਈ ਕਾਰਨ ਹਨ। ਉਹਨਾਂ ਵਿਚੋਂ ਇਕ ਨਾਮ ਸਿਮਰਨ ਸਮੇਂ ਹਰ ਵਿਅਕਤੀ ਦਾ ਮੁੱਖ ਟੀਚੇ ਵਿਚ ਵਖਰੇਵਾਂ ਹੈ। ਕੁਝ ਵਿਅਕਤੀ ਦੌਲਤ, ਇੱਜ਼ਤ, ਵਡਿਆਈ, ਰਾਜ, ਆਦਿ ਨੂੰ ਪਾਉਣ ਲਈ ਨਾਮ ਸਿਮਰਨ ਕਰਦੇ ਹਨ ਜਦੋਂ ਕਿ ਕੁਝ ਸਾਧਕ ਮਾਨਸਿਕ ਸ਼ਾਂਤੀ ਲਈ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ। ਇਸੇ ਤਰ੍ਹਾਂ ਅਨੇਕਾਂ ਤਰ੍ਹਾਂ ਦੇ ਸਾਧਕ ਹੁੰਦੇ ਹਨ ਜਿਨ੍ਹਾਂ ਦੇ ਉਦੇਸ਼ ਤੇ ਟੀਚਿਆਂ ਵਿਚ ਵਖਰੇਵਾਂ ਹੁੰਦਾ ਹੈ।

ਕੁਝ ਪਾਠਕ ਉਹ ਹੁੰਦੇ ਹਨ ਜੋ ਬਿਨਾ ਧਿਆਨ ਦਿੱਤੇ ਪਾਠ ਜਾਂ ਸਿਮਰਨ ਕਰਦੇ ਹਨ। ਉਹਨਾਂ ਨੂੰ ਰਟਨੀ ਕਿਹਾ ਜਾ ਸਕਦਾ ਹੈ। ਉਹਨਾਂ ਦਾ ਨਾ ਤਾਂ ਧਿਆਨ ਹੁੰਦਾ ਹੈ ਤੇ ਨਾ ਹੀ ਉਹਨਾਂ ਨੂੰ ਉਹਨਾਂ ਰਾਹੀਂ ਬੋਲੇ ਜਾ ਰਹੇ ਸ਼ਬਦ ਦੀ ਕੋਈ ਜਾਣਕਾਰੀ ਹੁੰਦੀ ਹੈ। ਕੁਝ ਇਹਨਾਂ ਤੋਂ ਉਲਟ ਅਜਿਹੇ ਪਾਠਕ ਹੁੰਦੇ ਹਨ ਜੋ ਬਾਣੀ ਵਿਚਲੇ ਸ਼ਬਦਾਂ ਨੂੰ ਨਾ ਕੇਵਲ ਪੂਰੇ ਧਿਆਨ ਨਾਲ ਪੜ੍ਹਦੇ ਹਨ ਸਗੋਂ ਅਰਥਾਂ ਨੂੰ ਵੀ ਬਹੁਤ ਬਰੀਕੀ ਨਾਲ ਸਮਝਦੇ ਹਨ। ਇਹ ਪਾਠਕ ਸੁਚੇਤ ਹੋ ਕੇ ਅਰਥਾਂ ਵੱਲ ਧਿਆਨ ਦਿੰਦੇ ਹਨ ਅਤੇ ਉਹਨਾਂ ਨੂੰ ਆਪਣੇ ਜੀਵਨ ਵਿਚ ਧਾਰਨ ਵੀ ਕਰਦੇ ਹਨ। ਕੁਝ ਪਾਠਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਡਿਊਟੀ ਜਾਂ ਵਿਹਾਰ ਦੇ ਰੂਪ ਵਿਚ ਪਾਠ ਕਰਦੇ ਹਨ। ਉਹਨਾਂ ਦਾ ਮਕਸਦ ਨਾ ਤਾਂ ਸੰਸਾਰਿਕ ਸੁਖ ਤੇ ਨਾ ਹੀ ਆਤਮਿਕ ਸੁਖ ਹੁੰਦਾ ਹੈ। ਇਹਨਾਂ ਸਭ ਤਰ੍ਹਾਂ ਦੇ ਪਾਠਕਾਂ ਨੂੰ ਮੁੱਖ ਰੱਖ ਕੇ ਹੀ ਗੁਰੂ ਜੀ ਨੇ ਸੁਖਮਨੀ ਸਾਹਿਬ ਦੀ ਰਚਨਾ ਕੀਤੀ ਹੈ ਅਤੇ ਸਭ ਤਰ੍ਹਾਂ ਦੇ ਉਦੇਸ਼ਾਂ ਨੂੰ ਧਿਆਨ ਵਿਚ ਰੱਖ ਕੇ ਨਾਮ ਸਿਮਰਨ ਦੀਆਂ ਸਭ ਵਿਸ਼ੇਸ਼ਤਾਵਾਂ ਤੇ ਗੁਣਾਂ ਦਾ ਵਰਣਨ ਇਸ ਬਾਣੀ ਵਿਚ ਕੀਤਾ ਹੈ।

ਸੁਖਮਨੀ ਸਾਹਿਬ ਦਾ ਕੇਂਦਰੀ ਵਿਸ਼ਾ ਨਾਮ ਅਤੇ ਨਾਮ ਸਿਮਰਨ ਹੈ। ਇਸ ਬਾਣੀ ਰਾਹੀਂ ਗੁਰੂ ਜੀ ਨੇ ਨਾਮ ਦੀ ਮਹਿਮਾ ਦੱਸੀ ਹੈ ਅਤੇ ਨਾਮ ਸਿਮਰਨ ਦੇ ਫਾਇਦੇ ਦੱਸੇ ਹਨ। ਗੁਰੂ ਜੀ ਨੇ ਅਤਾਮਿਕ ਸੁਖ ਦੀ ਪ੍ਰਾਪਤੀ ਦਾ ਮਾਰਗ ਵੀ ਨਾਮ ਸਿਮਰਨ ਹੀ ਦੱਸਿਆ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥

ਭਗਤ ਜਨਾ ਕੇ ਮਨਿ ਬਿਸ੍ਰਾਮ॥ ਰਹਾਓ॥

ਨਾਮ ਸਿਮਰਨ ਦੇ ਪ੍ਰਕਾਰਜ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੀਆਂ ਅਵਸਥਾਵਾਂ ਦਾ ਬੜੀ ਸੁੰਦਰਤਾ ਨਾਲ ਕੀਤਾ ਚਿਤ੍ਰ ਇਸ ਰਚਨਾਂ ਦਾ ਗੌਰਵ ਹੈ।[26] ਇਸ ਬਾਣੀ ਵਿਚ ਨਾਮ ਸਿਮਰਨ ਦੁਆਰਾ ਪ੍ਰਾਪਤ ਹੋਣ ਵਾਲੇ ਫਲ, ਨਾਮ ਸਿਮਰਨ ਦਾ ਮਹੱਤਵ, ਉਸਦੀ ਮਹਿਮਾ ਅਤੇ ਨਾਮ ਨੂੰ ਅੰਤਰ ਆਤਮਾ ਦੀ ਸੋਝੀ ਦੇਣ ਵਾਲੇ ਦੇ ਰੂਪ ਵਿਚ ਪੇਸ਼ ਕੀਤਾ ਹੈ। ਸੁਖਮਨੀ ਵਿਚ ਕਿਤੇ ਨਾਮ ਜਪਣ ਦੀ ਮਹਿਮਾ, ਕਿਤੇ ਨਾਮ ਜਪਣ ਵਾਲੇ ਦੀ ਮਹਿਮਾ, ਕਿਤੇ ਨਾਮ ਜਪਾਉਣ ਵਾਲੇ ਦੀ ਮਹਿਮਾ ਅਤੇ ਕਿਤੇ ਨਾਮੀ (ਪ੍ਰਭੂ) ਦੀ ਮਹਿਮਾ ਕੀਤੀ ਗਈ ਹੈ। ਗੁਰੂ ਜੀ ਸਭ ਤਰ੍ਹਾਂ ਦੇ ਸਧਕਾਂ ਨੂੰ ਮੁੱਖ ਰੱਖ ਕੇ ਨਾਮ ਸਿਮਰਨ ਦੇ ਗੁਣਾਂ ਨੂੰ ਦੱਸਦੇ ਹਨ। ਗੁਰੂ ਜੀ ਨੇ ਸ਼ੁਰੂ ਵਿਚ ਸਾਧਕ ਦੇ ਦੁਨਿਆਵੀ ਸੁਖਾਂ ਨੂੰ ਮੁੱਖ ਰੱਖ ਕੇ ਨਾਮ ਸਿਮਰਨ ਦੇ ਗੁਣ ਦੱਸੇ ਹਨ। ਪਹਿਲੀ ਅਸਟਪਦੀ ਵਿਚ ਪ੍ਰਭੂ ਦੇ ਸਿਮਰਨ ਨਾਲ ਪ੍ਰਾਪਤ ਹੋਣ ਵਾਲੇ ਸੁਖ ਬਾਰੇ ਦੱਸਿਆ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਹਿ ਮਿਟਾਵਉ॥ (ਅਸਟਪਦੀ 1.1)

ਪ੍ਰਭੂ ਦੇ ਸਿਮਰਨ ਨਾਲ ਸਾਰੇ ਰੋਗ ਕਲੇਸ਼ ਖ਼ਤਮ ਹੋ ਜਾਂਦੇ ਹਨ ਅਤੇ ਦੁਖ ਦੂਰ ਹੋ ਜਾਂਦੇ ਹਨ।

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥
ਪ੍ਰਭ ਕੇ ਸਿਮਰਨਿ ਦੁਖੁ ਨ ਸੰਤਾਪੈ॥ (ਅਸਟਪਦੀ 1.2)

ਪ੍ਰਭੂ ਦੇ ਸਿਮਰਨ ਤੋਂ ਪ੍ਰਾਪਤ ਸੁਖ ਬਾਰੇ ਦੱਸਦਿਆਂ ਕਿਹਾ ਹੈ ਕਿ ਪ੍ਰਭੂ ਸਿਮਰਨ ਨਾਲ ਰਿਧੀਆਂ ਸਿਧੀਆਂ ਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥ (ਅਸਟਪਦੀ 1.3)

ਪ੍ਰਭੂ ਦੇ ਸਿਮਰਨ ਨਾਲ ਅਨਹਦ ਦੀ ਧੁਨ ਸੁਣਾਈ ਦਿੰਦੀ ਹੈ ਜਿਸਨੂੰ ਜਾਗ੍ਰਿਤੀ ਦੀ ਅਵਸਥਾ ਕਿਹਾ ਜਾਂਦਾ ਹੈ ਅਤੇ ਇਹ ਸੁਖ ਸਦੀਵੀ ਹੁੰਦਾ ਹੈ ਇਸ ਦਾ ਅੰਤ ਨਹੀਂ ਹੁੰਦਾ:

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨਾ ਪਾਰ॥ (ਅਸਟਪਦੀ 1.7)

---

[26] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ-207.

ਇਸ ਤੋਂ ਅਗਲੀ ਅਸਟਪਦੀ ਵਿਚ ਨਾਮ ਸਿਮਰਨ ਦੇ ਮਹੱਤਵ ਨੂੰ ਦੱਸਦੇ ਹੋਏ ਗੁਰੂ ਜੀ ਨੇ ਭਿੰਨ-ਭਿੰਨ ਦੁੱਖਾਂ ਦਾ ਹੱਲ ਨਾਮ ਸਿਮਰਨ ਨੂੰ ਦੱਸਿਆ ਹੈ। ਜਿਥੇ ਕੋਈ ਸਾਕ-ਸੰਬੰਧੀ ਧਨ-ਦੌਲਤ ਦੀ ਸਹਾਇਤਾ ਨਹੀਂ ਕਰ ਸਕਦਾ ਉਥੇ ਪਰਮਾਤਮਾ ਦਾ ਨਾਮ ਸਹਾਈ ਹੁੰਦਾ ਹੈ। ਇਸ ਕਰਕੇ ਸਭ ਸੁਖਾਂ ਦੀ ਪ੍ਰਾਪਤੀ ਲਈ ਨਾਮ ਸਿਮਰਨ ਜ਼ਰੂਰੀ ਹੈ।

ਜਹ ਮਾਤਾ ਪਿਤਾ ਸੁਤ ਮੀਤ ਨਾ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ (ਅਸਟਪਦੀ 2.1)

ਮਨੁੱਖ ਨੂੰ ਲੱਖਾਂ ਮੁਸ਼ਕਲਾਂ ਅਤੇ ਵਿਘਨਾਂ ਵਿਚੋਂ ਪਰਮਾਤਮਾ ਦਾ ਨਾਮ ਹੀ ਕੱਢ ਸਕਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਨਾਲ ਆਤਮਿਕ ਸੁਖ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ:

ਅਨਿਕ ਬਿਘਨ ਜਹ ਆਇ ਸੰਘਾਰੈ॥
ਹਰਿ ਕਾ ਨਾਮੁ ਤਤਕਾਲ ਉਧਾਰੈ॥ (ਅਸਟਪਦੀ 2.3)

ਇਸ ਲਈ ਪ੍ਰਭੂ ਦਾ ਨਾਮ ਸਿਮਰਨ ਸਭ ਤੋਂ ਉੱਤਮ ਹੈ ਜਿਸ ਨਾਲ ਸਭ ਦੁੱਖ, ਦਰਦ ਖ਼ਤਮ ਹੋ ਜਾਂਦੇ ਹਨ।

ਸਭ ਤੋਂ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥ (ਅਸਟਪਦੀ 2.8)

ਗੁਰੂ ਜੀ ਨੇ ਸੁਖਮਨੀ ਵਿਚ ਨਾਮ ਸਿਮਰਨ ਨੂੰ ਬਾਕੀ ਸਭ ਧਾਰਮਿਕ ਕਾਰਜਾਂ ਤੋਂ ਉੱਤਮ ਦੱਸਿਆ ਹੈ। ਗੁਰੂ ਜੀ ਨੇ ਸੁਖਮਨੀ ਵਿਚ ਹਰ ਤਰ੍ਹਾਂ ਦੇ ਫਲ ਦੀ ਪ੍ਰਾਪਤੀ ਨਾਮ ਸਿਮਰਨ ਰਾਹੀਂ ਹੋ ਸਕਣ ਦਾ ਭਰੋਸਾ ਦਿੱਤਾ ਹੈ। ਨਾਮ ਸਿਮਰਨ ਤੋਂ ਬਿਨਾਂ ਕੀਤੇ ਬਾਕੀ ਹੋਰ ਧਾਰਮਿਕ ਕਾਰਜ ਬੇਅਰਥ ਹਨ। ਵਰਤ, ਪੂਜਾ, ਕਰਮਕਾਂਡ, ਬਲੀ ਅਤੇ ਸਨਿਆਸ ਦੇ ਮਾਰਗ ਤੇ ਚੱਲ ਕੇ ਸਰੀਰ ਨੂੰ ਕਸ਼ਟ ਦੇਣਾ ਆਦਿ ਕਾਰਜ ਨਾਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ। ਆਤਮਿਕ ਸ਼ਾਂਤੀ ਦੀ ਪ੍ਰਾਪਤੀ ਲਈ ਹਉਮੈ ਦੀ ਮੈਲ ਸਾਫ਼ ਕਰਕੇ ਪ੍ਰਭੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ, ਜਿਵੇਂ:

ਨਉ ਖੰਡ ਪ੍ਰਿਥਵੀ ਫਿਰੈ ਚਿਰੁ ਜੀਵੈ॥
ਮਹਾ ਉਦਾਸੁ ਤਪੀਸਰੁ ਥੀਵੈ॥
ਅਗਨਿ ਮਾਹਿ ਹੋਮਤ ਪਰਾਨ॥
ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥
ਜੈਨ ਮਾਰਗ ਸੰਜਮ ਅਤਿ ਸਾਧਨ॥

ਨਿਮਖ-ਨਿਮਖ ਕਰਿ ਸਰੀਰ ਕਟਾਵੈ॥

ਤਉ ਭੀ ਹਉਮੈ ਮੈਲੁ ਨਾ ਜਾਵੈ॥

ਹਰਿ ਕੇ ਨਾਮ ਸਮਸਰਿ ਕਿਛੁ ਨਾਹਿ॥

ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥ (ਅਸਟਪਦੀ 3.2)

ਸੁਖਮਨੀ ਸਾਹਿਬ ਵਿਚ ਦੱਸਿਆ ਹੈ ਕਿ ਪ੍ਰਾਪਤ ਸੁਖ ਦਾ ਸ਼ੁਕਰਾਨਾ ਕਰਨ ਲਈ ਉਸ ਪ੍ਰਭੂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਤੇ ਉਸ ਦਾ ਨਾਮ ਜਪਣਾ ਚਾਹੀਦਾ ਹੈ। ਜੋ ਅਜਿਹਾ ਨਹੀਂ ਕਰਦੇ ਉਹ ਅਕ੍ਰਿਤਘਣ, ਮੂਰਖ ਅਤੇ ਮਨਮੁਖ ਹਨ। ਅਜਿਹੇ ਲੋਕਾਂ ਨੂੰ ਪ੍ਰਭੂ ਦੀ ਕ੍ਰਿਪਾ ਨਾਲ ਹੀ ਇਸ ਮਾਇਆ ਜਾਲ ਵਿਚੋਂ ਕੱਢਿਆ ਜਾ ਸਕਦਾ ਹੈ।

ਅੰਧ ਕੂਪ ਮਹਿ ਪਤਿਤ ਬਿਕਰਾਲ॥

ਨਾਨਕ ਕਢਿ ਲੇਹੁ ਪ੍ਰਭੂ ਦਇਆਲ॥ (ਅਸਟਪਦੀ 4.4)

ਸੁਖਮਨੀ ਦੇ ਆਰੰਭ ਵਿਚ ਨਾਮ ਸਿਮਰਨ ਨੂੰ ਦੁਨਿਆਵੀ ਸੁਖਾਂ ਨੂੰ ਪ੍ਰਾਪਤ ਕਰਨ ਦਾ ਸਾਧਨ ਦੱਸਿਆ ਹੈ ਪਰ ਸੁਖਮਨੀ ਵਿਚ ਪਿਛਲੀਆਂ ਅਸਟਪਦੀਆਂ ਵਿਚ ਨਾਮ ਸਿਮਰਨ ਆਤਮਿਕ ਸੁਖਾਂ ਦੀ ਪ੍ਰਾਪਤੀ ਦਾ ਸਾਧਨ ਬਣਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਮਨੁੱਖ ਦੁਨਿਆਵੀ ਸੁਖਾਂ ਤੋਂ ਉੱਪਰ ਉੱਠ ਕੇ ਸਾਧਕ ਤੋਂ ਬ੍ਰਹਮ ਗਿਆਨੀ ਦੀ ਅਵਸਥਾ ਤੱਕ ਪਹੁੰਚਦਾ ਹੈ ਜਿਥੇ ਜਾ ਕੇ ਉਹ ਆਤਮਿਕ ਸੁਖ ਦੀ ਲੋੜ ਮਹਿਸੂਸ ਕਰਦਾ ਹੈ। ਸੁਖਮਨੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਨਾਮ ਸਿਮਰਨ ਨਾਲ ਮਨੁੱਖ ਦੀਆਂ ਇੰਦਰੀਆਂ ਤੇ ਕੰਟਰੋਲ ਹੋ ਜਾਂਦਾ ਹੈ। ਨਾਮ ਸਿਮਰਨ ਮਨੁੱਖ ਦੀ ਹਉਮੈ ਅਤੇ ਬਾਕੀ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਖ਼ਤਮ ਕਰਦਾ ਹੈ। ਗੁਰੂ ਜੀ ਨੇ ਨਾਮ ਸਿਮਰਨ ਨੂੰ ਸਭ ਤੋਂ ਵੱਡਾ ਕਿਹਾ ਹੈ ਜੋ ਪ੍ਰਭੂ ਦੇ ਦਰਗਾਹ ਵਿਚ ਕੰਮ ਆਉਂਦਾ ਹੈ।

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥

ਜਪਿ ਨਾਨਕ ਦਰਗਹਿ ਪਰਵਾਨੁ॥ (ਅਸਟਪਦੀ 19.3)

ਗੁਰੂ ਜੀ ਮਨੁੱਖ ਨੂੰ ਦੱਸਦੇ ਹਨ ਕਿ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਵਸਤੂ ਉਸ ਦੇ ਨਾਲ ਨਹੀਂ ਜਾਣੀ।

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥

ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹ ਧਨੁ ਸਾਰੁ॥੧॥

(ਸਲੋਕ ਅਸਟਪਦੀ 19)

ਇਸ ਲਈ ਨਾਮ ਸਿਮਰਨ ਮਨੁੱਖ ਲਈ ਸਭ ਤੋਂ ਜ਼ਰੂਰੀ ਤੇ ਉੱਤਮ ਕਾਰਜ ਹੈ। ਜੋ ਵੀ ਉਸ ਦਾ ਨਾਮ ਸਿਮਰਨ ਕਰਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ।

ਜੋ ਜੋ ਜਪੈ ਸੁ ਹੋਇ ਪੁਨੀਤ॥
ਭਗਤਿ ਭਾਇ ਲਾਵੈ ਮਨ ਹੀਤ॥ (ਅਸਟਪਦੀ 20.7)

ਨਾਮ ਸਿਮਰਨ ਰਾਹੀਂ ਪਵਿੱਤਰ ਹੋਏ ਸਾਧਕ ਹੀ ਦਰਗਾਹ ਵਿਚ ਪ੍ਰਵਾਨ ਕੀਤੇ ਜਾਂਦੇ ਹਨ, ਉਹਨਾਂ ਦਾ ਅਵਾਗਵਨ ਮੁੱਕ ਜਾਂਦਾ ਹੈ ਅਤੇ ਉਹਨਾਂ ਦੀ ਮੁਕਤੀ ਹੋ ਜਾਂਦੀ ਹੈ।

ਸਰਬ ਬੈਕੁੰਠ ਮੁਕਤਿ ਮੋਖ ਪਾਏ॥
ਏਕ ਨਿਖਮ ਹਰਿ ਕੇ ਗੁਨ ਗਾਏ॥ (ਅਸਟਪਦੀ 20.8)

ਸੁਖਮਨੀ ਵਿਚ ਗੁਰੂ ਜੀ ਸਾਧਕ ਦਾ ਮਾਰਗ ਦਰਸ਼ਨ ਕਰਦੇ ਹੋਏ ਕਹਿੰਦੇ ਹਨ ਕਿ ਸਾਨੂੰ ਪ੍ਰਭੂ ਅੱਗੇ ਹਮੇਸ਼ਾ ਇਹੀ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ ਮੈਂ ਤੈਥੋਂ ਨਾਮ ਸਿਮਰਨ ਮੰਗਦਾ ਹਾਂ, ਸਾਧ ਦੀ ਸੰਗਤ ਮੰਗਦਾ ਹਾਂ। ਪ੍ਰਭੂ ਆਪਣੀ ਕ੍ਰਿਪਾ ਕਰੋ ਕਿ ਮੈਂ ਹਰ ਸਾਹ ਤੈਨੂੰ ਯਾਦ ਕਰਾਂ ਤੇਰੀ ਭਗਤੀ ਕਰਾਂ:

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥

(ਸਲੋਕ ਅਸਟਪਦੀ 20)

ਇਸ ਤੋਂ ਇਲਾਵਾ ਗੁਰੂ ਜੀ ਦੱਸਦੇ ਹਨ ਕਿ ਜਿਸ ਸਾਧਕ ਦੇ ਮਨ ਵਿਚ ਪ੍ਰਭੂ ਦਾ ਨਾਮ ਵਸ ਜਾਂਦਾ ਹੈ ਉਸ ਵਿਅਕਤੀ ਨੂੰ ਸੰਸਾਰ ਦੇ ਸਭ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਅਜਿਹੇ ਵਿਅਕਤੀ ਦੀ ਸ਼ੋਭਾ ਵਿਚ ਗੁਰੂ ਜੀ ਕਹਿੰਦੇ ਹਨ ਕਿ:

ਇਹ ਹਰਿ ਰਸੁ ਪਾਵੈ ਜਨੁ ਕੋਇ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥
ਉਸ ਪੁਰਖ ਕਾ ਨਾਹੀ ਕਦੇ ਬਿਨਾਸ॥
ਜਾ ਕੈ ਮਨਿ ਪ੍ਰਗਟੇ ਗੁਨਤਾਸ॥
ਆਠ ਪਹਰ ਹਰਿ ਕਾ ਨਾਮੁ ਲੇਇ॥
ਸਚੁ ਉਪਦੇਸੁ ਸੇਵਕ ਕਉ ਦੇਇ॥
ਮੋਹ ਮਾਇਆ ਕੈ ਸੰਗਿ ਨ ਲੇਪੁ॥
ਮਨ ਮਹਿ ਰਾਖੈ ਹਰਿ ਹਰਿ ਏਕੁ॥

ਅੰਧਕਾਰ ਦੀਪਕ ਪਰਗਾਸੇ॥

ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ॥ (ਅਸਟਪਦੀ 18.6)

ਉਪਰੋਕਤ ਅਧਿਐਨ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਨਾਮ ਸਿਮਰਨ ਦੇ ਅਨੇਕਾਂ ਗੁਣ ਜਾਂ ਵਿਸ਼ੇਸ਼ਤਾਵਾਂ ਨੂੰ ਸੁਖਮਨੀ ਸਾਹਿਬ ਵਿਚ ਵਿਅਕਤ ਕੀਤਾ ਹੈ ਤਾਂ ਜੋ ਕਿ ਹਰ ਪ੍ਰਕਾਰ ਦੇ ਪਾਠਕ ਦੇ ਉਦੇਸ਼ਾਂ ਦੀ ਪੂਰਤੀ ਹੋ ਸਕੇ।

**1. ਨਾਮ ਸਿਮਰਨ ਸੁਖ ਦੇ ਰੂਪ ਵਿਚ:**

ਗੁਰੂ ਜੀ ਨੇ ਨਾਮ ਸਿਮਰਨ ਨੂੰ ਸਮਸਤ ਤਰ੍ਹਾਂ ਦੇ ਸੁਖਾਂ ਦਾ ਖ਼ਜਾਨਾ ਦੱਸਿਆ ਹੈ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਨਾਮ ਸਿਮਰਨ ਨੂੰ ਦੋਹਾਂ ਤਰ੍ਹਾਂ ਭਾਵ ਸੰਸਾਰਿਕ ਤੇ ਆਤਮਿਕ ਸੁਖ ਦਾ ਸਾਧਨ ਮੰਨਿਆ ਹੈ:

**i) ਸੰਸਾਰਿਕ ਸੁਖ:**

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥ (ਅਸਟਪਦੀ 1.3)

ਜਾਂ

ਪ੍ਰਭ ਕਉ ਸਿਮਰਹਿ ਸੇ ਧਨਵੰਤੇ॥

ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥

ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥ (ਅਸਟਪਦੀ 1.5)

**ii) ਆਤਮਿਕ ਸੁਖ:**

ਸਗਲ ਮਤਾਂਤ ਕੇਵਲ ਹਰਿ ਨਾਮ॥

ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥

**2. ਨਾਮ ਸਿਮਰਨ ਵਡਿਆਈ ਦੇ ਰੂਪ ਵਿਚ:**

ਸੁਖਮਨੀ ਸਾਹਿਬ ਵਿਚ ਗੁਰੂ ਜੀ ਨੇ ਨਾਮ ਸਿਮਰਨ ਨੂੰ ਸੁਖਾਂ ਦੇ ਨਾਲ-ਨਾਲ ਵਡਿਆਈ ਦੇਣ ਵਾਲੇ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ:

ਹਰਿ ਕਾ ਨਾਮੁ ਜਨ ਕੀ ਵਡਿਆਈ॥

ਹਰਿ ਕੈ ਨਾਮਿ ਜਨ ਸੋਭਾ ਪਾਈ॥ (ਅਸਟਪਦੀ 2.6)

**3. ਨਾਮ ਸਿਮਰਨ ਅਨਮੋਲ ਖ਼ਜ਼ਾਨੇ ਦੇ ਰੂਪ ਵਿਚ:**

ਗੁਰੂ ਜੀ ਦਸਦੇ ਹਨ ਕਿ ਮਨੁੱਖ ਦੀ ਮੌਤ ਤੋਂ ਬਾਅਦ ਕੋਈ ਵੀ ਵਸਤੂ ਉਸ ਨਾਲ ਨਹੀਂ ਜਾਂਦੀ। ਸਭ ਸੰਸਾਰਿਕ ਵਸਤੂਆਂ ਇਥੇ ਹੀ ਰਹਿ ਜਾਂਦੀਆਂ ਹਨ। ਜੇਕਰ ਕੋਈ ਚੀਜ਼ ਨਾਲ ਜਾਂਦੀ ਹੈ ਤਾਂ ਉਹ ਕੇਵਲ ਨਾਮ ਸਿਮਰਨ ਹੈ। ਇਸ ਲਈ ਨਾਮ ਸਿਮਰਨ ਅਜਿਹਾ ਖਜ਼ਾਨਾ ਹੈ ਜੋ ਮਨੁੱਖ ਨਾਲ ਹਰ ਥਾਂ ਸਹਾਈ ਹੁੰਦਾ ਹੈ:

ਸਾਥਿ ਨਾ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥

(ਸਲੋਕ ਅਸਟਪਦੀ 19)

ਜਾਂ

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨ॥
ਜਪਿ ਨਾਨਕ ਦਰਗਹਿ ਪਰਵਾਨੁ॥ (ਅਸਟਪਦੀ 19.2)

**4. ਨਾਮ ਸਿਮਰਨ ਮਾਰਗ ਦਰਸ਼ਕ ਦੇ ਰੂਪ ਵਿਚ:**

ਸੁਖਮਨੀ ਵਿਚ ਗੁਰੂ ਜੀ ਨੇ ਨਾਮ ਸਿਮਰਨ ਨੂੰ ਮਨੁੱਖ ਦੇ ਮਾਰਗ ਦਰਸ਼ਕ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ। ਗੁਰੂ ਜੀ ਅਨੁਸਾਰ ਪ੍ਰਭੂ ਦਾ ਨਾਮ ਮਨੁੱਖ ਦੇ ਵਿਕਾਰਾਂ ਨੂੰ ਦੂਰ ਕਰਕੇ ਉਸ ਨੂੰ ਸਹੀ ਰਸਤੇ ਤੇ ਪਾਉਂਦਾ ਹੈ। ਇਸ ਤੋਂ ਇਲਾਵਾ ਜਿਸ ਜਗ੍ਹਾ ਸੰਸਾਰ ਦੀਆਂ ਹੋਰ ਸਭ ਵਸਤੂਆਂ ਕੰਮ ਨਹੀਂ ਆਉਂਦੀਆਂ ਉਥੇ ਕੇਵਲ ਪ੍ਰਭੂ ਦਾ ਨਾਮ ਹੀ ਸਹਾਈ ਹੁੰਦਾ ਹੈ:

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ॥
ਜਿਹ ਪੈਡ ਮਹਾ ਅੰਧ ਗੁਬਾਰਾ॥
ਹਰਿ ਕਾ ਨਾਮੁ ਸੰਗਿ ਉਜੀਆਰਾ॥ (ਅਸਟਪਦੀ 4.2)

**5. ਨਾਮ ਸਿਮਰਨ ਆਤਮਿਕ ਅਨੁਭਵ (ਆਤਮਿਕ ਸੋਝੀ) ਦੇਣ ਵਾਲੇ ਦੇ ਰੂਪ ਵਿਚ:**

ਗੁਰੂ ਜੀ ਨੇ ਨਾਮ ਸਿਮਰਨ ਨੂੰ ਮਨੁੱਖ ਦਾ ਸਭ ਤੋਂ ਜ਼ਰੂਰੀ ਕਾਰਜ ਦੱਸਿਆ ਹੈ। ਨਾਮ ਸਿਮਰਨ ਨਾਲ ਹੀ ਮਨੁੱਖ ਪ੍ਰਭੂ ਨੂੰ ਜਾਣ ਸਕਦਾ ਹੈ, ਉਸ ਨਾਲ ਅਭੇਦ ਹੋ ਸਕਦਾ ਹੈ ਜੋ ਮਨੁੱਖ ਦਾ ਅੰਤਿਮ ਉਦੇਸ਼ ਹੈ। ਇਸੇ ਲਈ ਹੀ ਮਨੁੱਖ ਦਾ ਜਨਮ ਹੋਇਆ ਹੈ:

ਜੋ ਜੋ ਜਪੈ ਸੁ ਹੋਇ ਪੁਨੀਤ॥

ਭਗਤਿ ਭਾਇ ਲਾਵੈ ਮਨ ਹੀਤ॥ (ਅਸਟਪਦੀ 20.7)

ਸਰਬ ਬੈਕੁੰਠ ਮੁਕਤਿ ਮੋਖ ਪਾਇ॥

ਏਕ ਨਿਮਖ ਹਰਿ ਕੇ ਗੁਨ ਗਾਇ॥ (ਅਸਟਪਦੀ 20.8)

ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਨਾਮ ਸਿਮਰਨ ਨੂੰ ਸਭ ਤਰ੍ਹਾਂ ਦੇ ਸੁਖਾਂ ਦਾ ਖ਼ਜਾਨਾ ਮੰਨਿਆ ਹੈ। ਨਾਮ ਸਿਮਰਨ ਹੀ ਮਨੁੱਖ ਦੀ ਬ੍ਰਹਮ ਨਾਲ ਅਭੇਦਤਾ ਦਾ ਸਾਧਨ ਹੈ। ਨਾਮ ਸਿਮਰਨ ਲਈ ਹੁਕਮ ਜਾਂ ਰਜਾ ਵਿਚ ਰਹਿਣਾ, ਗੁਰੂ ਧਾਰਨ ਕਰਨਾ ਅਤੇ ਸਾਧ ਦੀ ਸੰਗਤ ਕਰਨੀ ਜ਼ਰੂਰੀ ਹੈ। ਇਹਨਾਂ ਨੂੰ ਅਪਣਾ ਕੇ ਜਦੋਂ ਆਤਮਿਕ ਵਿਕਾਸ ਹੋਣਾ ਸ਼ੁਰੂ ਹੋ ਜਾਵੇ ਤਾਂ ਬ੍ਰਹਮ ਨਾਲ ਅਭੇਦਤਾ ਲਈ ਸਿਖਰਲੀ ਪੌੜੀ ਬ੍ਰਹਮ ਦੀ ਕਿਰਪਾ ਹੈ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਵੀ ਨਾਮ ਸਿਮਰਨ ਦੇ ਇਹੋ ਸਾਧਨ ਦੱਸੇ ਹਨ:

### 3.1.4.1 ਹੁਕਮ:

ਨਾਮ ਸਿਮਰਨ ਦਾ ਇਕ ਪੱਖ ਪ੍ਰਭੂ ਹੁਕਮ ਨੂੰ ਮੰਨਣਾ ਜਾਂ ਉਸ ਦੇ ਹੁਕਮ ਅਨੁਸਾਰ ਚੱਲਣਾ ਹੈ। ਗੁਰਬਾਣੀ ਵਿਚ ਹੁਕਮ ਸ਼ਬਦ ਦੀ ਵਰਤੋਂ ਵੱਡੀ ਮਾਤਰਾ ਵਿਚ ਹੋਈ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਚ ਹੁਕਮ ਦੇ ਨਾਲ-ਨਾਲ ਰਜ਼ਾ ਜਾਂ ਭਾਣਾ ਸ਼ਬਦਾਂ ਦੀ ਵਰਤੋਂ ਵੀ ਹੋਈ ਮਿਲਦੀ ਹੈ।

ਹੁਕਮ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਅਰਥ ਹੈ 'ਫਰਮਾਨ'। ਕੁਰਾਨਿਕ ਸਾਹਿਤ ਵਿਚ ਇਸਦੀ ਵਰਤੋਂ ਸ਼ਾਹੀ ਜਾਂ ਇਲਾਹੀ ਆਦੇਸ਼ ਲਈ ਕੀਤੀ ਗਈ ਹੈ। ਇਹ ਸ਼ਬਦ ਕਿਸੇ ਭਾਵ-ਭੂਮੀ ਅਧਾਰ ਤੇ ਭਾਰਤੀ ਭਾਸ਼ਾਵਾਂ ਵਿਚ ਮੁਸਲਮਾਨਾਂ ਦੇ ਆਉਣ ਨਾਲ ਪ੍ਰਚੱਲਿਤ ਹੋਇਆ।[27]

ਹੁਕਮ-ਰਜ਼ਾ ਦਾ ਰਹੱਸ ਅਸਲੋਂ ਦੁਰਗਮ ਹੈ। ਇਹ ਆਤਮਾ ਦੀ ਅਤਿ ਵਿਕਸਤ ਅਵਸਥਾ ਨਾਲ ਸਬੰਧਤ ਹੈ। ਰੱਬ ਦੀ ਦਰਗਾਹ ਵਿਚ ਇਸੇ ਰਹੱਸ ਦੀ ਪ੍ਰਾਪਤੀ ਕੰਮ ਆਉਂਦੀ ਹੈ।[28]

ਹਰ ਧਰਮ ਵਿਚ ਹੁਕਮ ਦਾ ਵਿਸ਼ੇਸ਼ ਸਥਾਨ ਹੈ। ਜੀਵ ਨੂੰ ਹਰ ਧਰਮ ਵਿਚ ਪਰਮਾਤਮਾ ਦੇ ਹੁਕਮ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ ਗਿਆ ਹੈ। ਇਹ ਹੁਕਮ, ਆਗਿਆ, ਰਜ਼ਾ, ਭਾਣਾ, ਮਰਜ਼ੀ ਦਾ ਸਮਾਨਾਰਥਕ ਸ਼ਬਦ ਹੀ ਹੈ।

---

[27] ਪੰਜਾਬੀ ਸਾਹਿਤ ਕੋਸ਼, ਪੰਨਾ-296.

[28] ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ, ਪੰਨਾ-77.

ਹੁਕਮ ਰੱਬੀ ਰਜ਼ਾ ਵਿਚ ਰਹਿਣ ਨੂੰ ਆਖਦੇ ਹਨ, ਰੱਬੀ ਨਿਯਮਾਂ ਦੀ ਪਾਲਣਾ ਨੂੰ ਆਖਦੇ ਹਨ। ਇਹ ਨਿਯਮ ਤਿੰਨਾਂ ਖੇਤਰਾਂ ਵਿਚ ਸਾਰੇ ਸਮਿਆਂ ਵਿਚ ਸਦਾ ਲਾਗੂ ਹੁੰਦੇ ਹਨ, ਖੇਤਰ ਹਨ – ਜਿਸਮਾਨੀ, ਇਖਲਾਕੀ ਤੇ ਆਤਮਕ।[29]

ਜੇਕਰ ਗੁਰਬਾਣੀ ਵਿਚ ਹੁਕਮ ਸ਼ਬਦ ਤੇ ਵਿਚਾਰ ਕਰੀਏ ਤਾਂ ਹੁਕਮ ਦੇ ਪਿੱਛੇ ਈਸ਼ਵਰੀ ਇੱਛਾ ਮੌਜੂਦ ਹੈ। ਹੁਕਮ ਗੁਰਬਾਣੀ ਵਿਚ ਇਕ ਮੁੱਖ ਸੰਕਲਪ ਦੇ ਤੌਰ ਤੇ ਆਇਆ ਹੈ। ਗੁਰਮਤਿ ਚਿੰਤਕਾਂ ਅਨੁਸਾਰ ਹੁਕਮ ਇਕ ਅਲਿਖਤ ਰੱਬੀ ਆਦੇਸ਼ ਹੈ, ਇਸ ਨੂੰ ਪਰਮਾਤਮ ਨਿਯਮ ਵੀ ਕਿਹਾ ਜਾ ਸਕਦਾ ਹੈ। ਗੁਰਮਤਿ ਵਿਚਲਾ ਹੁਕਮ ਦੁਨੀਆਵੀ ਹੁਕਮਾਂ ਵਾਂਗ ਨਹੀਂ। ਇਥੇ ਹੁਕਮ ਦਾ ਸੰਕਲਪ ਅਟੱਲ, ਨਿਰੰਤਰ ਤੇ ਅਨਾਦੀ ਹੋਣਾ ਹੈ। ਗੁਰਬਾਣੀ ਅਨੁਸਾਰ ਪੂਰੀ ਸ੍ਰਿਸ਼ਟੀ ਦੇ ਜੀਵ ਉਸ ਪਰਮ ਸੱਤਾ ਦੇ ਹੁਕਮ ਵਿਚ ਚੱਲਦੇ ਹਨ। ਗੁਰੂ ਨਾਨਕ ਦੇਵ ਜੀ ਨੇ ਹੁਕਮ ਦੇ ਸੰਕਲਪ ਨੂੰ ਜਪੁਜੀ ਵਿਚ ਬਾਖ਼ੂਬੀ ਪੇਸ਼ ਕੀਤਾ ਹੈ:

ਹੁਕਮੈ ਅੰਦਰਿ ਸਭੁ ਕੋ, ਬਾਹਰ ਹੁਕਮਿ ਨ ਕੋਇ॥

ਗੁਰਬਾਣੀ ਮਨੁੱਖ ਨੂੰ ਵੀ ਸ੍ਰਿਸ਼ਟੀ ਅਨੁਸਾਰ ਹੁਕਮ ਵਿਚ ਚੱਲਣ ਲਈ ਪ੍ਰੇਰਦੀ ਹੈ। ਇਸੇ ਵਿਚ ਹੀ ਮਨੁੱਖ ਦਾ ਭਲਾ ਹੈ। ਧਾਰਮਿਕ ਚਿੰਤਨ ਅਨੁਸਰ ਸਰਵਸ੍ਰੇਸ਼ਠ ਮਨੁੱਖ ਉਹ ਹੈ ਜੋ ਹੁਕਮ ਵਿਚ ਚੱਲੇ। ਇਹ ਹੁਕਮ ਸ੍ਰਿਸ਼ਟੀ ਦੀ ਆਗਿਆ ਦਾ ਪਾਲਣ ਹੀ ਹੈ, ਭਾਵੇਂ ਮਨੁੱਖ ਨੂੰ ਪਰਮਾਤਮਾ ਦੇ ਨਾਮ ਨਾਲ ਜੋੜ ਕੇ ਉਸਦੇ ਆਦੇਸ਼ ਵਿਚ ਚੱਲਣ ਲਈ ਪ੍ਰੇਰਿਆ ਜਾਂਦਾ ਹੈ। ਗੁਰਮਤਿ ਚਿੰਤਕਾਂ ਅਨੁਸਾਰ ਸ੍ਰਿਸ਼ਟੀ ਅਤੇ ਪਰਮਾਤਮਾ ਦੇ ਭੇਦ ਦੋ ਤਰੀਕਿਆਂ ਨਾਲ ਉੱਭਰ ਕੇ ਸਾਡੇ ਸਾਹਮਣੇ ਆਉਂਦੇ ਹਨ:

**1. ਸ੍ਰਿਸ਼ਟੀ ਹੀ ਪਰਮਾਤਮਾ:**

ਸ੍ਰਿਸ਼ਟੀ ਰਚਨਾ ਇਕ ਕੁਦਰਤੀ ਵਰਤਾਰਾ ਹੈ। ਇਹ ਚੱਕਰਮਈ ਰੂਪ ਵਿਚ ਨਿਰੰਤਰ ਚੱਲਦਾ ਰਹਿੰਦਾ ਹੈ। ਕੁਝ ਗੁਰਮਤਿ ਚਿੰਤਕ ਇਸੇ ਕੁਦਰਤ ਨੂੰ ਹੀ ਪਰਮਾਤਮਾ ਦਾ ਨਾਂ ਦਿੰਦੇ ਹਨ ਜਿਸਦੇ ਹੁਕਮ ਨਾਲ ਸਭ ਵਰਤਾਰਾ ਵਰਤ ਰਿਹਾ ਹੈ। ਉਹਨਾਂ ਅਨੁਸਾਰ ਸ੍ਰਿਸ਼ਟੀ ਦੀ ਉਪਜਨ-ਬਿਨਸਨ ਦੀ ਪ੍ਰਕਿਰਿਆ ਵਿਚ ਪਰਮਾਤਮਾ ਦੀ ਹੋਂਦ ਹੈ।

ਆਪਨ ਖੇਲੁ ਆਪਿ ਕਰਿ ਦੇਖੈ॥
ਖੇਲੁ ਸੰਕੋਚੈ ਤਉ ਨਾਨਕ ਏਕੈ॥ (ਅਸਟਪਦੀ 21.7)

[29] Dr. S.S. Kohli, Outlines of Sikh Thought, p. 56.

**2. ਸ੍ਰਿਸ਼ਟੀ ਦਾ ਚਾਲਕ ਪਰਮਾਤਮਾ:**

ਦੂਸਰੇ ਪਾਸੇ ਕੁਝ ਚਿੰਤਕ ਅਜਿਹੇ ਹਨ ਜਿਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਪਿੱਛੇ ਇਕ ਅਲੌਕਿਕ ਸ਼ਕਤੀ (ਪਰਮਾਤਮਾ) ਹੈ ਜੋ ਆਪ ਛੁਪ ਕੇ ਹੁਕਮ ਅੰਦਰ ਸਭ ਵਰਤਾਰੇ ਵਰਤਾ ਰਹੀ ਹੈ। ਸ੍ਰਿਸ਼ਟੀ ਦੀ ਗਤੀਸ਼ੀਲਤਾ ਦੀ ਵਾਗਡੋਰ ਉਸ ਪਰਮਾਤਮਾ ਦੇ ਹੱਥ ਵਿਚ ਹੀ ਹੈ ਉਹ ਜੋ ਭਾਵੇ ਸੋ ਕਰਦਾ ਹੈ:

ਜੋ ਭਾਵੈ ਸੋ ਕਾਰ ਕਰਾਵੈ॥
ਨਾਨਕ ਦ੍ਰਿਸਟੀ ਅਵਰੁ ਨ ਆਵੈ॥ (ਅਸਟਪਦੀ 11.2)

ਹੁਕਮ ਇਸੇ ਪਰਮਾਤਮਾ ਜਾਂ ਸ੍ਰਿਸ਼ਟੀ ਦੇ ਅਨੁਕੂਲ ਚੱਲਣ ਦਾ ਨਾਂ ਹੈ। ਕੁਝ ਗੁਰਮਤਿ ਚਿੰਤਕਾਂ ਅਨੁਸਾਰ ਹੁਕਮ ਨੂੰ ਦੈਵੀ ਵਿਧਾਨ ਵੀ ਮੰਨਿਆ ਗਿਆ ਹੈ ਕਿਉਂਕਿ ਇਹ ਦੈਵੀ ਇੱਛਾ ਅਨੁਸਾਰ ਹੋ ਰਿਹਾ ਕਰਮ ਹੈ ਜੋ ਬ੍ਰਹਿਮੰਡ ਸਿਰਜਨਾ ਨਾਲ ਇਕਸਾਰ ਜਾਂ ਅਨੁਕੂਲ ਹੋ ਕੇ ਕੰਮ ਕਰ ਰਿਹਾ ਹੈ। ਅਸਲ ਵਿਚ ਹੁਕਮ ਲਈ ਇੱਛਾ (will) ਨਾਲੋਂ ਆਦੇਸ਼ (order) ਸ਼ਬਦ ਵਧੇਰੇ ਅਨੁਕੂਲ ਜਾਪਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵੀ ਹੁਕਮ ਦੇ ਸੰਕਲਪ ਨੂੰ ਪੇਸ਼ ਕੀਤਾ ਹੈ। ਉਹਨਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਵੀ ਪਰਮਾਤਮਾ ਦੇ ਹੁਕਮ ਅਨੁਸਾਰ ਹੋਈ ਹੈ।

ਆਵਨੁ ਜਾਵਨੁ ਦ੍ਰਿਸ਼ਟਿ ਅਨਦ੍ਰਿਸਟਿ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ॥
ਆਪੇ ਆਪਿ ਸਗਲ ਮਹਿ ਆਪਿ॥
ਅਨਿਕ ਜੁਗਤਿ ਰਚਿ ਥਾਪਿ ਉਥਾਪਿ॥ (ਅਸਟਪਦੀ 14.6)

ਰੱਬ ਦੇ ਹੁਕਮ ਵਿਚ ਸਾਰੀ ਖੇਡ ਵਰਤ ਰਹੀ ਹੈ। ਸੰਸਾਰ ਉਸ ਦੇ ਹੁਕਮ ਵਿਚ ਉਪਜਦਾ ਤੇ ਬਿਨਸਦਾ ਹੈ। ਸਭ ਅਕਾਰ ਤੇ ਜੀਅ ਜੰਤ ਉਸ ਦੇ ਬਣਾਏ ਬਣਦੇ ਤੇ ਢਹਿੰਦੇ ਭਾਵ ਖਤਮ ਹੁੰਦੇ ਹਨ। ਉਹੀ ਸਭ ਨੂੰ ਮਾਣ ਬਖਸ਼ਦਾ ਹੈ। ਉਹੀ ਜੀਆਂ ਨੂੰ ਭਟਕਣ ਵਿਚ ਪਾਉਂਦਾ ਤੇ ਸਜ਼ਾ ਦਿੰਦਾ ਹੈ। ਸਭ ਕੁਝ ਰੱਬ ਦੇ ਹੀ ਵੱਸ ਹੈ। ਇਹ ਰੱਬ ਦੀ ਅਪਾਰ ਸ਼ਕਤੀ ਉਸ ਦਾ ਹੁਕਮ ਅਖਵਾਉਂਦੀ ਹੈ।[30]

---

[30] ਦੀਵਾਨ ਸਿੰਘ, ਗੁਰੂ ਨਾਨਕ ਦੀ ਸਾਹਿਤਿਕ ਪ੍ਰਤਿਭਾ ਤੇ ਹੋਰ ਲੇਖ, ਪੰਨਾ-36.

ਸੁਖਮਨੀ ਸਾਹਿਬ ਅਨੁਸਾਰ ਵੀ ਸ੍ਰਿਸ਼ਟੀ ਰਚਨਾ ਤੋਂ ਬਾਅਦ ਸ੍ਰਿਸ਼ਟੀ ਦਾ ਹਰ ਵਰਤਾਰਾ ਹੁਕਮ ਵਿਚ ਬੱਝ ਕੇ ਚੱਲ ਰਿਹਾ ਹੈ:

ਹੁਕਮੇ ਧਾਰਿ ਅਧਰ ਰਹਾਵੈ॥

ਹੁਕਮੇ ਉਪਜੈ ਹੁਕਮਿ ਸਮਾਵੈ॥

ਹੁਕਮੇ ਊਚ ਨੀਚ ਬਿਉਹਾਰ॥

ਹੁਕਮੇ ਅਨਿਕ ਰੰਗ ਪਰਕਾਰ॥

ਕਰਿ ਕਰਿ ਦੇਖੈ ਅਪਨੀ ਵਡਿਆਈ॥

ਨਾਨਕ ਸਭ ਮਹਿ ਰਹਿਆ ਸਮਾਈ॥ (ਅਸਟਪਦੀ 11.1)

ਸੁਖਮਨੀ ਸਾਹਿਬ ਅਨੁਸਾਰ ਜਨਮ-ਮਰਨ ਦਾ ਚੱਕਰ ਵੀ ਹੁਕਮ ਵਿਚ ਹੀ ਚੱਲਦਾ ਹੈ ਤੇ ਇਸ ਅਵਾਗਮਨ ਤੋਂ ਮੁਕਤੀ ਵੀ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦੀ ਹੈ। ਹੁਕਮ ਲਈ ਸੁਖਮਨੀ ਸਾਹਿਬ ਵਿਚ ਕਈ ਥਾਵਾਂ ਤੇ ਆਗਿਆ ਸ਼ਬਦ ਦੀ ਵੀ ਵਰਤੋਂ ਹੋਈ ਹੈ:

ਆਵਨ ਜਾਨੁ ਇਕੁ ਖੇਲ ਬਨਾਇਆ॥

ਆਗਿਆਕਾਰੀ ਕੀਨੀ ਮਾਇਆ॥

ਸਭ ਕੈ ਮਧਿ ਅਲਿਪਤੋ ਰਹੈ॥

ਜੋ ਕਿਛੁ ਕਹਣਾ ਸੁ ਆਪੇ ਕਹੈ॥

ਆਗਿਆ ਆਵੈ ਆਗਿਆ ਜਾਇ॥

ਨਾਨਕ ਜਾ ਭਾਵੈ ਤਾ ਲਏ ਸਮਾਇ॥ (ਅਸਟਪਦੀ 23.6)

ਸੁਖਮਨੀ ਸਾਹਿਬ ਵਿਚ ਵੀ ਮਨੁੱਖ ਨੂੰ ਇਸ ਸ੍ਰਿਸ਼ਟੀ ਦਾ ਅੰਗ ਹੋਣ ਦੇ ਨਾਤੇ, ਸ੍ਰਿਸ਼ਟੀ ਦੇ ਨਿਯਮਾਂ ਅਨੁਸਾਰ ਚੱਲਣ ਲਈ ਪ੍ਰੇਰਿਆ ਗਿਆ ਹੈ। ਸੁਖਮਨੀ ਅਨੁਸਾਰ ਸ੍ਰਿਸ਼ਟੀ ਹੁਕਮ ਅਨੁਸਾਰ ਚੱਲ ਰਹੀ ਹੈ। ਮਨੁੱਖ ਨੂੰ ਵੀ ਉਸੇ ਹੁਕਮ ਅੰਦਰ ਚੱਲਣਾ ਚਾਹੀਦਾ ਹੈ। ਹੁਕਮ ਵਿਚ ਚੱਲਣ ਵਾਲੇ ਨੂੰ ਸੱਚਾ ਸੇਵਕ ਮੰਨਿਆ ਗਿਆ ਹੈ। ਇਹ ਸੇਵਕ ਹੁਕਮ ਵਿਚ ਚੱਲ ਕੇ ਜੀਵਨ ਜਿਉਣ ਦਾ ਉਦੇਸ਼ ਪੂਰਾ ਕਰਦਾ ਹੈ:

ਸੇਵਕ ਕਉ ਸੇਵਾ ਬਨਿ ਆਈ॥

ਹੁਕਮੁ ਬੂਝਿ ਪਰਮ ਪਦੁ ਪਾਈ॥ (ਅਸਟਪਦੀ 23.4)

ਜਾਂ

ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥

ਤਿਸ ਕਾ ਨਾਮੁ ਰਖੁ ਕੰਠਿ ਪਰੋਇ॥ (ਅਸਟਪਦੀ 14.1)

ਗੁਰਬਾਣੀ ਵਿਚ ਹੁਕਮ ਦੇ ਸੰਕਲਪ ਦਾ ਅਧਿਐਨ ਕੀਤਿਆਂ ਮਹਿਸੂਸ ਹੁੰਦਾ ਹੈ ਕਿ ਹੁਕਮ ਅਜਿਹਾ ਪਰਮਾਤਮ ਲੱਛਣ ਹੈ ਜਿਸ ਰਾਹੀਂ ਸ੍ਰਿਸ਼ਟੀ ਦਾ ਸਮੁੱਚਾ ਸੰਤੁਲਨ ਕਾਇਮ ਹੈ। ਇਹੀ ਸ੍ਰਿਸ਼ਟੀ ਨੂੰ ਇਕ ਢੰਗ ਨਾਲ ਚਲਾਉਣ ਵਿਚ ਸਹਾਈ ਹੈ।

ਦੁਨੀਆਂ ਦੇ ਸਭ ਧਰਮਾਂ ਵਿਚ ਆਦਰਸ਼ਕ ਮਨੁੱਖਾਂ ਨੂੰ ਹੁਕਮ ਵਿਚ ਬੱਝੇ ਪੇਸ਼ ਕੀਤਾ ਗਿਆ ਹੈ। ਜੇਕਰ ਸਮਾਜਿਕ ਤੌਰ ਤੇ ਵੇਖਿਆ ਜਾਵੇ ਤਾਂ ਇਹੀ ਹੁਕਮ ਅਸੂਲ ਜਾਂ ਕਾਨੂੰਨ ਦੇ ਰੂਪ ਵਿਚ ਵਿਚਰਦਾ ਹੈ ਤੇ ਇਸ ਅਸੂਲਾਂ ਤੇ ਚੱਲਣ ਵਾਲਾ ਹੀ ਸੱਭਿਅਕ ਮਨੁੱਖ ਅਖਵਾਉਂਦਾ ਹੈ। ਕਾਨੂੰਨ ਤੋੜਨ ਵਾਲਿਆਂ ਨੂੰ ਸਮਾਜ ਵੱਲੋਂ ਸਜ਼ਾ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਸ੍ਰਿਸ਼ਟੀ ਦੇ ਹੁਕਮ ਅਨੁਸਾਰ ਨਾ ਚੱਲਣ ਵਾਲੇ ਪ੍ਰਾਣੀ ਨੂੰ ਵੀ ਸਜ਼ਾ ਮਿਲਣੀ ਸੁਭਾਵਕ ਹੈ। ਮਨੁੱਖ ਹੁਕਮ ਵਿਚ ਚੱਲ ਕੇ ਹੀ ਸੌਖੀ ਤੇ ਨਿਰਵਿਘਨ ਜ਼ਿੰਦਗੀ ਜੀਅ ਸਕਦਾ ਹੈ। ਜੇਕਰ ਕੋਈ ਮਨੁੱਖ ਵਗ ਰਹੇ ਪਾਣੀ ਦੇ ਵਹਾਅ ਦੇ ਉਲਟ ਚੱਲੇ ਤਾਂ ਉਸਨੂੰ ਚੱਲਣ ਵਿਚ ਮੁਸ਼ਕਿਲ ਆਉਂਦੀ ਹੈ ਪਰ ਜੇਕਰ ਪਾਣੀ ਦੇ ਵਹਾਅ ਦੇ ਅਨੁਕੂਲ ਚੱਲੇ ਤਾਂ ਪਾਣੀ ਵੀ ਉਸਨੂੰ ਅੱਗੇ ਤੁਰਨ ਵਿਚ ਮਦਦ ਕਰਦਾ ਹੈ। ਇਸੇ ਤਰ੍ਹਾਂ ਹੁਕਮ ਵਿਚ ਚੱਲਣ ਵਾਲੇ ਮਨੁੱਖ ਲਈ ਸ੍ਰਿਸ਼ਟੀ ਜਾਂ ਪਰਮਾਤਮਾ ਅਨੁਕੂਲ ਰਸਤਾ ਬਣਾ ਦਿੰਦਾ ਹੈ। ਸਮਾਜ ਵਾਂਗ ਸ੍ਰਿਸ਼ਟੀ ਦੇ ਵੀ ਕਾਇਦੇ ਕਾਨੂੰਨ ਹਨ ਤੇ ਸ੍ਰਿਸ਼ਟੀ ਵੀ ਇਹਨਾਂ ਕਾਇਦੇ ਕਾਨੂੰਨ ਮੁਤਾਬਕ ਨਾ ਚੱਲਣ ਵਾਲਿਆਂ ਨੂੰ ਸਜ਼ਾ ਦਿੰਦੀ ਹੈ।

ਸੋ ਵੱਖ-ਵੱਖ ਧਾਰਮਿਕ ਵਿਚਾਰਧਾਰਾਵਾਂ ਵੀ ਇਸ ਸ੍ਰਿਸ਼ਟੀ ਨੂੰ ਬਚਾਉਣ ਲਈ ਪਰਮਾਤਮਾ ਦੇ ਰੂਪ ਵਿਚ ਕਾਨੂੰਨ ਦਾਤਾ ਦੇ ਆਦੇਸ਼ ਜਾਂ ਹੁਕਮ ਵਿਚ ਚੱਲਣ ਲਈ ਮਨੁੱਖ ਨੂੰ ਪ੍ਰੇਰਦੀਆਂ ਹਨ। ਪੂਰੀ ਸ੍ਰਿਸ਼ਟੀ ਹੁਕਮ ਵਿਚ ਚੱਲਦੀ ਹੈ ਅਤੇ ਗੁਰਬਾਣੀ ਮਨੁੱਖ ਨੂੰ ਵੀ ਹੁਕਮ ਵਿਚ ਚੱਲਣ ਲਈ ਪ੍ਰੇਰਦੀ ਹੈ ਤਾਂ ਜੋ ਸ੍ਰਿਸ਼ਟੀ ਅਤੇ ਮਨੁੱਖ ਦੋਵਾਂ ਦਾ ਭਲਾ ਹੋ ਸਕੇ।

### 3.1.4.2 ਗੁਰੂ:

ਗੁਰੂ ਤੋਂ ਭਾਵ ਜੋ ਸੇਵਕ ਦਾ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰੇ। ਰਤਨ ਸਿੰਘ ਜੱਗੀ ਅਨੁਸਾਰ, 'ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿਖ ਨੂੰ ਤੱਤਵ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੈ।'[31]

---

[31] ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ-320.

ਸੁਖਮਨੀ ਸਾਹਿਬ ਵਿਚ ਗੁਰੂ ਦੀ ਲੋੜ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਗੁਰੂ ਨੂੰ ਪਰਮਾਤਮਾ ਤੱਕ ਪਹੁੰਚਣ ਦੀ ਪੌੜੀ ਮੰਨਿਆ ਗਿਆ ਹੈ। ਅਕਾਲ ਪੁਰਖ ਦੀ ਪ੍ਰਾਪਤੀ ਗੁਰੂ ਤੋਂ ਬਿਨਾ ਨਹੀਂ ਹੋ ਸਕਦੀ। ਭਾਰਤੀ ਚਿੰਤਨ ਤੇ ਸਾਧਨਾ ਦੇ ਖੇਤਰ ਵਿਚ ਗੁਰੂ ਦਾ ਸਥਾਨ ਨਿਰਵਿਵਾਦ ਤੇ ਸਰਬ ਪ੍ਰਵਾਨਿਤ ਰਿਹਾ ਹੈ।[32]

ਗੁਰੂ ਸ਼ਬਦ ਸੰਸਕ੍ਰਿਤ ਮੂਲ ਦਾ ਸ਼ਬਦ ਹੈ। ਗੁਰੂ ਗ੍ਰੰਥ ਵਿਸ਼ਵ ਕੋਸ਼ ਵਿਚ ਜਿਸ ਦਾ ਅਰਥ ਹੈ 'ਜੋ ਧਰਮ ਦਾ ਉਪਦੇਸ਼ ਕਰੇ ਜਾਂ ਅਗਿਆਨ ਨੂੰ ਦੂਰ ਕਰੇ ਜਾਂ ਦੇਵ, ਗੰਧਰਵ ਆਦਿ ਦੁਆਰਾ ਪ੍ਰਸ਼ੰਸ਼ਿਤ ਹੋਏ ਉਹ ਗੁਰੂ ਹੈ।' ਅਦ੍ਵਯਤਾਰਕ-ਉਪਨਿਸ਼ਦ (10) ਵਿਚ ਗੁਰੂ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ – 'ਗ' ਦਾ ਅਰਥ ਹੈ ਅੰਧਕਾਰ ਅਤੇ 'ਰ' ਦਾ ਅਰਥ ਹੈ ਦੂਰ ਕਰਨਾ ਵਾਲਾ। ਇਸ ਤਰ੍ਹਾਂ 'ਗੁਰੂ' ਉਹ ਹੈ ਜੋ ਆਪਣੇ ਸੇਵਕ ਜਾਂ ਸ਼ਿਸ਼ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰੇ। ਮਹਾਨ ਕੋਸ਼ਾਕਾਰ ਨੇ ਇਸ ਦਾ ਅਰਥ 'ਅਗਿਆਨ ਨੂੰ ਨਿਗਲਣ ਵਾਲਾ' ਕੀਤਾ ਹੈ।[33]

ਇਉਂ ਨਿਰੰਕਾਰ ਵੱਲੋਂ ਦਾਤ ਲੈ ਕੇ ਜੋ ਪੁਰਖ ਸੰਸਾਰ ਵਿਚ ਧਰਮ ਪ੍ਰਗਟ ਕਰਨ ਲਈ ਘੱਲੇ ਗਏ ਸਿੱਖ ਧਰਮ ਵਿਚ ਗੁਰੂ ਪਦ ਉਹਨਾਂ ਲਈ ਮਖ਼ਸੂਸ ਹੈ।[34]

ਗੁਰਬਾਣੀ ਅਨੁਸਾਰ ਗੁਰੂ ਵਿਚ ਨਿਮਨਲਿਖਤ ਵਿਸ਼ੇਸਤਾਵਾਂ ਦਾ ਹੋਣਾ ਜ਼ਰੂਰੀ ਹੈ:

1. ਗੁਰੂ ਗਿਆਨਵਾਨ ਹੋਵੇ ਤੇ ਉਸਦੀ ਆਪ ਪਰਮਾਤਮਾ ਨਾਲ ਅਭੇਦਤਾ ਹੋਵੇ।
2. ਗੁਰੂ ਲਾਲਚੀ ਨਾ ਹੋਵੇ ਉਹ ਆਪਣੇ ਸੇਵਕ ਪਾਸੋਂ ਕੋਈ ਉਜਰਤ ਨਾ ਲੈ ਕੇ ਉਸਦਾ ਸਹੀ ਮਾਰਗ ਦਰਸ਼ਨ ਕਰੇ।
3. ਉਸ ਦੇ ਇੰਦਰੀਆਂ ਵੱਸ ਵਿਚ ਹੋਣ ਤੇ ਵਿਕਾਰਾਂ ਤੇ ਕਾਬੂ ਹੋਵੇ।
4. ਆਪਣੇ ਸੇਵਕ ਦੀ ਹਰ ਥਾਂ ਇੱਜ਼ਤ ਰੱਖੇ। ਗੁਰੂ ਸੇਵਕ ਦਾ ਹਰ ਦੁੱਖ ਦੂਰ ਕਰੇ ਤੇ ਸੁਮੱਤ ਦੇਵੇ।

ਸੁਖਮਨੀ ਸਾਹਿਬ ਵਿਚ ਪਰਮਾਤਮਾ ਨੂੰ ਪਾਉਣ ਲਈ ਜੀਵ ਨੂੰ ਗੁਰੂ ਦੀ ਸ਼ਰਨ ਲੈਣ ਲਈ ਕਿਹਾ ਗਿਆ ਹੈ। ਭਾਈ ਜੋਧ ਸਿੰਘ ਅਨੁਸਾਰ, 'ਨਾਮ ਤੇ ਪਰਮਾਤਮਾ ਨੂੰ ਕੇਵਲ ਗੁਰੂ ਰਾਹੀ ਹੀ ਜਾਣਿਆ ਜਾ ਸਕਦਾ ਹੈ ਕਿਉਂਕਿ ਸਤਿਗੁਰੂ ਨੇ ਆਪ ਉਸ ਤੋਂ ਪਹਿਲਾਂ ਜਾਣਿਆ

---

[32] ਭਗਤੀ ਕਾਵਿ ਮੇਂ ਰਹੱਸਵਾਦ, ਡਾ. ਰਾਮਨਾਰਾਇਣ ਪਾਂਡੇ, ਪੰਨਾ-158.
[33] ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ ਪਹਿਲਾ, ਪੰਨਾ-418.
[34] ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ-108.

ਹੈ।'[35] ਸੁਖਮਨੀ ਸਾਹਿਬ ਦੇ ਆਰੰਭ ਵਿਚ 'ਗੁਰੂ' ਲਈ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ ਹੈ:

ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥
ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥

(ਸਲੋਕ ਅਸਟਪਦੀ 1)

ਇਸ ਤਰ੍ਹਾਂ ਆਦਿ ਗੁਰਏ ਭਾਵ 'ਆਦਿ ਗੁਰੂ ਨੂੰ', ਜੁਗਾਦਿ ਗੁਰਏ 'ਜੁਗਾਦਿ ਗੁਰੂ ਨੂੰ', ਸੁਤਿਗੁਰਏ ਭਾਵ 'ਸਤਿ ਗੁਰੂ ਨੂੰ' ਅਤੇ ਗੁਰਦੇਵ ਭਾਵ 'ਗੁਰੂ ਦੇਵ ਨੂੰ' ਨਮਹ ਭਾਵ 'ਨਮਸਕਾਰ' ਹੈ। ਇਹਨਾਂ ਵਿਚੋਂ ਪਹਿਲੇ ਦੋ ਪਦ ਅਕਾਲ ਪੁਰਖ ਲਈ ਅਤੇ ਪਿਛਲੇ ਦੋ ਗੁਰੂ ਭਾਵ ਸਤਿਗੁਰੂ ਜਾਂ ਗੁਰਦੇਵ ਸੱਚੇ ਮਾਰਗ ਦਰਸ਼ਕ ਭਾਵ ਜੋ ਸੇਧ ਦੇ ਕੇ ਗੁਰੂ ਨਾਲ ਜੋੜੇ, ਲਈ ਵਰਤੇ ਗਏ ਹਨ।

ਗੁਰੂ ਅਰਜਨ ਦੇਵ ਜੀ ਅਨੁਸਾਰ ਗੁਰੂ ਦੇ ਮਿਲਾਪ ਨਾਲ ਸਭ ਤੋਂ ਪਹਿਲਾਂ ਜੀਵ ਦਾ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ। ਜੀਵ ਨੂੰ ਸੱਚੇ ਗਿਆਨ ਦੀ ਸੋਝੀ ਆਉਂਦੀ ਹੈ:

ਜਿਉ ਅੰਧਕਾਰ ਦੀਪਕ ਪਰਗਾਸੁ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ॥ (ਅਸਟਪਦੀ 15.3)

ਗੁਰੂ ਹੀ ਮਨੁੱਖ ਨੂੰ ਸੰਸਾਰਿਕ ਮੋਹ-ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦਵਾ ਸਕਦਾ ਹੈ। ਸੱਚਾ ਗੁਰੂ ਮਨੁੱਖ ਨੂੰ ਮਾੜੇ ਤੋਂ ਵਰਜ ਕੇ ਚੰਗੇ ਕਾਰਜ ਕਰਨ ਲਈ ਸੇਧ ਦਿੰਦਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਜੀ ਸੱਚੇ ਗੁਰੂ ਦੀ ਮਹਿਮਾ ਤੁਲਨਾਤਮਿਕ ਰੂਪ ਵਿਚ ਪੇਸ਼ ਕਰਦੇ ਹਨ:

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦ ਮਨਹਿ ਅਸਥੰਮਨੁ॥
ਜਿਉ ਪਾਖਾਣੁ ਨਾਵ ਚੜਿ ਤਰੈ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥ (ਅਸਟਪਦੀ 15.3)

ਸੱਚਾ ਗੁਰੂ ਆਪਣੇ ਸੇਵਕ ਨੂੰ ਨਾਮ ਸਿਮਰਨ ਨਾਲ ਜੋੜ ਕੇ ਉਸਦੇ ਵਿਕਾਰ ਦੂਰ ਕਰਦਾ ਹੈ। ਉਹ ਆਪਣੇ ਸੇਵਕ ਦੀ ਹਰ ਥਾਂ ਇੱਜ਼ਤ ਕਰਦਾ ਹੈ:

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ॥ (ਅਸਟਪਦੀ 18.1)

[35] ਉਹੀ, ਪੰਨਾ-108.

ਗੁਰੂ ਤਾਂ ਆਪਣੇ ਸੇਵਕ ਦੀ ਪੱਜ ਰੱਖਦਾ ਹੈ ਪਰ ਸੇਵਕ ਦਾ ਵੀ ਇਹ ਧਰਮ ਹੈ ਕਿ ਉਹ ਗੁਰੂ ਦੇ ਦਰਸਾਏ ਮਾਰਗ ਤੇ ਚੱਲੇ। ਜਿਸ ਸੇਵਕ ਨੇ ਪੂਰੇ ਮਨ ਨਾਲ ਗੁਰੂ ਦੇ ਉਪਦੇਸ਼ ਆਪਣੇ ਮਨ ਵਿਚ ਵਸਾ ਲਏ ਉਹੀ ਪਰਮਾਤਮਾ ਦੀ ਸੋਝੀ ਪਾ ਸਕਦਾ ਹੈ। ਸੁਖਮਨੀ ਸਾਹਿਬ ਅਨੁਸਾਰ:

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥

ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥ (ਅਸਟਪਦੀ 18.3)

ਸੱਚਾ ਗੁਰੂ ਉਹ ਹੈ ਜਿਸ ਦਾ ਮਨ ਹਰ ਸਮੇਂ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ। ਉਹ ਅੱਠੇ ਪਹਿਰ ਪਰਮਾਤਮਾ ਦੇ ਗੁਣ ਹੀ ਗਾਉਂਦਾ ਰਹਿੰਦਾ ਹੈ। ਸੱਚਾ ਗੁਰੂ ਪਰਮਾਤਮਾ ਦਾ ਹੀ ਦੂਜਾ ਰੂਪ ਹੈ। ਸੁਖਮਨੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਅਜਿਹਾ ਸੱਚਾ ਗੁਰੂ ਵੱਡੇ ਭਾਗਾਂ ਨਾਲ ਹੀ ਮਿਲਦਾ ਹੈ:

ਸੋ ਸਤਿਗੁਰ ਜਿਸੁ ਰਿਦੈ ਹਰਿ ਨਾਉ॥

ਅਨਿਕ ਬਾਰ ਗੁਰ ਕਉ ਬਲਿ ਜਾਉ॥

ਸਰਬ ਨਿਧਾਨ ਜੀਆ ਕਾ ਦਾਤਾ॥

ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥

ਏਕਹਿ ਆਪ ਨਹੀ ਕਛੁ ਭਰਮੁ॥

ਸਹਸ ਸਿਆਨਪ ਲਾਇਆ ਨ ਜਾਈਆ॥

ਨਾਨਕ ਐਸਾ ਗੁਰੁ ਬਡਭਾਗੀ ਪਾਈਆ॥ (ਅਸਟਪਦੀ 18.3)

ਸੁਖਮਨੀ ਦੀ ਅਠਾਰਵੀਂ ਅਸਟਪਦੀ ਦੇ ਸਲੋਕ ਵਿਚ ਵੀ ਗੁਰੂ ਦੀ ਮਹਿਮਾ ਅਤੇ ਗੁਰੂ ਦੀ ਲੋੜ ਦਾ ਜ਼ਿਕਰ ਮਿਲਦਾ ਹੈ:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥੧॥

(ਸਲੋਕ ਅਸਟਪਦੀ 18)

ਸਤਿਗੁਰੂ ਉਹ ਹੈ ਜਿਸ ਨੇ ਸੱਚ ਨੂੰ ਪਛਾਣ ਲਿਆ ਹੈ ਅਤੇ ਇਸ ਪਛਾਣ ਦੇ ਫਲਸਰੂਪ ਸਤਿਪੁਰਖ ਨਾਲ ਅਭੇਦ ਹੋ ਗਿਆ ਹੈ। ਦੋਵਾਂ ਵਿਚ ਇਸ ਅਵਸਥਾ ਤੇ ਪਹੁੰਚ ਕੇ ਕੋਈ ਫ਼ਰਕ ਨਹੀਂ ਰਹਿੰਦਾ।

ਸਤਿਗੁਰੂ ਸ਼ਬਦ ਵੀ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸਦੇ ਅਰਥ ਹਨ ਪ੍ਰਕਾਸ਼ ਸਰੂਪ, ਸਿੱਖਿਆ ਦਾਤਾ, ਆਤਮਕ ਗਿਆਨ ਦੇਣ ਵਾਲਾ, ਸ੍ਰੇਸ਼ਠ ਬੁੱਧੀ ਵਾਲਾ, ਮਹਾਂ ਵਿਦਵਾਨ, ਪਰਮਾਤਮਾ ਸਰੂਪ, ਪੁੰਨ ਆਤਮਾ, ਗੁਣ ਯੁਗਤ, ਸਰਵੋਤਮ ਸਦਗੁਣੀ ਅਤੇ ਉੱਚਾ।[36]

ਸੱਚਾ ਗੁਰੂ ਮੋਹ ਮਾਇਆ ਤੋਂ ਉੱਪਰ ਉੱਠ ਕੇ, ਹਰਖ ਸੋਗ ਤੋਂ ਨਿਆਰਾ ਹੋ ਕੇ, ਨਫ਼ਰਤ ਤੇ ਪ੍ਰੇਮ ਦੀਆਂ ਹੱਦਾਂ ਤੋਂ ਪਾਰ ਹੋ ਕੇ ਵਸਦਾ ਹੈ। ਉਸ ਦੀ ਆਤਮਾ ਵਿਚ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੁੰਦਾ। ਉਹ ਨਿਰਸੁਆਰਥ ਹੁੰਦਾ ਹੈ। ਅਜਿਹੇ ਗੁਰੂ ਅੰਦਰ ਅਜਿਹੀ ਦਿੱਬ ਦ੍ਰਿਸ਼ਟੀ ਦੀ ਜੋਤ ਜਗਦੀ ਹੁੰਦੀ ਹੈ ਕਿ ਜਗਿਆਸੂ ਪ੍ਰਭਾਵਿਤ ਹੋਏ ਬਿਨਾਂ ਰਹਿ ਨਹੀਂ ਸਕਦਾ।[37] ਸਤਿਗੁਰੂ ਉਹ ਹੈ ਜੋ ਬ੍ਰਹਮ ਗਿਆਨੀ ਦੀ ਅਗਲੀ ਪਦਵੀ ਭਾਵ ਅਗਲੀ ਅਵਸਥਾ ਵਿਚ ਪਹੁੰਚ ਚੁੱਕਾ ਹੈ:

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ॥ (ਅਸਟਪਦੀ 18.3)

ਜੋ ਸੇਵਕ ਇਕ ਸੱਚੇ ਗੁਰੂ ਦੇ ਲੜ ਲੱਗ ਕੇ ਉਸਦੀ ਆਗਿਆ ਦਾ ਪਾਲਣ ਕਰਦਾ ਹੈ ਤੇ ਉਸਦੇ ਦਰਸਾਏ ਰਸਤੇ ਤੇ ਚੱਲ ਕੇ ਗਿਆਨ ਪ੍ਰਾਪਤ ਕਰਦਾ ਹੈ। ਉਸਦੇ ਸਭ ਭਰਮ ਭੁਲੇਖੇ ਦੂਰ ਕਰਕੇ ਗੁਰੂ ਉਸਦੇ ਸਾਰੇ ਕੰਮ ਆਪ ਸੰਵਾਰਦਾ ਹੈ:

ਗੁਰੂ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨਾ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥ (ਅਸਟਪਦੀ 18.2)

ਗੁਰੂ ਦੀ ਮਹੱਤਤਾ ਦਸਦੇ ਹੋਏ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਵਿਚ ਆਪਣੇ ਗੁਰੂ ਪ੍ਰਤੀ ਸੱਚਾ ਵਿਸ਼ਵਾਸ ਹੈ, ਉਹੀ ਮਨੁੱਖ ਪ੍ਰਭੂ ਨੂੰ ਪਾਉਂਦੇ ਹਨ:

ਜਾ ਕੈ ਮਨਿ ਗੁਰ ਕੀ ਪਰਤੀਤਿ॥

[36] ਵਾਮਨ ਸ਼ਿਵਰਾਮ ਆਪਦੇ, ਸੰਸਕ੍ਰਿਤ ਹਿੰਦੀ ਕੋਸ਼, ਪੰਨਾ-349.
[37] ਡਾ. ਰਾਜਿੰਦਰਜੀਤ ਕੌਰ ਢੀਂਡਸਾ, ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ, ਪੰਨਾ-227.

ਤਿਸ ਜਨ ਆਵੈ ਹਰਿ ਪ੍ਰਭੁ ਚੀਤਿ॥ (ਅਸਟਪਦੀ 15.8)

ਗੁਰੂ ਦੇ ਗਿਆਨ, ਭਗਤੀ ਅਤੇ ਗੁਰੂ ਦੇ ਪ੍ਰੇਮ ਵਿਚ ਅਜਿਹੀ ਨਿਰਮਲਤਾ ਹੈ ਕਿ ਜਿਸ ਨੂੰ ਅਪਣਾਉਣ ਨਾਲ ਮਨੁੱਖ ਦੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ:

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿ ਨਾਮ ਉਚਰੈ॥
ਸਤਿਗੁਰ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥ (ਅਸਟਪਦੀ 18.1)

ਗੁਰੂ ਆਪਣੇ ਸੇਵਕ ਨੂੰ ਗਿਆਨ, ਧਿਆਨ ਦਾ ਅਜਿਹਾ ਖ਼ਜ਼ਾਨਾ ਦਿੰਦਾ ਹੈ ਜਿਸ ਨਾਲ ਉਸਦੇ ਭਾਗ ਖੁੱਲ੍ਹ ਜਾਂਦੇ ਹਨ। ਜੋ ਸੇਵਕ ਗੁਰੂ ਦੇ ਸੁਝਾਏ ਨਾਮ ਨੂੰ ਮਨ ਲਾ ਕੇ ਸਿਮਰਦੇ ਹਨ, ਉਹਨਾਂ ਦਾ ਲੋਕ ਪ੍ਰਲੋਕ ਸਭ ਸੰਵਰ ਜਾਂਦਾ ਹੈ:

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ॥ (ਅਸਟਪਦੀ 18.1)
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ (ਅਸਟਪਦੀ 18.1)

ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦੋ ਰੂਪਾਂ ਵਿਚ ਪ੍ਰਾਪਤ ਹੁੰਦੀ ਹੈ, ਕਦੀ ਤਾਂ ਆਪ ਗੁਰੂ ਕ੍ਰਿਪਾਲੂ ਹੁੰਦਾ ਹੈ ਅਤੇ ਕਈ ਵਾਰ ਸਾਧਕ ਦੁਆਰਾ ਆਪ ਕ੍ਰਿਪਾ ਯਾਚਨਾ ਕੀਤੀ ਜਾਂਦੀ ਹੈ ਪਰ ਫ਼ਲ ਦੋਵੇਂ ਅਵਸਥਾਵਾਂ ਵਿਚ ਮਿਲਦਾ ਹੈ। ਸੱਚੇ ਗੁਰੂ ਦੀ ਬਖ਼ਸ਼ਿਸ਼ ਬਿਨਾ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਸੱਚਾ ਗੁਰੂ ਜਗਿਆਸੂ ਨੂੰ ਸਹੀ ਮਾਰਗਦਰਸ਼ਨ ਦੇ ਕੇ ਭਰਮ, ਭੁਲੇਖੇ ਮਿਟਾ ਕੇ, ਕਰੋੜਾਂ ਪਾਪ ਬਖ਼ਸ਼ ਕੇ ਅਤੇ ਅਨੇਕ ਬੰਧਨ ਕੱਟ ਕੇ ਨਿਰਭਓ ਤੇ ਨਿਰਵੈਰ ਬਣਾ ਦਿੰਦਾ ਹੈ ਤੇ ਆਪਣੇ ਅਕਾਲ ਪੁਰਖ ਨਾਲ ਅਭੇਦ ਕਰ ਦਿੰਦਾ ਹੈ:

ਪੂਰਾ ਗੁਰ ਅਖ੍ਹਓ ਜਾ ਕਾ ਮੰਤ੍ਰ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥
ਗੁਣ ਬਿਅੰਤ ਕੀਮਤਿ ਨਹੀ ਪਾਇ॥
ਨਾਨਕ ਜਿਸ ਭਾਵੈ ਤਿਸੁ ਲਏ ਮਿਲਾਇ॥ (ਅਸਟਪਦੀ 18.4)

ਸੁਖਮਨੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਸੱਚਾ ਗੁਰੂ ਸਹੀ ਮਾਰਗਦਰਸ਼ਨ ਕਰਦਾ ਹੈ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਸੇਵਕ ਨੂੰ ਸਹੀ ਰਸਤੇ ਤੇ ਚੱਲਣ ਦੀ ਸੂਝ ਦਿੰਦਾ ਹੈ:

ਗਿਆਨ ਅੰਜਨੁ ਗੁਰ ਦੀਆ॥
ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ॥
ਨਾਨਕ ਮਨਿ ਪਰਗਾਸੁ॥੧॥ (ਸਲੋਕ ਅਸਟਪਦੀ 23)

ਸੋ ਸੁਖਮਨੀ ਵਿਚ ਸੱਚੇ ਗੁਰੂ ਦੀ ਲੋੜ ਤੋਂ ਜਾਣੂ ਕਰਵਾਇਆ ਗਿਆ ਹੈ ਕਿ ਗੁਰੂ ਦੀ ਅਗਵਾਈ ਤੋਂ ਬਿਨਾਂ ਪਰਮਾਤਮਾ ਨੂੰ ਪਾਇਆ ਨਹੀਂ ਜਾ ਸਕਦਾ। ਅਕਾਲ ਪੁਰਖ ਤੱਕ ਪਹੁੰਚਣ ਦਾ ਮਾਰਗ ਗੁਰੂ ਹੀ ਸੁਝਾਉਂਦਾ ਹੈ।

**3.1.4.3ਸਾਧ ਸੰਗਤ:**

ਸਾਧ ਸੰਗਤ ਦਾ ਧਰਮ ਦੇ ਖੇਤਰ ਵਿਚ ਅਹਿਮ ਸਥਾਨ ਹੈ। ਸਾਧ ਸੰਗਤ ਸਤਿ ਸੰਗਤ ਦਾ ਹੀ ਸਮਾਨਅਰਥਕ ਭਾਵ ਹੈ। ਸਤਿ ਸੰਗਤ ਤੋਂ ਭਾਵ ਸੱਚੇ ਮਨੁੱਖਾਂ ਦੀ ਸੰਗਤ। ਉਹਨਾਂ ਮਨੁੱਖਾਂ ਦੀ ਸੰਗਤ ਜੋ ਇਕੱਠੇ ਬੈਠ ਕੇ ਸੱਚੇ ਮਨ ਨਾਲ ਪਰਮਾਤਮਾ ਦੇ ਨਾਮ ਦਾ ਜਾਪ ਕਰਦੇ ਹਨ ਅਤੇ ਹੋਰਨਾਂ ਨੂੰ ਨਾਮ ਜਪਾਉਂਦੇ ਹਨ।

ਸੰਤਾਂ ਜਾਂ ਸਾਧੂਆਂ ਅਤੇ ਨੇਕ ਪੁਰਸ਼ਾਂ ਦੀ ਸੰਗਤ ਹੀ ਅਸਲੀ (ਸਾਧ ਸੰਗਤ) ਸਤ ਸੰਗਤ ਹੈ ਕਿਉਂਕਿ ਅਜਿਹੀ ਸੰਗਤ ਕਰਨ ਵਾਲਿਆਂ ਦੀ ਬਿਰਤੀ ਪਰਮਾਤਮਾ ਦੇ ਨਾਮ ਉੱਤੇ ਕੇਂਦਰਿਤ ਹੋਈ ਹੁੰਦੀ ਹੈ ਇਸ ਨੂੰ ਆਦਰਸ਼ ਸੰਗਤ ਵੀ ਕਹਿ ਸਕਦੇ ਹਾਂ।[38]

ਬ੍ਰਹਮ ਨਾਲ ਅਭੇਦ ਹੋਣ ਲਈ ਜੀਵ ਨੂੰ ਨਾਮ ਸਿਮਰਨ ਕਰਨਾ ਜ਼ਰੂਰੀ ਹੈ ਅਤੇ ਨਾਮ ਸਿਮਰਨ ਲਈ ਸਤਿਸੰਗਤ ਕਰਨੀ ਵੀ ਜ਼ਰੂਰੀ ਹੈ।

ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਸੰਸਕਾਰ ਤਿੰਨ ਤਰ੍ਹਾਂ ਨਾਲ ਬਣਦੇ ਹਹਨ (ੳ) ਪਿਤਰੀ ਜਾਂ ਮਾਤਾ-ਪਿਤਾ ਤੋਂ ਵਿਰਸੇ ਵਿਚ ਮਿਲੇ ਸੰਸਕਾਰ, (ਅ) ਦੂਜਿਆਂ ਦੀ ਸੰਗਤ ਤੋਂ ਪ੍ਰਾਪਤ ਕੀਤੇ (ੲ) ਨਿੱਜੀ ਅਨੁਭਵ ਜਾਂ ਤਜ਼ਰਬੇ ਰਾਹੀਂ।[39]

---

[38] ਡਾ. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ-271.
[39] ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫਿਲਾਸਫ਼ੀ, ਪੰਨਾ-203.

ਸਮਾਜ ਵਿਚ ਵਿਚਰਦਿਆਂ ਮਨੁੱਖ ਬਹੁਤ ਕੁਝ ਆਪਣੇ ਸੰਗੀਆਂ-ਸਾਥੀਆਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਸਿਖਦਾ ਹੈ। ਮਨੁੱਖੀ ਮਾਨਸਿਕ ਵਿਕਾਸ ਉਸਦੇ ਵਿਚਾਰਾਂ ਉੱਪਰ ਹੀ ਟਿਕਿਆ ਹੈ ਤੇ ਬਹੁਤ ਹੱਦ ਤੱਕ ਵਿਚਾਰ ਸੰਗਤ ਵਿਚ ਬਣਦੇ ਜਾਂ ਘੜੇ ਜਾਂਦੇ ਹਨ। ਆਤਮਿਕ ਵਿਕਾਸ ਲਈ ਜਿਸ ਪਹੁੰਚੇ ਹੋਏ ਪਰਪੱਕ ਮਨੁੱਖਾਂ ਦੀ ਸੰਗਤ ਜਰੂਰੀ ਹੈ ਉਹਨਾਂ ਮਨੁੱਖ ਦੀ ਸੰਗਤ ਨੂੰ ਹੀ ਸਾਧ ਸੰਗਤ ਕਿਹਾ ਜਾਂਦਾ ਹੈ।

ਸੁਖਮਨੀ ਸਾਹਿਬ ਵਿਚ ਵੀ ਆਤਮਿਕ ਸੋਝੀ ਲਈ ਸਾਧ ਜਾਂ ਸੰਤ ਦੀ ਸੰਗਤ ਉੱਪਰ ਜ਼ੋਰ ਦਿੱਤਾ ਗਿਆ ਹੈ। ਸਾਧ ਸੰਗਤ ਨੂੰ ਨਾਮ ਸਿਮਰਨ ਦਾ ਇਕ ਵਸੀਲਾ ਮੰਨਿਆ ਗਿਆ ਹੈ ਕਿ ਮਨੁੱਖ ਸਹੀ ਜਾਂ ਸਾਧੇ ਹੋਏ ਮਨੁੱਖਾਂ ਦੀ ਸੰਗਤ ਵਿਚ ਹੀ ਨਾਮ ਸਿਮਰਨ ਕਰ ਸਕਦਾ ਹੈ। ਸੁਖਮਨੀ ਸਾਹਿਬ ਵਿਚ ਤਾਂ ਸਾਧ ਨੂੰ ਪਰਮਾਤਮਾ ਦਾ ਹੀ ਦੂਜਾ ਰੂਪ ਮੰਨਿਆ ਗਿਆ ਹੈ:

ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ (ਅਸਟਪਦੀ 7.8)

ਸਾਧ ਜਾਂ ਸੰਤਾਂ ਦੀ ਸੰਗਤ ਦਾ ਇਕ ਅਹਿਮ ਗੁਣ ਹੈ ਕਿ ਅਜਿਹੀ ਸੰਗਤ ਵਿਚ ਸਿਰਫ਼ ਪਰਮਾਤਮਾ ਦੇ ਗੁਣ ਹੀ ਗਾਏ ਜਾਂਦੇ ਹਨ। ਕੋਈ ਸਮਾਜਿਕ ਅਤੇ ਪਰਿਵਾਰਿਕ ਆਦਿ ਮਸਲਿਆਂ ਤੇ ਗੱਲਬਾਤ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਤਾਂ ਸਹੀ ਸਾਧ ਸੰਗਤ ਨੂੰ ਪਛਾਣਨ ਦਾ ਤਰੀਕਾ ਵੀ ਇਹੋ ਬਿਆਨ ਕਰਦੇ ਹਨ:

ਸਤਿ ਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 72)

ਸਾਧ ਦੀ ਸੰਗਤ ਬਾਰੇ ਸੁਖਮਨੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਸਾਧ ਦੀ ਸੰਗਤ ਕਰਨ ਨਾਲ ਮਨੁੱਖ ਆਪਣੀਆਂ ਇੰਦਰੀਆਂ ਨੂੰ ਵੱਸ ਵਿਚ ਕਰਕੇ ਆਪਣੇ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ ਤੇ ਮਨੁੱਖ ਦੀ ਸਦਾਚਾਰਕ ਉੱਨਤੀ ਹੁੰਦੀ ਹੈ। ਮਨੁੱਖ ਵਿਚ ਸਤ, ਸੰਤੋਖ, ਦਇਆ, ਧਰਮ, ਨਿਮਰਤਾ, ਹਲੀਮੀ ਆਦਿ ਗੁਣਾਂ ਦਾ ਵਿਕਾਸ ਹੁੰਦਾ ਹੈ ਜੋ ਨਾਮ ਸਿਮਰਨ ਲਈ ਬਹੁਤ ਜਰੂਰੀ ਹਨ:

ਸਾਧ ਕੇ ਸੰਗਿ ਆਵਹਿ ਬਸਿ ਪੰਚਾ॥
ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ॥
ਸਾਧਸੰਗਿ ਹੋਇ ਸਭ ਕੀ ਰੈਨ॥
ਸਾਧ ਕੈ ਸੰਗਿ ਮਨੋਹਰ ਬੈਨ॥ (ਅਸਟਪਦੀ 7.2)

ਗੁਰੂ ਜੀ ਨੇ ਸਾਧ ਦੀ ਸੰਗਤ ਤੋਂ ਮਿਲਣ ਵਾਲੇ ਗੁਣਾਂ ਨੂੰ ਬਿਆਨ ਕੀਤਾ ਹੈ ਕਿ:

ਜੇ ਕੋ ਅਪਨੀ ਸੋਭਾ ਲੋਰੈ॥
ਸਾਧਸੰਗਿ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਨ ਤੇ ਡਰੈ॥
ਸਾਧ ਜਨਾ ਕੀ ਸਰਨੀ ਪਰੈ॥ (ਅਸਟਪਦੀ 3.5)

ਗੁਰੂ ਜੀ ਅਨੁਸਾਰ ਮਨੁੱਖੀ ਜੀਵਨ ਦਾ ਮਨੋਰਥ ਨਾਮ ਸਿਮਰਨ ਦੁਆਰਾ ਬ੍ਰਹਮ ਨੂੰ ਪਾਉਣਾ ਹੈ ਤੇ ਇਹ ਨਾਮ ਸਿਮਰਨ ਸਾਧ ਦੀ ਸੰਗਤ ਵਿਚ ਹੀ ਸੰਭਵ ਹੈ:

ਜਿਸੁ ਵਖਰ ਕਉ ਲੈਨਿ ਤੂ ਆਇਆ॥
ਰਾਮ ਨਾਮੁ ਸੰਤਨ ਘਰਿ ਪਾਇਆ॥ (ਅਸਟਪਦੀ 15.5)

ਸੁਖਮਨੀ ਸਾਹਿਬ ਦੀ ਪੂਰੀ ਸੱਤਵੀਂ ਅਸਟਪਦੀ ਵਿਚ ਹੀ ਸਾਧ ਸੰਗਤ ਦੇ ਮਹੱਤਵ ਨੂੰ ਵਿਸਥਾਰ ਸਹਿਤ ਦੱਸਿਆ ਹੈ ਕਿ ਸਾਧ ਦੀ ਸੰਗਤ ਨਾਲ ਮਨੁੱਖ ਦੇ ਵਿਕਾਰ ਦੂਰ ਹੁੰਦੇ ਹਨ, ਵੈਰ ਵਿਰੋਧ ਮਿਟ ਜਾਂਦੇ ਹਨ ਤੇ ਮਨੁੱਖ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਨਾਲ ਉਹ ਭੇਖ ਤੋਂ ਦੂਰ ਹੋ ਕੇ ਨਿਮਰਤਾ ਨਾਲ ਨਾਮ ਸਿਮਰਨ ਕਰਦਾ ਹੈ ਅਤੇ ਬ੍ਰਹਮ ਨੂੰ ਪਾ ਲੈਂਦਾ ਹੈ। ਸੰਤਾਂ ਦੀ ਸੰਗਤ ਵਿਚ ਤਾਂ ਜਿਵੇਂ ਲੱਕੜ ਨਾਲ ਲੋਹਾ ਤਰ ਜਾਂਦਾ ਹੈ ਉਵੇਂ ਸੇਵਕ ਆਪ ਤਾਂ ਤਰਦਾ ਹੀ ਹੈ ਸਗੋਂ ਆਪਣੇ ਪਰਿਵਾਰ ਤੇ ਸੰਗੀਆਂ ਨੂੰ ਮੱਤ ਦੇ ਕੇ ਤਾਰ ਲੈਂਦਾ ਹੈ।

ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ॥
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥ (ਅਸਟਪਦੀ 13.1)

ਜੋ ਮਨੁੱਖ ਸਾਧ ਦੀ ਸੰਗਤ ਵਿਚ ਆ ਕੇ ਬ੍ਰਹਮ ਦੇ ਗੁਣਾਂ ਨੂੰ ਮਨ ਵਿਚ ਧਾਰਨ ਕਰਦਾ ਹੈ, ਉਸਦਾ ਸਰੀਰਕ, ਮਾਨਸਿਕ ਤੇ ਆਤਮਿਕ ਵਿਕਾਸ ਹੁੰਦਾ ਹੈ। ਉਸਦੇ ਸਾਰੇ ਰੋਗਾਂ ਦਾ ਨਾਸ਼ ਹੋ ਜਾਂਦਾ ਹੈ:

ਸਾਧਸੰਗਿ ਹਰਿ ਹਰਿ ਜਸੁ ਕਹਤ॥
ਸਰਬ ਰੋਗ ਤੇ ਓਹੁ ਹਰਿ ਜਨ ਰਹਤ॥ (ਅਸਟਪਦੀ 14.4)

ਸੰਤਾਂ ਦੀ ਸੰਗਤ ਨਾਲ ਸਿਰਫ਼ ਸਰੀਰਕ ਹੀ ਨਹੀਂ ਸਗੋਂ ਹਉਮੈ ਵਰਗਾ ਰੋਗ ਵੀ ਕੱਟਿਆ ਜਾਂਦਾ ਹੈ ਅਤੇ ਮਨੁੱਖ ਹਲੀਮੀ ਅਪਣਾ ਕੇ ਪਰਮਾਤਮਾ ਨੂੰ ਪਾ ਲੈਂਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਉਸਨੂੰ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਸੁਖਮਨੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਸਾਧ ਦੀ ਮਹਿਮਾ ਵੇਦ, ਪੁਰਾਣ ਕੋਈ ਵੀ ਬਿਆਨ ਨਹੀਂ ਕਰ ਸਕਦੇ

ਕਿਉਂਕਿ ਸਾਧ ਦੀ ਮਹਿਮਾ ਤਾਂ ਬੇਅੰਤ ਹੁੰਦੀ ਹੈ। ਸਾਧ ਪਾਰਬ੍ਰਹਮ ਦਾ ਹੀ ਦੂਜਾ ਰੂਪ ਹੁੰਦਾ ਹੈ। ਇਸ ਲਈ ਉਸਦੀ ਮਹਿਮਾ ਨਾਮ ਸਿਮਰਨ ਰਾਹੀਂ ਕਥਨ ਹੀ ਕੀਤੀ ਜਾ ਸਕਦੀ ਹੈ।

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਿਹ॥
ਸਾਧ ਕੀ ਉਪਮਾ ਤਿਹ ਗੁਣ ਤੇ ਦੂਰਿ॥
ਸਾਧ ਦੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥
ਸਾਧ ਕੀ ਸੋਭ ਸਦਾ ਬੇਅੰਤ॥ (ਅਸਟਪਦੀ 7.8)

ਸੋ ਸੁਖਮਨੀ ਸਾਹਿਬ ਵਿਚ ਬ੍ਰਹਮ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਨਾਮ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਨਾਮ ਸਿਮਰਨ ਲਈ ਸਾਧ ਜਾਂ ਸੰਤ ਦੀ ਸੰਗਤ ਨੂੰ ਉੱਤਮ ਮੰਨਿਆ ਗਿਆ ਹੈ। ਬ੍ਰਹਮ ਨਾਲ ਅਭੇਦ ਹੋਣ ਲਈ ਜੀਵ ਬ੍ਰਹਮ ਤੋਂ ਸਾਧਸੰਗਤ ਲਈ ਬੇਨਤੀ ਕਰਦਾ ਹੈ ਕਿ:

ਸਾਧ ਜਨਾ ਕੀ ਮਾਗਉ ਧੂਰਿ॥
ਪਾਰਬ੍ਰਹਮ ਮੇਰੀ ਸਰਧਾ ਪੂਰਿ॥ (ਅਸਟਪਦੀ 20.1)

ਸੋ ਨਾਮ ਸਿਮਰਨ ਲਈ ਸੱਚੇ ਸਾਧ ਜਾਂ ਸੰਤ ਦੀ ਸੰਗਤ ਜ਼ਰੂਰੀ ਹੈ। ਸਾਧ ਦੀ ਸੰਗਤ ਵੱਡੇ ਭਾਗਾਂ ਵਾਲਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ। ਸੱਚੇ ਸਾਧ ਜਾਂ ਸੰਤ ਦੀ ਪਛਾਣ ਬਾਰੇ ਵੀ ਸੁਖਮਨੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ:

ਹਰਿ ਜਸੁ ਕਰਤ ਸੰਤ ਦਿਨੁ ਰਾਤਿ॥
ਹਰਿ ਹਰਿ ਅਉਖਧੁ ਸਾਧ ਕਮਾਤਿ॥ (ਅਸਟਪਦੀ 2.5)

ਸੱਚਾ ਸਾਧ ਜਾਂ ਸੰਤ ਤਾਂ ਚੰਦਨ ਦੇ ਰੁੱਖ ਵਾਂਗ ਹੈ ਜਿਸਦੀ ਖੁਸ਼ਬੂ ਤੋਂ ਉਸਦੇ ਗੁਣਾਂ ਦਾ ਅੰਦਾਜਾ ਸਹਿਜੇ ਹੀ ਲੱਗ ਜਾਂਦਾ ਹੈ ਜੋ ਆਪ ਗੁਣਵਾਨ ਹੈ ਤੇ ਦੂਸਰਿਆਂ ਨੂੰ ਬ੍ਰਹਮ ਦੇ ਗੁਣਾਂ ਦਾ ਜਾਪ ਕਰਾਉਂਦਾ ਹੈ। ਸੁਖਮਨੀ ਜੀਵ ਨੂੰ ਅਜਿਹੇ ਸਾਧ ਦੀ ਸੰਗਤ ਵਿਚ ਪੈਣ ਨੂੰ ਉਤਸਾਹਿਤ ਕਰਦੀ ਹੈ।

### 3.1.4.4 ਪ੍ਰਭੂ ਦੀ ਮਿਹਰ:

ਪ੍ਰਭੂ ਜਾਂ ਬ੍ਰਹਮ ਆਪਣੇ ਸੱਚੇ ਸੇਵਕ ਉਪਰ ਜਦੋਂ ਹਮਦਰਦੀ ਜਾਂ ਦਿਆ ਕਰਦਾ ਹੈ ਤਾਂ ਉਹ ਸੇਵਕ ਦੇ ਸਭ ਕਾਰਜ ਰਾਸ ਕਰ ਦਿੰਦਾ ਹੈ ਜਿਸਨੂੰ ਪ੍ਰਭੂ ਕਿਰਪਾ ਕਿਹਾ ਜਾਂਦਾ ਹੈ।

ਕਿਰਪਾ ਜਾਂ ਨਦਰ ਦੇ ਸਮਾਨਅਰਥਕ ਸ਼ਬਦ ਕਰਮ ਵੀ ਹੈ। ਇਹ ਅਰਬੀ ਦਾ ਸ਼ਬਦ ਹੈ ਜਿਸ ਤੋਂ ਭਾਵ ਮਿਹਰ ਜਾਂ ਬਖਸ਼ਿਸ਼ ਹੈ। ਇਹ ਅੰਗਰੇਜ਼ੀ ਦੇ ਸ਼ਬਦ Grace ਦਾ ਸਮਾਨਅਰਥਕ ਹੈ।

ਗ੍ਰੇਸ ਸ਼ਬਦ ਦਾ ਨਿਕਾਸ ਫਰਾਂਸੀਸ ਤੇ ਲਾਤੀਨੀ Grace ਤੇ Gracia ਤੇ ਯੂਨਾਨੀ ਸ਼ਬਦ Charis ਤੋਂ ਹੋਇਆ ਹੈ।[40]

'ਗ੍ਰੇਸ ਤੋਂ ਭਾਵ ਹੈ ਰੱਬ ਦਾ ਆਪ ਮੁਹਾਰਾ ਅਜਿਹਾ ਪਿਆਰ ਜੋ ਨਿਯਮਾਂ ਦੀ ਹਦਬੰਦੀ ਤੇ ਯੋਗਤਾਵਾਂ ਦੇ ਦਾਅਵੇ ਤੋਂ ਵਿਰਕਤ ਹੈ ਤੇ ਜੋ ਜੀਵਾਂ ਨੂੰ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਉਹ ਉਸਦੀ ਇੱਛਾ ਵੀ ਨਹੀਂ ਕਰਦੇ।'[41]

ਪ੍ਰਭੂ ਮਨੁੱਖ ਤੇ ਆਪਣੀ ਕਿਰਪਾ ਕਰਦਾ ਹੈ, ਉਹ ਕਿਰਪਾ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ। ਉਹ ਨਾਮ ਸਿਮਰਨ ਦੀ ਕਿਰਪਾ ਜਾਂ ਧਨ, ਦੌਲਤ, ਇੱਜ਼ਤ, ਦੀ ਕਿਰਪਾ ਵੀ ਹੋ ਸਕਦੀ ਹੈ।

ਕਠਉਪਨਿਸ਼ਦ ਵਿਚ ਵੀ ਸਪਸ਼ਟ ਕੀਤਾ ਗਿਆ ਹੈ ਕਿ ਪਰਮਾਤਮਾ ਨੂੰ ਉਹੀ ਪਾ ਸਕਦੇ ਹਨ ਜਿਨ੍ਹਾਂ ਤੇ ਉਹ ਮਿਹਰ ਕਰਦਾ ਹੈ।[42]

ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਵਿਚ ਰੱਬੀ ਮਿਹਰ ਜਾਂ ਨਦਿਰ ਦਾ ਸਿਧਾਂਤ ਖ਼ਾਸ ਮਹੱਤਵ ਰੱਖਦਾ ਹੈ। ਸੁਖਮਨੀ ਸਾਹਿਬ ਵਿਚ ਰੱਬੀ ਮਿਹਰ ਲਈ 'ਪ੍ਰਸਾਦਿ' ਸ਼ਬਦ ਦੀ ਵਰਤੋਂ ਵਧੇਰੇ ਕੀਤੀ ਗਈ ਹੈ:

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥
ਸੋ ਜਨੁ ਨਾਨਕ ਦਰਗਹ ਪਰਵਾਨੁ॥ (ਅਸਟਪਦੀ 12.2)

ਸੁਖਮਨੀ ਸਾਹਿਬ ਵਿਚ ਨਦਰ ਜਾਂ ਮਿਹਰ ਲਈ ਬਖਸ਼ੀਸ਼ ਸ਼ਬਦ ਦੀ ਵਰਤੋਂ ਵੀ ਕੀਤੀ ਮਿਲਦੀ ਹੈ:

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਅਸਟਪਦੀ 11.4)

ਗੁਰੂ ਜੀ ਨੇ ਮਨੁੱਖ ਨੂੰ ਦੱਸਿਆ ਹੈ ਕਿ ਆਤਮਿਕ ਵਿਕਾਸ ਤੇ ਮੁਕਤੀ ਲਈ ਪ੍ਰਭੂ ਦੀ ਕ੍ਰਿਪਾ ਦਾ ਹੋਣਾ ਬਹੁਤ ਜ਼ਰੂਰੀ ਹੈ। ਸੁਖਮਨੀ ਸਾਹਿਬ ਵਿਚ ਵੀ ਇਸ ਸਬੰਧੀ ਸਪਸ਼ਟ ਕੀਤਾ ਗਿਆ ਹੈ:

---

[40] Encyclopedia Brittanica, (Vol. IV), p. 593.
[41] Encylopedia of Religion and Ethics,( Vol. VI), p. 365.
[42] Kathopanishad-II, p. 23.

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥

ਪ੍ਰਭ ਭਾਵੈ ਤਾ ਪਾਥਰ ਤਰਾਵੈ॥ (ਅਸਟਪਦੀ 11.2)

ਗੁਰੂ ਜੀ ਅਨੁਸਾਰ, ਸਾਰੀ ਸ੍ਰਿਸ਼ਟੀ ਉਸ ਬ੍ਰਹਮ ਦੀ ਕਿਰਪਾ ਜਾਂ ਮਿਹਰ ਅਨੁਸਾਰ ਹੀ ਚਲਦੀ ਹੈ। ਗੁਰੂ ਜੀ ਨੇ ਮਨੁੱਖ ਨੂੰ ਵੀ ਸ੍ਰਿਸ਼ਟੀ ਵਾਂਗ ਹੀ ਪ੍ਰਭੂ ਦੀ ਮਿਹਰ ਅਨੁਸਾਰ ਚੱਲਣ ਦੀ ਸਲਾਹ ਦਿੱਤੀ ਹੈ। ਮਨੁੱਖ ਦੇ ਆਪਣੇ ਹੱਥ ਵਿਚ ਕੁਝ ਨਹੀਂ ਹੈ। ਗੁਰੂ ਜੀ ਨੇ ਸੁਖਮਨੀ ਸਾਹਿਬ ਦੀ ਛੇਵੀਂ ਅਸਟਪਦੀ ਵਿਚ ਵਿਸਥਾਰ ਨਾਲ ਦੱਸਿਆ ਹੈ ਕਿ ਜਦੋਂ ਪ੍ਰਭੂ ਦੀ ਕਿਰਪਾ ਜਾਂ ਮਿਹਰ ਹੁੰਦੀ ਹੈ ਤਾਂ ਮਨੁੱਖ ਨੂੰ ਸਭ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਹਨ। ਇਸ ਅਸਟਪਦੀ ਅਨੁਸਾਰ:

1. ਪ੍ਰਭੂ ਦੀ ਕਿਰਪਾ ਨਾਲ ਮਨੁੱਖ ਛੱਤੀ ਤਰ੍ਹਾਂ ਦੇ ਭੋਜਨ ਖਾਂਦਾ ਹੈ ਤੇ ਘਰ ਵਿਚ ਸੁਖ-ਸੁਵਿਧਾ ਨਾਲ ਰਹਿੰਦਾ ਹੈ।
2. ਮਨੁੱਖ ਨੂੰ ਆਦਰ-ਸਤਿਕਾਰ ਮਿਲਦਾ ਹੈ।
3. ਮਨੁੱਖ ਨੂੰ ਰੋਗ ਰਹਿਤ ਤੇ ਦਰਲੱਭ ਦੇਹ ਪ੍ਰਾਪਤ ਹੁੰਦੀ ਹੈ।
4. ਮਨੁੱਖ ਨੂੰ ਧਨ-ਦੌਲਤ ਆਦਿ ਮਿਲਦੇ ਹਨ।

ਮਨੁੱਖ ਨੂੰ ਸੁੰਦਰ ਰੂਪ ਤੇ ਉੱਤਮ ਕੁਲ ਵਿਚ ਜਨਮ ਮਿਲਦਾ ਹੈ, ਪ੍ਰਭੂ ਦੀ ਮਿਹਰ ਨਾਲ ਹੀ ਮਨੁੱਖ ਅੱਖਾਂ ਨਾਲ ਵੇਖਦਾ, ਕੰਨਾਂ ਨਾਲ ਸੁਣਦਾ, ਜੀਭ ਨਾਲ ਬੋਲਦਾ ਤੇ ਪੈਰਾਂ ਨਾਲ ਤੁਰਦਾ-ਫਿਰਦਾ ਭਾਵ ਮਨੁੱਖ ਵੱਧਦਾ-ਫੁੱਲਦਾ ਹੈ ਅਤੇ ਮਨੁੱਖ ਦੇ ਸਾਰੇ ਕਾਰਜ ਪੂਰੇ ਹੁੰਦੇ ਹਨ। ਪ੍ਰਭੂ ਆਪਣੀ ਕਿਰਪਾ ਕਰਕੇ ਹੀ ਮਨੁੱਖ ਦੀ ਬੁੱਧੀ ਉੱਤਮ ਕਰਦਾ ਹੈ ਤੇ ਉਸ ਤੋਂ ਆਪਣਾ ਨਾਮ ਜਪਾਉਂਦਾ ਹੈ ਜੋ ਸਭ ਤੋਂ ਉੱਤਮ ਕਰਮ ਹੈ। ਨਾਮ ਸਿਮਰਨ ਦੇ ਖਜ਼ਾਨੇ ਵੀ ਪ੍ਰਭੂ ਦੀ ਮਿਹਰ ਰਾਹੀਂ ਮਿਲਦੇ ਹਨ।

ਜਦੋਂ ਸਾਧਕ ਨੂੰ ਨਾਮ ਸਿਮਰਨ ਦੀ ਸੋਝੀ ਆਉਂਦੀ ਹੈ ਤਾਂ ਉਹ ਗੁਰੂ ਦੀ ਅਗਵਾਈ ਵਿਚ ਅਤੇ ਸਾਧ ਦੀ ਸੰਗਤ ਵਿਚ ਨਾਮ ਸਿਮਰਨ ਕਰਦਾ ਹੈ। ਇਸ ਨਾਲ ਮਨੁੱਖ ਦਾ ਆਤਮਿਕ ਵਿਕਾਸ ਹੁੰਦਾ ਹੈ। ਕਈ ਵਾਰ ਸਾਧਕ ਵਿਚ ਇਸ ਆਤਮਿਕ ਗਿਆਨ ਦੀ ਹਉਮੈ ਪੈਦਾ ਹੋ ਜਾਂਦੀ ਹੈ। ਇਸ ਤੋਂ ਬਚਣ ਲਈ ਗੁਰੂ ਜੀ ਸਾਧਕ ਨੂੰ ਸਾਵਧਾਨ ਕਰਦੇ ਹਨ ਕਿ ਇਹ ਨਾਮ ਸਿਮਰਨ, ਸਾਧੂ ਦੀ ਸੰਗਤ ਤੇ ਸੱਚੇ ਗੁਰੂ ਦੀ ਸ਼ਰਨ ਉਸ ਪ੍ਰਭੂ ਦੀ ਕ੍ਰਿਪਾ ਨਾਲ ਹੀ ਸੰਭਵ ਹੋ ਸਕਦੀ ਹੈ:

ਕਰਨ ਕਰਾਵਨ ਕਰਨੈ ਜੋਗੁ॥

ਜੋ ਤਿਸ ਭਾਵੈ ਸੋਈ ਹੋਗੁ॥ (ਅਸਟਪਦੀ 11.1)

ਗੁਰੂ ਜੀ ਸੁਖਮਨੀ ਸਾਹਿਬ ਵਿਚ ਸਪਸ਼ਟ ਕਰਦੇ ਹਨ ਕਿ ਮਨੁੱਖ ਦੇ ਆਪਣੇ ਹੱਥ ਵਿਚ ਕੁਝ ਵੀ ਨਹੀਂ। ਮਨੁੱਖ ਉਸ ਪਾਰਬ੍ਰਹਮ ਦੇ ਹੱਥ ਦੀ ਕਠਪੁਤਲੀ ਹੈ। ਉਹ ਪਾਰਬ੍ਰਹਮ ਜਿਵੇਂ ਚਾਹੁੰਦਾ ਹੈ ਉਵੇਂ ਹੀ ਮਨੁੱਖ ਨੂੰ ਖੇਡਾਂ ਖਿਡਾਉਂਦਾ ਹੈ। ਜਿਸ ਤੇ ਬ੍ਰਹਮ ਮਿਹਰ ਕਰਦਾ ਹੈ ਉਸਨੂੰ ਆਤਮਿਕ ਸੋਝੀ ਦਿੰਦਾ ਹੈ। ਉਹਚ ਚਾਹਵੇ ਤਾਂ ਮਨੁੱਖ ਮੁਕਤੀ ਪਾ ਲੈਂਦਾ ਹੈ ਤੇ ਨਹੀਂ ਤਾਂ ਮਨੁੱਖ ਚੁਰਾਸੀ ਦੇ ਗੇੜ ਵਿਚ ਘੁੰਮਦਾ ਰਹਿੰਦਾ ਹੈ:

ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ॥

ਜਿਸੁ ਭਾਵੈ ਤਿਸੁ ਖੇਲ ਖਿਲਾਵੈ॥ (ਅਸਟਪਦੀ 21.8)

ਗੁਰੂ ਜੀ ਮਨੁੱਖ ਨੂੰ ਦਸਦੇ ਹਨ ਕਿ ਇਹ ਸਾਰੀ ਸ੍ਰਿਸ਼ਟੀ ਵੀ ਉਸ ਬ੍ਰਹਮ ਦੇ ਹੁਕਮ ਅਧੀਨ ਚੱਲਦੀ ਹੈ। ਸ੍ਰਿਸ਼ਟੀ ਦਾ ਹਰ ਵਸਤੂ ਵਰਤਾਰਾ ਉਸਦੀ ਕਿਰਪਾ ਨਾਲ ਹੀ ਉਪਜਦਾ ਤੇ ਬਿਨਸਦਾ ਹੈ:

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥

ਆਪਨੈ ਭਾਵੈ ਲਏ ਸਮਾਏ॥ (ਅਸਟਪਦੀ 22.1)

ਇਸ ਤਰ੍ਹਾਂ ਗੁਰੂ ਜੀ ਮਨੁੱਖ ਨੂੰ ਦਸਦੇ ਹਨ ਕਿ ਮਨੁੱਖ ਦੇ ਜੀਵਨ ਦਾ ਮਕਸਦ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਨਾ ਹੈ ਜਿਸ ਲਈ ਨਾਮ ਸਿਮਰਨ, ਹੁਕਮ, ਗੁਰੂ ਅਤੇ ਸਾਧ ਦੀ ਸੰਗਤ ਦੀ ਜ਼ਰੂਰਤ ਹੈ। ਮਨੁੱਖ ਬ੍ਰਹਮ ਦੇ ਗੁਣਾਂ ਦਾ ਗਾਣ ਨਾਮ ਸਿਮਰਨ ਰਾਹੀਂ ਕਰਦਾ ਹੈ। ਫਿਰ ਉਹ ਮਨ ਵਿਚ ਨਿਮਰਤਾ ਵਸਾ ਕੇ ਬ੍ਰਹਮ ਦੀ ਅਧੀਨਗੀ ਸਵੀਕਾਰ ਲੈਂਦਾ ਹੈ ਤੇ ਉਸਦੇ ਹੁਕਮ ਵਿਚ ਰਹਿਣਾ ਸਿੱਖ ਜਾਂਦਾ ਹੈ। ਫਿਰ ਸੱਚੇ ਗੁਰੂ ਦੀ ਲੋੜ ਹੈ ਜੋ ਉਸਦਾ ਸਹੀ ਮਾਰਗਦਰਸ਼ਨ ਕਰ ਸਕੇ। ਸੱਚੇ ਗੁਰੂ ਦੇ ਲੜ ਲੱਗ ਕੇ ਉਹ ਸਾਧ ਦੀ ਸੰਗਤ ਕਰਦਾ ਹੈ ਤੇ ਨਾਮ ਰਸ ਵਿਚ ਰੰਗਿਆ ਜਾਂਦਾ ਹੈ:- ਇਸ ਅਵਸਥਾ ਤੇ ਪਹੁੰਚ ਕੇ ਉਸਨੂੰ ਬ੍ਰਹਮ ਦੀ ਸੋਝੀ ਤਾਂ ਹੋ ਜਾਂਦੀ ਹੈ ਪਰ ਬ੍ਰਹਮ ਨਾਲ ਅਭੇਦਤਾ ਨਹੀਂ ਹੁੰਦੀ। ਇਸ ਅਭੇਦਤਾ ਲਈ ਸਿਖ਼ਰਲੀ ਪਾਉੜੀ ਪ੍ਰਭੂ ਦੀ ਮਿਹਰ ਜਾਂ ਕਿਰਪਾ ਹੈ। ਫਿਰ ਬ੍ਰਹਮ ਦੀ ਕਿਰਪਾ ਜਾਂ ਮਿਹਰ ਨਾਲ ਜੀਵ ਦਾ ਬ੍ਰਹਮ ਮਿਲਾਪ ਹੁੰਦਾ ਹੈ।

ਇਸ ਤਰ੍ਹਾਂ ਸੁਖਮਨੀ ਸਾਹਿਬ ਵਿਚ ਮਨਮੁਖ ਜੀਵ ਨੂੰ ਗੁਰਮੁਖ ਬਣਨ ਲਈ ਪ੍ਰੇਰਿਤ ਕੀਤਾ ਗਿਆ ਹੈ ਜਿਸ ਲਈ ਸਭ ਤੋਂ ਜਰੂਰੀ ਰਸਤਾ ਨਾਮ ਸਿਮਰਨ ਹੈ। ਮਨਮੁਖ ਸੇਵਾ ਭਾਵਨਾ ਨਾਲ ਆਪਣੇ ਆਪ ਨੂੰ ਨੀਵਾਂ ਜਾਣ ਕੇ ਪਰਮਾਤਮਾ ਦੇ ਨਾਮ ਦੇ ਗੁਣ ਗਾਉਂਦਾ ਹੈ ਤੇ

ਉਸ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ ਤਾਂ ਉਸਦੀ 'ਮਤਿ ਊਚੀ' ਹੋ ਜਾਂਦੀ ਹੈ ਤੇ ਉਹ ਸਹਜ ਅਵਸਥਾ ਨੂੰ ਪਾ ਲੈਂਦਾ ਹੈ ਜਿਥੇ ਜਾ ਕੇ ਉਸਦੀ ਭਟਕਣਾ ਖ਼ਤਮ ਹੋ ਜਾਂਦੀ ਹੈ। ਇਸ ਤਰ੍ਹਾਂ ਜੀਵਆਤਮਾ ਦਾ ਪਰਮਆਤਮਾ ਮੇਲ ਹੋ ਜਾਂਦਾ ਹੈ। ਜੀਵਆਤਮਾ ਨੂੰ ਪਰਮਆਨੰਦ ਦੀ ਪ੍ਰਾਪਤੀ ਹੁੰਦੀ ਹੈ।

### 3.1.5 ਸੁਖ:-

ਸੁਖਮਨੀ ਵਿਚ ਸੁਖ ਦਾ ਸੰਕਲਪ ਮੁੱਖ ਤੌਰ ਤੇ ਸਪੱਸ਼ਟ ਕੀਤਾ ਗਿਆ ਹੈ। 'ਸੁਖਮਨੀ' ਨੂੰ ਹੀ ਸੁਖਾਂ ਦੀ ਦਾਤੀ ਬਾਣੀ ਕਿਹਾ ਗਿਆ ਹੈ:-

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।
ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥

ਸੁਖਮਨੀ ਵਿਚ ਇਸ ਸੁਖ ਦਾ ਜ਼ਿਕਰ ਥਾਂ ਪਰ ਥਾਂ ਆਇਆ ਹੈ। ਸੁਖ ਮਨੁੱਖ ਦੇ ਮਨ ਦੀ ਸੰਤੁਸ਼ਟੀ ਦਾ ਹੀ ਦੂਸਰਾ ਨਾਂ ਹੈ। ਜਦੋਂ ਮਨੁੱਖੀ ਮਨ ਦੇ ਬਾਹਰੀ ਪ੍ਰਸਥਿਤੀਆਂ ਅਨੁਕੂਲ ਹੋ ਜਾਂਦੀਆਂ ਹਨ ਤਾਂ ਉਸਨੂੰ ਸੁਖ ਮਿਲਦਾ ਹੈ। ਇਹ ਪ੍ਰਸਥਿਤੀਆਂ ਦੁਨੀਆਵੀ ਵਸਤੂਆਂ ਦੀਆਂ ਵੀ ਹੋ ਸਕਦੀਆਂ ਹਨ ਅਤੇ ਮਾਨਸਿਕ ਜਾਂ ਬੌਧਿਕ ਵੀ ਹੋ ਸਕਦੀਆਂ ਹਨ। ਸੁਖਮਨੀ ਵਿਚ ਦੁਨੀਆਵੀ ਵਸਤੂਆਂ ਤੋਂ ਮਿਲਣ ਵਾਲੇ ਸੁਖ ਅਤੇ ਰੂਹਾਨੀ ਸੁਖ ਦੋਵਾਂ ਤਰ੍ਹਾਂ ਦੇ ਸੁਖਾਂ ਨੂੰ ਪਾਉਣ ਦਾ ਸਾਧਨ ਨਾਮ ਸਿਮਰਨ ਦੱਸਿਆ ਗਿਆ ਹੈ। ਸੁਖਮਨੀ ਨਾਮ ਸਿਮਰਨ ਦੁਆਰਾ ਦੁਨੀਆਵੀ ਸੁਖ ਭਾਵ ਧਨ-ਦੌਲਤ, ਮਾਣ-ਸਨਮਾਨ, ਰਾਜ-ਅਭਿਮਾਨ, ਰਿਧੀਆਂ-ਸਿੱਧੀਆਂ ਪ੍ਰਾਪਤ ਹੋਣ ਦਾ ਵੀ ਯਕੀਨ ਦਵਾਉਂਦੀ ਹੈ।

ਪ੍ਰਭ ਕੈ ਸਿਮਰਨ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨ ਗਿਆਨ ਧਿਆਨ ਤਤੁ ਬੁਧਿ॥ (ਅਸਟਪਦੀ 1.3)

ਜਦੋਂ ਮਨੁੱਖ ਦੀ ਕਿਸੇ ਇੱਛਾ ਦੀ ਤ੍ਰਿਪਤੀ ਹੁੰਦੀ ਹੈ ਤਾਂ ਮਨੁੱਖ ਨੂੰ ਸੁਖ ਮਿਲਦਾ ਹੈ ਭਾਵ ਮਨ ਦੀ ਤ੍ਰਿਪਤੀ ਜਾਂ ਸੰਤੁਸਟੀ ਦੀ ਹਾਲਤ ਨੂੰ ਹੀ ਸੁਖ ਆਖਿਆ ਜਾਂਦਾ ਹੈ। ਸੁਖ ਦੀ ਅਵਸਥਾ ਮਨੁੱਖ ਦੀਆਂ ਇੱਛਾਵਾਂ ਦੀ ਪ੍ਰਸਥਿਤੀਆਂ ਨਾਲ ਅਨੁਕੂਲਤਾ ਹੈ। ਇਹ ਇੱਛਾਵਾਂ ਜਦੋਂ ਵਸਤੂਆਂ ਜਾਂ ਲਾਲਸਾਵਾਂ ਦੀਆਂ ਹੋਣ ਤੇ ਪ੍ਰਸਥਿਤੀਆਂ ਅਨੁਕੂਲ ਹੋਣ ਤਾਂ ਦੁਨਿਆਵੀ ਸੁਖ ਪ੍ਰਾਪਤ ਹੁੰਦੇ ਹਨ ਪਰ ਜਦੋਂ ਇੱਛਾ ਆਤਮਿਕ ਆਨੰਦ ਦੀ ਹੋਵੇ, ਪ੍ਰਸਥਿਤੀਆਂ ਅਨੁਕੂਲ

ਹੋਣ ਤੇ ਸੱਚ ਦੀ ਸੋਝੀ ਹੋਵੇ ਤਾਂ ਇਹ ਆਤਮਿਕ ਸੁਖ ਹੋ ਨਿਬੜਦਾ ਹੈ ਜਿਸਨੂੰ ਗੁਰਬਾਣੀ ਵਿਚ ਸਦੀਵੀ ਸੁਖ ਦਾ ਨਾਂ ਦਿੱਤਾ ਗਿਆ ਹੈ। ਸਦੀਵੀ ਸੁਖ ਮਿਲਣ ਨਾਲ ਮਨੁੱਖ ਵਿਚ ਬਾਕੀ ਦੁਨਿਆਵੀ ਇੱਛਾਵਾਂ ਜਾਂ ਲਾਲਸਾਵਾਂ ਖ਼ਤਮ ਹੋ ਜਾਂਦੀਆਂ ਹਨ।

ਵੱਖ-ਵੱਖ ਵਿਦਵਾਨਾਂ ਨੇ ਸੁਖ ਦੇ ਵੱਖ-ਵੱਖ ਭੇਦ ਦੱਸੇ ਹਨ। ਪ੍ਰਸਿੱਧ ਵਿਦਵਾਨ ਡਾ. ਰਾਧਾ ਕ੍ਰਿਸ਼ਨਨ ਨੇ ਪੰਜ ਪ੍ਰਕਾਰ ਦੇ ਸੁਖ ਦੱਸੇ ਹਨ। ਜੀਵਨ ਦਾਯਕ ਸੁਖ, ਇੰਦਰੀ ਭੋਜਨਕ ਸੁਖ, ਮਾਨਸਿਕ ਤੇ ਬੌਧਿਕ ਸੁਖ ਅਤੇ ਪੰਜਵਾਂ ਸੁਖ ਹੈ ਆਨੰਦ।[43]

ਬੁੱਧ ਨੇ ਵੀ ਦੋ ਤਰ੍ਹਾਂ ਦੇ ਸੁਖਾਂ ਦਾ ਜ਼ਿਕਰ ਕੀਤਾ ਹੈ:-

1. **ਕਾਮਸੁਖ:** ਜੋ ਪੰਜ ਗਿਆਨ ਇੰਦਰੀਆਂ ਤੋਂ ਉਪਜਦਾ ਹੈ।
2. **ਉਪੇਖ ਸੁਖ:** ਜੋ ਸੁਖ ਗਿਆਨ ਤੋਂ ਉਪਜਦਾ ਹੈ।

ਗੁਰਬਾਣੀ ਵਿਚ ਵੀ ਦੋ ਪ੍ਰਕਾਰ ਦੇ ਸੁਖਾਂ ਦਾ ਵਰਣਨ ਮਿਲਦਾ ਹੈ:-

1) **ਦੁਨੀਆਵੀ ਸੁਖ:** ਇਹ ਸੁਖਾਂ ਦੀ ਇੱਛਾ ਮਨਮੁਖ ਕਰਦਾ ਹੈ। ਇਹ ਦੁਨੀਆਵੀ ਵਸਤਾਂ ਜਾਂ ਰਿਸ਼ਤਿਆਂ ਤੋਂ ਉਪਜਣ ਵਾਲੇ ਸੁਖ ਹੁੰਦੇ ਹਨ।

2) **ਸਦੀਵੀ ਸੁਖ:** ਇਹਨਾਂ ਸੁਖਾਂ ਦੀ ਇੱਛਾ ਗੁਰਮੁਖ ਕਰਦਾ ਹੈ। ਇਹ ਆਤਮਿਕ ਸੁਖ ਹੁੰਦੇ ਹਨ। ਜਦੋਂ ਮਨੁੱਖੀ ਆਤਮਾ ਨੂੰ ਪਰਮਾਤਮਾ ਭਾਵ ਸੱਚ ਦੀ ਸੋਝੀ ਹੋ ਜਾਵੇ ਤਾਂ ਉਸਨੂੰ ਸਦੀਵੀਂ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ।

ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਸੁਖਾਂ ਦਾ ਵਰਗੀਕਰਨ 3 ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ:-

1) **ਭੁੱਖ ਦੀ ਤ੍ਰਿਪਤੀ ਤੋਂ ਪੈਦਾ ਹੋਣ ਵਾਲਾ ਸੁਖ:** ਇਹ ਸੁਖ ਇੰਦਰੀਆਂ ਦੀ ਸੰਤੁਸ਼ਟੀ ਤੋਂ ਪੈਦਾ ਹੋਣ ਵਾਲਾ ਸੁਖ ਹੈ।

2) **ਦੁਨੀਆਵੀ ਵਸਤੂਆਂ ਦੀ ਪ੍ਰਾਪਤੀ ਤੋਂ ਪੈਦਾ ਹੋਣ ਵਾਲਾ ਸੁਖ:** ਇਹ ਸੁਖ ਧਨ-ਦੌਲਤ, ਰਾਜ, ਪਦਵੀ, ਇੱਜ਼ਤ ਆਦਿ ਅਨੇਕਾਂ ਤਰ੍ਹਾਂ ਦੀਆਂ ਦੁਨਿਆਵੀ ਵਸਤੂਆਂ ਅਤੇ ਮਾਣ ਸਮਨਮਾਨ ਦੇ ਮਿਲਣ ਨਾਲ ਪੈਦਾ ਹੁੰਦਾ ਹੈ।

3) **ਅਨੁਭਵ ਤੋਂ ਪੈਦਾ ਹੋਣ ਵਾਲਾ ਸੁਖ:** ਇਹ ਸੁਖ ਗਿਆਨ ਦੀ ਸੋਝੀ ਆਉਣ ਤੋਂ ਬਾਅਦ ਪੈਦਾ ਹੁੰਦਾ ਹੈ। ਗੁਰਬਾਣੀ ਵਿਚ ਅਜਿਹੇ ਸੁਖ ਨੂੰ ਹੀ ਪਰਮ ਆਨੰਦ ਦੀ ਅਵਸਥਾ ਕਿਹਾ ਗਿਆ ਹੈ। ਅਜਿਹੀ ਅਵਸਥਾ ਤੇ ਪਹੁੰਚ ਕੇ ਮਨੁੱਖ ਨੂੰ ਦੁਨਿਆਵੀ ਵਸਤਾਂ ਦੀ ਨਹੀਂ

---

[43] ਡਾ. ਰਾਧਾਕ੍ਰਿਸ਼ਨ ਭਾਰਤੀ ਦਰਸ਼ਨ (ਹਿੰਦੀ), ਪੰਨਾ-191.

ਸਗੋਂ ਗਿਆਨ ਇਕੱਠਾ ਕਰਨ ਦੀ ਲਾਲਸਾ ਹੁੰਦੀ ਹੈ। ਇਹ ਸੁਖ ਪ੍ਰਾਪਤ ਕਰਨ ਲਈ ਮਨ ਦੇ ਵਿਕਾਰਾਂ ਨੂੰ ਦੂਰ ਕਰਕੇ ਸਹੀ ਮਾਰਗਦਰਸ਼ਕ ਜਿਸਨੂੰ ਕਿ ਗੁਰਬਾਣੀ ਵਿਚ ਗੁਰੂ, ਸਾਧ ਜਾਂ ਸੰਤ ਕਿਹਾ ਗਿਆ ਹੈ, ਦੇ ਲੜ ਲੱਗ ਕੇ ਤੇ ਸਹੀ ਮਾਰਗ ਤੇ ਚੱਲਣਾ ਪੈਂਦਾ ਹੈ।

ਨਿਰੰਕਾਰ ਦੇ ਗੁਣਾਂ ਨੂੰ ਗਾਉਣ, ਸੁਣਨ ਤੇ ਪ੍ਰੇਮ ਨਾਲ ਜਪਣ ਨਾਲ ਮਨ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਹ ਸੁਖ ਦਿਨ ਰਾਤ ਦੀ ਤਰ੍ਹਾਂ ਹੁੰਦਾ ਹੈ ਦਿਨ ਤੋਂ ਬਾਅਦ ਰਾਤ ਤੇ ਫਿਰ ਦਿਨ ਇਸ ਤਰ੍ਹਾਂ ਹੀ ਸੁਖ ਤੋਂ ਬਾਅਦ ਦੁੱਖ ਅਤੇ ਦੁੱਖ ਤੋਂ ਬਾਅਦ ਸੁਖ। ਦੁਨਿਆਵੀ ਵਸਤੂਆਂ ਤੋਂ ਮਿਲਣ ਵਾਲਾ ਸੁਖ ਬਹੁਤ ਹੀ ਛੋਟਾ ਭਾਵ ਥੋੜੇ ਸਮੇਂ ਦਾ ਹੁੰਦਾ ਹੈ। ਉਹ ਦੁੱਖ ਨਾਲ ਵਾਰੀ ਵਟਾਉਂਦਾ ਰਹਿੰਦਾ ਹੈ। ਪ੍ਰੰਤੂ ਉੱਤਮ ਦਰਜੇ ਤੇ ਪਹੁੰਚ ਕੇ ਜੋ ਸੁਖ ਪ੍ਰਾਪਤ ਹੁੰਦਾ ਹੈ ਉਹ ਦੁੱਖ ਨਾਲ ਵਾਰੀ ਨਹੀਂ ਵਟਾਉਂਦਾ। ਇਹ ਨਿਰੰਤਰ ਤੇ ਸਦੀਵੀ ਹੁੰਦਾ ਹੈ। ਇਸ ਅਵਸਥਾ ਦੇ ਸੁਖ ਨੂੰ ਆਨੰਦ ਦੀ ਅਵਸਥਾ ਕਿਹਾ ਜਾ ਸਕਦਾ ਹੈ।

ਨਾਮ ਸਿਮਰਨ ਨਾਲ ਮਨ ਵਿਚ ਟਿਕਾਉ ਜਾਂ ਸਹਿਜਤਾ ਆਉਂਦੀ ਹੈ। ਮਨ ਦੀ ਭਟਕਣਾ ਦੂਰ ਹੁੰਦੀ ਹੈ। ਮਾਇਆ ਦਾ ਤਿਆਗ ਹੋ ਜਾਂਦਾ ਹੈ ਤੇ ਅਸਲ ਸਦੀਵੀਂ ਸੁਖ ਭਾਵ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ।

ਸੁਖਮਨੀ ਵਿਚ ਇਹ ਸਾਰੇ ਤਰ੍ਹਾਂ ਦੇ ਸੁਖਾਂ ਦਾ ਜ਼ਿਕਰ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਇਹਨਾਂ ਸਭ ਤਰ੍ਹਾਂ ਦੇ ਸੁਖਾਂ ਨੂੰ ਪਾਉਣ ਦਾ ਸਾਧਨ ਨਾਮ ਸਿਮਰਨ ਦੱਸਿਆ ਹੈ। ਆਰੰਭ ਵਾਲੀਆਂ ਅਸਟਪਦੀਆਂ ਵਿਚ ਗੁਰੂ ਜੀ ਦੁਨਿਆਵੀ ਸੁਖਾਂ ਦਾ ਵਰਣਨ ਕਰਦੇ ਹੋਏ ਇਹਨਾਂ ਨੂੰ ਪਾਉਣ ਦਾ ਸਾਧਨ ਨਾਮ ਸਿਮਰਨ ਹੀ ਦੱਸਦੇ ਹਨ ਜਿਵੇਂ:-

ਪ੍ਰਭ ਕਉ ਸਿਮਰਹਿ ਸੇ ਧਨਵੰਤੇ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥ (ਅਸਟਪਦੀ 1.5)

ਸੁਖਮਨੀ ਵਿਚ ਅਨੇਕ ਪ੍ਰਕਾਰ ਦੇ ਦੁੱਖਾਂ ਨੂੰ ਦੂਰ ਕਰਨ ਦਾ ਸਾਧਨ ਵੀ ਨਾਮ ਸਿਮਰਨ ਹੀ ਦੱਸਿਆ ਹੈ:-

ਪ੍ਰਭ ਕੈ ਸਿਮਰਨਿ ਗਰਭ ਨ ਬਸੈ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥ (ਅਸਟਪਦੀ 1.2)

ਸੁਖਮਨੀ ਵਿਚ ਅਨੇਕ ਪ੍ਰਕਾਰ ਦੇ ਸੁਖਾਂ ਦਾ ਵਰਣਨ ਕੀਤਾ ਗਿਆ ਹੈ ਪ੍ਰੰਤੂ ਮਨੁੱਖ ਦੁਨਿਆਵੀ ਸੁਖਾਂ ਦੀ ਲਾਲਸਾ ਵਧੇਰੇ ਕਰਦਾ ਹੈ ਅਤੇ ਇਸ ਦੀ ਪੂਰਤੀ ਲਈ ਉਹ ਪਾਠ ਕਰਦਾ ਭਾਵ ਨਾਮ ਸਿਮਰਦਾ ਹੈ ਕਿਉਂਕਿ ਉਸ ਸਮੇਂ ਉਸਦੀ ਸੋਝੀ ਉੱਚੀ ਨਹੀਂ ਹੁੰਦੀ ਉਹ ਪਰਮ ਸੁਖ ਜਾਂ ਆਨੰਦ ਨਾਲੋਂ ਦੁਨਿਆਵੀ ਸੁਖਾਂ ਨੂੰ ਹੀ ਤਰਜੀਹ ਦਿੰਦਾ ਹੈ ਜਿਨ੍ਹਾਂ ਨੂੰ ਪਾਉਣ ਦਾ ਵਿਸ਼ਵਾਸ ਸੁਖਮਨੀ ਦਵਾਉਂਦੀ ਹੈ:-

ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥ (ਅਸਟਪਦੀ 1.5)

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਦੇ ਸੁਰੂ ਵਿਚ ਦੁਨਿਆਵੀ ਸੁਖਾਂ ਦਾ ਹੀ ਜ਼ਿਕਰ ਕੀਤਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਨਾਮ ਸਿਮਰਨ ਦਾ ਮਾਰਗ ਦੱਸਿਆ ਹੈ ਅਤੇ ਇਸ ਦੇ ਨਾਲ-ਨਾਲ ਸਿਮਰਨ ਨੂੰ ਸਦਾਚਾਰਕ ਗੁਣਾਂ ਦਾ ਜਨਮਦਾਤਾ ਦੱਸਿਆ ਹੈ:-

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ॥ (ਅਸਟਪਦੀ 1.6)

ਇਸ ਤਰ੍ਹਾਂ ਗੁਰੂ ਜੀ ਦੁਨੀਆਵੀ ਸੁਖਾਂ ਦਾ ਯਕੀਨ ਦਵਾ ਕੇ ਸਾਧਕ ਨੂੰ ਸਹੀ ਮਾਰਗ ਵੱਲ ਤੁਰਨ ਦੀ ਪ੍ਰੇਰਣਾ ਦਿੰਦੇ ਹੋਏ ਆਪਣੇ ਮੁੱਖ ਉਦੇਸ਼ ਦੀ ਪੂਰਤੀ ਵੱਲ ਵੱਧਦੇ ਦੱਸਦੇ ਹਨ ਕਿ:

ਚਾਰਿ ਪਦਾਰਥ ਜੇ ਕੋ ਮਾਗੈ
ਸਾਧ ਜਨਾ ਕੀ ਸੇਵਾ ਲਾਗੈ॥
ਜੇ ਕੋ ਅਪੁਨਾ ਦੂਖੁ ਮਿਟਾਵੈ
ਹਰਿ ਹਰਿ ਨਾਮ ਰਿਦੈ ਸਦ ਗਾਵੈ॥
ਜੇ ਕਉ ਆਪੁਨੀ ਸੋਭਾ ਲੋਰੈ
ਸਾਧ ਸੰਗ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਣ ਤੇ ਡਰੈ
ਸਾਧ ਜਨਾ ਕੀ ਸਰਨੀ ਪਰੈ॥
ਜਿਸ ਜਨ ਕਉ ਪ੍ਰਭ ਦਰਸ ਪਿਆਸਾ

ਨਾਨਕ ਤਾ ਕੈ ਬਲਿ ਬਲਿ ਜਾਸਾ॥ (ਅਸਟਪਦੀ 3.5)

ਦੁਨਿਆਵੀ ਵਸਤੂਆਂ ਤੇ ਇੱਜ਼ਤ ਪਾਉਣ ਲਈ ਸਦਾ ਨਾਮ ਸਿਮਰਨ ਦੇ ਨਾਲ-ਨਾਲ ਸਾਧ ਦੀ ਸੇਵਾ ਤੇ ਸਾਧ ਦੀ ਸੰਗਤ ਕਰਨੀ ਵੀ ਜ਼ਰੂਰੀ ਹੈ।

ਸਾਧ ਕੈ ਸੰਗਿ ਮੁਖ ਊਜਲ ਹੋਤ॥

ਸਾਧ ਸੰਗਿ ਮਲੁ ਸਗਲੀ ਖੋਤ॥

ਸਾਧ ਕੈ ਸੰਗਿ ਮਿਟੈ ਅਭਿਮਾਨੁ॥

ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥ (ਅਸਟਪਦੀ 7.1)

ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਗੁਰੂ ਅਤੇ ਸਾਧ ਦੀ ਸੰਗਤ ਨਾਲ ਮਨੁੱਖ ਦੇ ਮਨ ਦੇ ਵਿਕਾਰਾਂ ਨੂੰ ਦੂਰ ਕਰਕੇ ਉਸਨੂੰ ਹੁਕਮ ਵਿਚ ਚੱਲਣ ਦਾ ਉਪਦੇਸ਼ ਦਿੰਦੇ ਹਨ:

ਤਿਸੁ ਕਾ ਹੁਕਮ ਬੂਝਿ ਸੁਖ ਹੋਇ॥

ਤਿਸੁ ਕਾ ਨਾਮ ਰਖੁ ਕੰਠਿ ਪਰੋਇ॥

ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥

ਨਾਨਕ ਬਿਘਨੁ ਨ ਲਾਗੈ ਕੋਇ॥ (ਅਸਟਪਦੀ 14.1)

ਹੁਕਮ ਅਨੁਸਾਰ ਚੱਲਣ ਨਾਲ ਮਨੁੱਖ ਦੇ ਮਨ ਵਿਚ ਲਾਲਚ, ਈਰਖਾ ਅਤੇ ਹਉਮੈ ਖਤਮ ਹੋ ਜਾਂਦੀ ਹੈ ਅਤੇ ਉਹ ਰੱਬੀ ਹੁਕਮ ਅਨੁਸਾਰ ਚੱਲ ਕੇ ਭਾਣੇ ਵਿਚ ਰਹਿਣਾ ਪਸੰਦ ਕਰਦਾ ਹੈ। ਉਸਦੇ ਮਨ ਦੇ ਜੰਜਾਲ ਖਤਮ ਹੋ ਜਾਂਦੇ ਹਨ। ਉਹ ਮਨਮੁਖ ਤੋਂ ਗੁਰਮੁਖ ਦੀ ਅਵਸਥਾ ਨੂੰ ਪਾ ਲੈਂਦਾ ਹੈ।

ਅਜਿਹੀ ਅਵਸਥਾ ਤੇ ਪਹੁੰਚ ਕੇ ਮਨੁੱਖ ਦੇ ਮਨ ਵਿਚ ਖੁਸ਼ੀ ਜਾਂ ਖਿੜਾਉ ਦੀ ਅਵਸਥਾ ਆਉਂਦੀ ਹੈ। ਦੁਨਿਆਵੀ ਸੁਖਾਂ ਦੀ ਲਾਲਸਾ ਖ਼ਤਮ ਹੋ ਜਾਂਦੀ ਹੈ। ਦੁਨਿਆਵੀ ਸੁਖ ਛੋਟੇ ਮਹਿਸੂਸ ਹੋਣ ਲੱਗਦੇ ਹਨ ਤੇ ਮਾਨਸਿਕ ਤ੍ਰਿਪਤੀ ਜਾਂ ਆਨੰਦ ਦੀ ਅਵਸਥਾ ਆ ਜਾਂਦੀ ਹੈ:

ਨਾਮੁ ਜਪਤ ਪਾਵਹਿ ਬਿਸ੍ਰਾਮ॥

ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ॥ (ਅਸਟਪਦੀ 14.7)

ਅਨੰਦ ਮਨ ਦੀ ਉਹ ਅਵਸਥਾ ਹੈ ਜੋ ਮਨੁੱਖ ਸੱਚ ਦੀ ਪ੍ਰਾਪਤੀ ਵੇਲੇ ਆਪਣੇ ਅੰਦਰ ਮਹਿਸੂਸ ਕਰਦਾ ਹੈ:

ਤਪਤਿ ਮਾਹਿ ਠਾਢਿ ਵਰਤਾਈ॥

ਅਨਦੁ ਭਇਆ ਦੁਖ ਨਾਠੇ ਭਾਈ॥ (ਅਸਟਪਦੀ 18.7)

ਅਜਿਹੀ ਅਵੱਸਥਾ ਵਿਚ ਮਨੁੱਖ ਦੇ ਮਨ ਅੰਦਰ ਬ੍ਰਹਮ ਦੇ ਗਿਆਨ ਦੀ ਲਾਲਸਾ ਪੈਦਾ ਹੁੰਦੀ ਹੈ ਅਤੇ ਉਹ ਨਾਮ ਸਿਮਰਨ ਤੇ ਸੱਚੇ ਗੁਰੂ ਦੇ ਲੜ ਲੱਗ ਕੇ ਹੁਕਮ ਵਿਚ ਚੱਲ ਕੇ ਬ੍ਰਹਮਗਿਆਨੀ ਦੀ ਅਵਸਥਾ ਨੂੰ ਪਾ ਲੈਂਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਮਨੁੱਖ ਪਰਮਸੱਤ ਨੂੰ ਆਪਣੇ ਅੰਦਰ ਮਹਿਸੂਸ ਕਰਦਾ ਹੈ ਤੇ ਪਰਮਾਨੰਦ ਦੀ ਅਵਸਥਾ ਨੂੰ ਪਾ ਲੈਂਦਾ ਹੈ। ਇਸੇ ਅਵਸਥਾ ਨੂੰ ਸਦੀਵੀ ਸੁਖ ਕਿਹਾ ਗਿਆ ਹੈ। ਇਸ ਸਦੀਵੀ ਸੁਖ ਦੀ ਅਵਸਥਾ ਕਾਇਮ ਰੱਖਣ ਲਈ ਪ੍ਰਭੂ ਅੱਗੇ ਆਤਮ-ਸਮਰਪਣ ਕਰਕੇ ਭਾਣੇ ਵਿਚ ਜੀਵਨ ਬਤੀਤ ਕਰਨਾ ਹੀ ਸਹੀ ਜੀਵਨ ਜਾਂਚ ਹੈ:

ਜੋ ਕੁਛ ਕਰੈ ਸੋਈ ਸੁਖੁ ਮਾਨੁ॥ (ਅਸਟਪਦੀ 15.4)

ਦੀ ਨਸੀਹਤ ਸਾਧਕ ਨੂੰ ਸਾਵਧਾਨ ਕਰਦੀ ਹੈ ਕਿ ਉਸ ਨੇ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।

ਅੰਤ ਤੇ ਪਰਮਾਨੰਦ ਜਾਂ ਪਰਮ ਸੁਖ ਦੀ ਅਵਸਥਾ ਆਉਂਦੀ ਹੈ ਜਿਥੇ ਬਹੁਤ ਥੋੜੇ ਸਾਧਕ ਹੀ ਪਹੁੰਚਦੇ ਹਨ। ਜਦੋਂ ਮਨੁੱਖ ਦੀ ਚੇਤਨਾ ਵਿਚ ਸੱਚ ਵਸ ਜਾਵੇ ਜਾਂ ਸੱਚ ਦੀ ਸੋਝੀ ਹੋ ਜਾਵੇ ਤਾਂ ਪਰਮਾਨੰਦ ਪ੍ਰਾਪਤ ਹੁੰਦਾ ਹੈ।

## 3.2 ਸੁਖਮਨੀ ਸਾਹਿਬ ਵਿਚਲੇ ਰਹੱਸਵਾਦੀ ਤੱਤਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ

ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ ਸਾਹਿਬ' ਵਿਚ ਸਭ ਤੋਂ ਵੱਡਾ ਰਹੱਸ 'ਬ੍ਰਹਮ' ਦਾ ਹੈ ਕਿ, ਬ੍ਰਹਮ ਕੀ ਹੈ?, ਉਸਦਾ ਰੂਪ ਕੀ ਹੈ? ਉਸਨੂੰ ਕਿਵੇਂ ਜਾਣਿਆ ਜਾ ਸਕਦਾ ਹੈ? ਉਹ ਕਿੱਥੇ ਰਹਿੰਦਾ ਹੈ? ਆਦਿ। ਗੁਰੂ ਜੀ ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਰਹੱਸ ਨੂੰ ਸਪੱਸ਼ਟ ਰੂਪ ਵਿਚ ਬਿਆਨ ਕਰਦੇ ਹਨ ਕਿ ਬ੍ਰਹਮ ਹੀ ਸ੍ਰਿਸ਼ਟੀ ਦਾ ਸੱਚ ਹੈ। ਗੁਰੂ ਜੀ ਨੇ ਇਸ ਸੱਚ ਜਾਂ ਬ੍ਰਹਮ ਦੀ ਖੋਜ ਦਾ ਸਭ ਤੋਂ ਉੱਤਮ ਢੰਗ ਤਰਕ ਜਾਂ ਇੰਦਰੀਵੀ (ਇੰਦਰਾਵੀ) ਖੋਜ ਦੀ ਬਜਾਇ ਆਤਮਿਕ ਅਨੁਭਵ ਨੂੰ ਮਨਿਆ ਹੈ। ਸੋ ਗੁਰੂ ਜੀ ਨਾ ਭੌਤਿਕਵਾਦੀ ਹਨ ਅਤੇ ਨਾ ਹੀ ਤਰਕਵਾਦੀ ਸਗੋਂ ਉਹ ਰਹੱਸਵਾਦੀ ਹਨ ਜੋ ਆਤਮਿਕ ਅਨੁਭਵ ਤੋਂ ਸੱਚ ਦੀ ਪਛਾਣ ਕਰਦੇ ਹਨ। ਰਹੱਸਵਾਦ ਦਾ ਵਾਸਤਾ ਆਤਮਾ ਅਤੇ ਪਰਮਾਤਮਾ ਨਾਲ ਹੈ ਜੋ ਸੁਖਮਨੀ ਸਾਹਿਬ ਦਾ ਮੁੱਖ ਵਿਸ਼ਾ ਹੈ। ਜੁਗਾਂ-ਜੁਗਾਂਤਰਾਂ ਤੋਂ ਸ੍ਰਿਸ਼ਟੀ ਦੀ ਹੋਂਦ ਅਤੇ ਇਸਦੀ ਕਾਰਜਸ਼ੀਲਤਾ ਮਨੁੱਖੀ ਦਿਮਾਗ ਲਈ ਰਹੱਸ ਬਣੀ ਰਹੀ ਹੈ। ਮਨੁੱਖ

ਬੁੱਧੀ ਦੁਆਰਾ ਜਾਨਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇਹ ਜਗਤ ਪਸਾਰਾ ਕਿਵੇਂ ਇਕ ਸਿਸਟਮ ਵਿਚ ਬੱਝ ਕੇ ਚੱਲ ਰਿਹਾ ਹੈ। ਉਤਪਤੀ ਅਤੇ ਵਿਨਾਸ਼ ਦਾ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ। ਇਸ ਸਭ ਵਰਤਾਰੇ ਪਿੱਛੇ ਕਿਸ ਸ਼ਕਤੀ ਦਾ ਹੱਥ ਹੈ ਜੋ ਇੰਨੀ ਵੱਡੀ ਸ੍ਰਿਸ਼ਟੀ ਨੂੰ ਚਲਾ ਰਹੀ ਹੈ? ਇਹ ਸ਼ਕਤੀ ਕਿਸ ਤਰ੍ਹਾਂ ਪੂਰੀ ਸ੍ਰਿਸ਼ਟੀ ਨੂੰ ਸਹੀ ਤਰੀਕੇ ਨਾਲ ਇਕ ਲੜੀ ਵਿਚ ਪਰੋ ਕੇ ਕਿਰਿਆ ਕਰ ਰਹੀ ਹੈ? ਸ੍ਰਿਸ਼ਟੀ ਦਾ ਹਰ ਇਕ ਵਰਤਾਰਾ ਇਕ ਦੂਸਰੇ ਦਾ ਪੂਰਕ ਹੈ। ਮਨੁੱਖੀ ਬੁੱਧੀ ਅਨੁਸਾਰ ਇਹ ਸ੍ਰਿਸ਼ਟੀ ਇਕ ਸ਼ਕਤੀ ਦੁਆਰਾ ਚਲਾਈ ਜਾ ਰਹੀ ਹੈ। ਗੁਰਬਾਣੀ ਵਿਚ ਇਸ ਸ਼ਕਤੀ ਨੂੰ ਹੀ 'ਬ੍ਰਹਮ' ਦਾ ਨਾਂ ਦਿੱਤਾ ਗਿਆ ਹੈ ਕਿ ਪੂਰੀ ਸ੍ਰਿਸ਼ਟੀ ਜਾਂ ਜਗਤ ਪਸਾਰਾ ਬ੍ਰਹਮ ਦੀ ਹੀ ਖੇਡ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਸੁਖਮਨੀ ਸਾਹਿਬ ਵਿਚ ਬ੍ਰਹਮ ਨੂੰ ਹੀ ਪੂਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਮੰਨਿਆ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਬ੍ਰਹਮ ਨੇ ਸਾਰੀ ਸ੍ਰਿਸ਼ਟੀ ਆਪਣੇ ਆਪ ਵਿਚੋਂ ਹੀ ਪੈਦਾ ਕੀਤੀ ਹੈ। ਬ੍ਰਹਮ ਆਪਣੀ ਸਾਜੀ ਸ੍ਰਿਸ਼ਟੀ ਨੂੰ ਆਪਣੇ ਅਨੁਸਾਰ ਚਲਾ ਰਿਹਾ ਹੈ। ਬ੍ਰਹਮ ਜਦੋਂ ਚਾਹੇ ਇਸ ਸ੍ਰਿਸ਼ਟੀ ਨੂੰ ਆਪਣੇ ਵਿਚ ਮਿਲਾ ਸਕਦਾ ਹੈ। ਗੁਰੂ ਜੀ ਅਨੁਸਾਰ:

ਜਹ ਆਪਿ ਰਚਿਉ ਪਰਪੰਚ ਅਕਾਰੁ॥
ਤਹਿ ਬਿਧਿ ਮਹਿ ਕੀਨੋ ਬਿਸਥਾਰੁ॥
ਪਾਪ ਪੁੰਨ ਤਹਿ ਭਈ ਕਹਾਵਤ॥
ਕੋਊ ਨਰਕ ਕੋਊ ਸੁਰਗ ਬੰਛਾਵਤ॥
ਆਲ ਜਾਲ ਮਾਇਆ ਜੰਜਾਲ॥
ਹਉਮੈ ਮੋਹ ਭਰਮ ਭੈ ਭਾਰ॥
ਦੂਖ ਸੂਖ ਮਾਨ ਅਪਮਾਨ॥
ਅਨਿਕ ਪ੍ਰਕਾਰ ਕੀਓ ਬਖ੍ਯ਼ਾਨ॥
ਆਪਨ ਖੇਲੁ ਆਪਿ ਕਰਿ ਦੇਖੈ॥
ਖੇਲੁ ਸੰਕੋਚੈ ਤਉ ਨਾਨਕ ਏਕੈ॥

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਰਾਹੀਂ ਮਨੁੱਖ ਦੀ ਸ੍ਰਿਸ਼ਟੀ ਦੀ ਚਾਲਕ ਸ਼ਕਤੀ ਸਬੰਧੀ ਉਲਝਣ ਨੂੰ ਦੂਰ ਕਰਦਿਆਂ ਸ੍ਰਿਸ਼ਟੀ ਦਾ ਕਰਤਾ-ਧਰਤਾ ਬ੍ਰਹਮ ਨੂੰ ਦੱਸਿਆ ਹੈ। ਹੁਣ ਇਹ ਉਲਝਣ ਪੈਦਾ ਹੁੰਦੀ ਹੈ ਕਿ ਜੇ ਬ੍ਰਹਮ ਦੀ ਹੋਂਦ ਹੈ ਤਾਂ ਉਸਦਾ ਸਰੂਪ, ਅਕਾਰ, ਕਿਸ ਤਰ੍ਹਾਂ ਦਾ ਹੈ? ਇਸ ਬਾਰੇ ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਬ੍ਰਹਮ ਨਿਰਗੁਣ

ਤੇ ਸਰਗੁਣ ਦੋਹੇਂ ਸਰੂਪਾਂ ਵਿਚ ਵਿਦਮਾਨ ਹੈ। ਬ੍ਰਹਮ ਦੀ ਨਿਰਗੁਣ ਅਵਸਥਾ ਨੂੰ ਸੁਖਮਨੀ ਸਾਹਿਬ ਸਾਹਿਬ ਵਿਚ ਸੁੰਨ ਸਮਾਧੀ ਜਾਂ ਅਫ਼ੁਰ ਅਵਸਥਾ ਕਿਹਾ ਹੈ।

ਸਰਗੁਣ ਨਿਰਗੁਣ ਨਿਰੰਕਾਰ॥
ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ॥
ਆਪੇ ਹੀ ਫਿਰਿ ਜਾਪਿ॥ (ਸਲੋਕ ਅਸਟਪਦੀ 21)

ਬ੍ਰਹਮ ਦੇ ਨਿਰਗੁਣ ਸਰੂਪ ਨੂੰ ਜਾਣਨ ਲਈ ਰਹੱਸਵਾਦੀ ਨੂੰ ਆਤਮਿਕ ਅਨੁਭਵ ਦੀ ਅਵਸਥਾ ਤੱਕ ਪਹੁੰਚਣ ਦੀ ਜਰੂਰਤ ਹੈ। ਆਤਮਿਕ ਅਨੁਭਵ ਦੀ ਅਵਸਥਾ ਮਨੁੱਖ ਆਪ ਸੁੰਨ ਸਮਾਧੀ ਦੀ ਅਵਸਥਾ ਵਿਚ ਪਹੁੰਚ ਕੇ ਪ੍ਰਾਪਤ ਕਰਦਾ ਹੈ। ਸੁਖਮਨੀ ਸਾਹਿਬ ਵਿਚ ਰਹੱਸਵਾਦੀ ਦੀ ਸੁੰਨ ਸਮਾਧੀ ਦਾ ਵਰਣਨ 23ਵੀਂ ਅਸਟਪਦੀ ਵਿਚ ਆਇਆ ਹੈ:

ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥ (ਅਸਟਪਦੀ 23)

ਮਨੁੱਖ ਅਤੇ ਬ੍ਰਹਮ ਦੋਹਾਂ ਦੇ ਪ੍ਰਕਰਣ ਵਿਚ ਸੁੰਨ ਸਮਾਧੀ ਦੇ ਵਰਣਨ ਤੋਂ ਅਸੀਂ ਇਹ ਸਮਝ ਸਕਦੇ ਹਾਂ ਕਿ ਰਹੱਸਵਾਦੀ ਦੀ ਸੁੰਨ ਸਮਾਧੀ ਵਿਚ ਨਿਰਗੁਣ ਅਵਸਥਾ ਦਾ ਅਨੁਭਵ ਹੁੰਦਾ ਹੈ। ਇਸ ਅਵਸਥਾ ਵਿਚ ਚੇਤਨਾ ਤਾਂ ਹੁੰਦੀ ਹੈ ਪਰ ਚੇਤਨਾ ਵਿਚ ਕੋਈ ਵਿਚਾਰ, ਖਿਆਲ ਜਾਂ ਮਨੋਭਾਵ ਨਹੀਂ ਹੁੰਦਾ। ਮਨੁੱਖ ਦਾ ਮਨ ਹਰ ਤਰ੍ਹਾਂ ਦੇ ਮਨੋਭਾਵਾਂ ਤੋਂ ਖਾਲੀ ਹੁੰਦਾ ਹੈ। ਇਸ ਖਾਲੀਪਣ ਨੂੰ ਹੀ ਅਫ਼ੁਰ ਜਾਂ ਸੁੰਨ ਸਮਾਧੀ ਦੀ ਅਵਸਥਾ ਕਿਹਾ ਜਾਂਦਾ ਹੈ। ਰਹੱਸਵਾਦੀ ਲਈ ਇਸ ਦਸ਼ਾ ਨੂੰ ਜਾਨਣ ਦਾ ਇਕੋ ਇਕ ਸਾਧਨ ਉਸਦੀ ਆਪਣੀ ਸੁੰਨ ਸਮਾਧੀ ਹੈ ਜਿਸ ਵਿਚ ਨਿਰਗੁਣ ਬ੍ਰਹਮ ਦਾ ਸਰੂਪ ਰਹੱਸਵਾਦੀ ਦੇ ਅਨੁਭਵ ਦਾ ਅੰਗ ਬਣਦਾ ਹੈ। ਸੁਖਮਨੀ ਵਿਚ ਗੁਰੂ ਜੀ ਨੇ ਇਸ ਅਨੁਭਵ ਦਾ ਬਿਆਨ ਵੀ ਬਾਖੂਬੀ ਕੀਤਾ ਹੈ।

ਬ੍ਰਹਮ ਦੀ ਦੂਸਰੀ ਅਵਸਥਾ ਸਰਗੁਣ ਸਰੂਪ ਦੀ ਹੈ। ਗੁਰੂ ਜੀ ਅਨੁਸਾਰ ਬ੍ਰਹਮ ਨੂੰ ਅਫ਼ੁਰ ਤੋਂ ਜਦੋਂ ਫੁਰਨਾ ਫੁਰਿਆ ਤਾਂ ਉਸਨੇ ਬੇਅੰਤ ਸ੍ਰਿਸ਼ਟੀ ਦੀ ਸਾਜਨਾ ਕੀਤੀ। ਬ੍ਰਹਮ ਆਪ ਸ੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ ਜੋ ਉਸਦਾ ਸਰਗੁਣ ਸਰੂਪ ਹੈ। ਮਨੁੱਖ ਵੀ ਉਹਨਾਂ ਕਰੋੜਾਂ ਜੀਵਾਂ ਵਿਚੋਂ ਇਕ ਹੈ ਜੋ ਬ੍ਰਹਮ ਦੀ ਸਾਜੀ ਸ੍ਰਿਸ਼ਟੀ ਦਾ ਅੰਗ ਹਨ। ਬ੍ਰਹਮ

ਅਨੰਤ ਗੁਣਾਂ ਦਾ ਮਾਲਕ ਹੈ। ਪੂਰੀ ਸ੍ਰਿਸ਼ਟੀ ਦੇ ਜੀਵਾਂ ਤੇ ਵਸਤੂਆਂ ਨੂੰ ਗੁਣ ਦੇਣ ਵਾਲੇ ਦੇ ਗੁਣਾਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਸਭ ਨੂੰ ਅਕਾਰ, ਤੇ ਕਾਲ ਦੇਣ ਵਾਲੇ ਦੇ ਅਕਾਰ ਤੇ ਉਮਰ ਦਾ ਅੰਦਾਜ਼ਾ ਭਲਾ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ? ਮਨੁੱਖ ਬ੍ਰਹਮ ਦੇ ਸਰੂਪ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਬ੍ਰਹਮ ਦੇ ਸਰੂਪ ਦੀ ਕਲਪਨਾ ਕਰਕੇ ਮਨੁੱਖ ਦੀ ਬੁੱਧੀ ਚਕਾਚੌਂਧ ਹੋ ਜਾਂਦੀ ਹੈ। ਜਦੋਂ ਬ੍ਰਹਮ ਦੇ ਬੇਅੰਤ ਗੁਣਾਂ ਦੀ ਮਨੁੱਖ ਨੂੰ ਸੋਝੀ ਆਉਂਦੀ ਹੈ ਤਾਂ ਉਹ ਆਪਣੇ ਆਪ ਨੂੰ ਬਹੁਤ ਛੋਟਾ ਮਹਿਸੂਸ ਕਰਦਾ ਹੈ। ਇਥੇ ਆ ਕੇ ਮਨੁੱਖ ਦੇ ਮਨ ਵਿਚ ਨਿਮਰਤਾ ਜਾਗਦੀ ਹੈ ਅਤੇ ਹਉਮੈ ਦਾ ਤਿਆਗ ਹੁੰਦਾ ਹੈ। ਇਹ ਨਿਮਰਤਾ ਹੀ ਰਹੱਸਵਾਦੀ ਜੀਵਨ ਦਾ ਅਧਾਰ ਬਣਦੀ ਹੈ। ਬ੍ਰਹਮ ਦੇ ਬੇਅੰਤ ਸਰੂਪ ਨੂੰ ਕੇਵਲ ਰਹੱਸਵਾਦੀ ਹੀ ਆਪਣੇ ਆਤਮਿਕ ਅਨੁਭਵ ਰਾਹੀਂ ਸਮਝ ਸਕਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਦੇ ਇਸ ਸਰਗੁਣ ਸਰੂਪ ਨੂੰ ਹੀ ਸ੍ਰਿਸ਼ਟੀ ਦਾ ਨਾਮ ਦਿੱਤਾ ਹੈ। ਸ੍ਰਿਸ਼ਟੀ ਦਾ ਰਹੱਸ ਵੀ ਮਨੁੱਖ ਲਈ ਹਮੇਸ਼ਾ ਗੁੰਝਲਦਾਰ ਬਣਿਆ ਰਿਹਾ ਹੈ ਕਿ ਸ੍ਰਿਸ਼ਟੀ ਦੀ ਹੋਂਦ ਕਦੋਂ ਅਤੇ ਕਿਵੇਂ ਹੋਈ? ਸ੍ਰਿਸ਼ਟੀ ਦਾ ਅਕਾਰ ਕੀ ਹੈ ਅਤੇ ਸ੍ਰਿਸ਼ਟੀ ਕਿਸ ਪ੍ਰਕਾਰ ਨਿਯਮ ਅਧੀਨ ਚੱਲ ਰਹੀ ਹੈ? ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਮਨੁੱਖ ਦੀ ਦਿਮਾਗੀ ਉਲਝਣ ਸੁਲਝਾਈ ਹੈ। ਸ੍ਰਿਸ਼ਟੀ ਦੀ ਹੋਂਦ ਬਾਰੇ ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਜਦੋਂ ਬ੍ਰਹਮ ਅਫੁਰ ਅਵਸਥਾ ਭਾਵ ਨਿਰਗੁਣ ਸਰੂਪ ਵਿਚ ਸੀ ਤਾਂ ਬ੍ਰਹਮ ਤਿੰਨਾਂ ਗੁਣਾਂ ਤੋਂ ਰਹਿਤ ਤੇ ਇਕੱਲਾ ਸੀ। ਕੋਈ ਸ੍ਰਿਸ਼ਟੀ ਦੀ ਵਸਤੂ ਵਰਤਾਰੇ ਦੀ ਹੋਂਦ ਨਹੀਂ ਸੀ। ਧੰਦੂਕਾਰ ਸਮੇਂ ਬ੍ਰਹਮ ਅਡੋਲ ਅਵਸਥਾ ਵਿਚ ਸੀ। ਫੇਰ ਉਸਨੂੰ ਫੁਰਨਾ ਫੁਰਿਆ ਤਾਂ ਬ੍ਰਹਮ ਨੇ ਆਪਣਾ ਵਿਸਥਾਰ ਕੀਤਾ ਤਾਂ ਤਿੰਨੇ ਗੁਣਾਂ (ਰਜੋ, ਤਮੋ, ਸਤੋ) ਵਿਚ ਉਸਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਬ੍ਰਹਮ ਸਫ਼ੁਰ ਅਵਸਥਾ ਵਿਚ ਆ ਗਿਆ। ਸਾਰੀ ਸ੍ਰਿਸ਼ਟੀ ਉਸ ਬ੍ਰਹਮ ਦੇ ਹੁਕਮ ਵਿਚ ਚੱਲ ਰਹੀ ਹੈ। ਬ੍ਰਹਮ ਆਪਣੀ ਬਣਾਈ ਸ੍ਰਿਸ਼ਟੀ ਦਾ ਮਾਲਕ ਹੈ। ਉਹ ਇਸਨੂੰ ਆਪਣੇ ਅਨੁਸਾਰ ਚਲਾ ਰਿਹਾ ਹੈ। ਸ੍ਰਿਸ਼ਟੀ ਦਾ ਉਪਜਨ ਬਿਨਸਨ ਉਸ ਬ੍ਰਹਮ ਦੀ ਅੱਖ ਦੇ ਫੁਰਨੇ ਦੀ ਖੇਡ ਹੈ। ਉਹ ਜਦੋਂ ਚਾਹਵੇ ਇਸ ਸ੍ਰਿਸ਼ਟੀ ਨੂੰ ਸਮੇਟ ਕੇ ਆਪਣੇ ਆਪ ਵਿਚ ਸਮਾ ਸਕਦਾ ਹੈ।

ਸ੍ਰਿਸ਼ਟੀ ਜਾਂ ਭੌਤਿਕ ਜਗਤ ਸਦਾ ਪਰਿਵਰਤਨ ਵਿਚ ਰਹਿੰਦਾ ਹੈ ਤੇ ਵਿਕਾਸ ਕਰਦਾ ਹੈ। ਵਿਕਾਸ ਦੌਰਾਨ ਹੌਲੀ-ਹੌਲੀ ਚੇਤਨਾ ਪੈਦਾ ਹੁੰਦੀ ਹੈ। ਮਨੁੱਖ ਤੱਕ ਪਹੁੰਚ ਕੇ ਇਹ ਚੇਤਨਾ

ਬੁੱਧੀ ਮਨੋਭਾਵ, ਇਰਾਦਾ, ਕਲਪਨਾ ਆਦਿ ਕਈ ਰੂਪ ਧਾਰਨ ਕਰਦੀ ਹੈ। ਮਨੁੱਖੀ ਚੇਤਨਾ ਭੌਤਿਕ ਜਗਤ ਦੇ ਵਿਕਾਸ ਦਾ ਫ਼ਲ ਹੈ।

ਮਨੁੱਖ ਨੂੰ ਬਾਕੀ ਸਾਰੇ ਜੀਵਾਂ ਨਾਲੋਂ ਉਸਦੀ ਬੁੱਧੀ ਅਤੇ ਚੇਤਨਾ ਹੀ ਵੱਖ ਕਰਦੀ ਹੈ ਤੇ ਬਾਕੀ ਜੀਵਾਂ ਨਾਲੋਂ ਸ੍ਰੇਸ਼ਠ ਬਣਾਉਂਦੀ ਹੈ। ਸ੍ਰਿਸ਼ਟੀ ਦੇ ਅਨੇਕ ਜੀਵ ਹਨ ਪਰ ਕਿਸੇ ਨੂੰ ਸੁਤੰਤਰ ਹੋਂਦ ਦੀ ਚੇਤਨਾ ਨਹੀਂ ਹੈ। ਇਹ ਚੇਤਨਾ ਮਨੁੱਖੀ ਸਰੀਰ ਦੇ ਵਿਭਿੰਨ ਅੰਗਾਂ ਨੂੰ ਹੈ ਪਰ ਮਨੁੱਖ ਮਨ ਵਿਚ ਇਕ ਵੱਖਰੇਪਨ ਦਾ ਅਹਿਸਾਸ ਹੈ ਜੋ ਮਨੁੱਖ ਨੂੰ ਦੂਜੇ ਜੀਵਾਂ ਨਾਲੋਂ ਹੀ ਨਹੀਂ ਸਗੋਂ ਦੂਜੇ ਮਨੁੱਖਾਂ ਨਾਲੋਂ ਵੀ ਵੱਖਰਾ ਤੇ ਉੱਤਮ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਜਿਸ ਨੂੰ ਹਉਮੈ ਕਿਹਾ ਜਾਂਦਾ ਹੈ। ਜੇਕਰ ਇਹ ਹਉਮੈ ਨਾ ਹੋਵੇ ਤਾਂ ਮਨੁੱਖ ਸਰੀਰਕ ਤੌਰ ’ਤੇ ਭਾਵੇਂ ਇਕ ਦੂਜੇ ਤੋਂ ਭਿੰਨ ਹਨ ਪਰ ਉਹਨਾਂ ਦੀ ਚੇਤਨਾ ਵਿਚ ਭਿੰਨਤਾ ਨਹੀਂ ਆ ਸਕਦੀ। ਇਹ ਹਉਮੈਂ ਹੀ ਮਨੁੱਖ ਨੂੰ ਮਨਮੁਖ ਬਣਾਉਂਦੀ ਹੈ। ਮਨੁੱਖੀ ਬੁੱਧੀ ਵਿਚ ਜਦੋਂ ਹਉਮੈ, ਲੋਭ, ਲਾਲਚ ਸਮਾ ਜਾਂਦੇ ਹਨ ਤਾਂ ਮਨੁੱਖ ਆਪਣੀ ਸੱਤਾ ਕਾਇਮ ਕਰਨ ਲਈ ਸ੍ਰਿਸ਼ਟੀ ਦੇ ਵਿਪਰੀਤ ਚੱਲਣਾ ਸ਼ੁਰੂ ਕਰ ਦਿੰਦਾ ਹੈ। ਬ੍ਰਹਮ ਦਾ ਡਰ ਮਨੋ ਵਿਸਾਰ ਕੇ ਜੀਵ ਮਾਇਆ ਦੇ ਬੰਧਨਾਂ ਵਿਚ ਫਸਦਾ ਚਲਿਆ ਜਾਂਦਾ ਹੈ। ਉਹ ਆਪਣੀ ਹਉਮੈ ਦੇ ਸਹਾਰੇ ਸਰਵਸ੍ਰੇਸ਼ਠ ਬਣਨ ਦੀ ਕੋਸ਼ਿਸ਼ ਕਰਦਾ ਹੈ ਤੇ ਇਹ ਭੁੱਲ ਜਾਂਦਾ ਹੈ ਕਿ ਉਹ ਬ੍ਰਹਮ ਜਾਂ ਬ੍ਰਹਮ ਦੀ ਬਣਾਈ ਸ੍ਰਿਸ਼ਟੀ ਦਾ ਇਕ ਬਹੁਤ ਛੋਟਾ ਅੰਸ਼ ਹੈ। ਬਾਕੀ ਸਾਰੀ ਸ੍ਰਿਸ਼ਟੀ ਬ੍ਰਹਮ ਦੇ ਹੁਕਮ ਅਨੁਸਾਰ ਚਲਦੀ ਹੈ ਪਰ ਜੀਵ ਆਪਣੀ ਬੁੱਧੀ ਕਾਰਨ ਹੀ ਬ੍ਰਹਮ ਦੇ ਹੁਕਮ ਵਿਚ ਚੱਲਣੋਂ ਭਟਕ ਜਾਂਦਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਜੀ ਨੇ ਮਨੁੱਖ ਨੂੰ ਨਸੀਹਤ ਦਿੱਤੀ ਹੈ ਕਿ ਘਰ-ਪਰਿਵਾਰ, ਰਿਸ਼ਤੇ-ਨਾਤੇ, ਜ਼ਮੀਨ-ਜਾਇਦਾਦ ਸਭ ਕੂੜ੍ਹ ਹੈ, ਇਹਨਾਂ ਵਿਚੋਂ ਕੋਈ ਵੀ ਤੇਰੇ ਅੰਤ ਸਹਾਈ ਨਹੀਂ ਹੋਣਾ। ਗੁਰੂ ਜੀ ਸੁਖਮਨੀ ਸਾਹਿਬ ਵਿਚ ਇਸ ਰਾਹੋਂ ਭਟਕੇ ਜੀਵ ਨੂੰ ਸਹੀ ਰਸਤੇ ਤੇ ਲਿਆਉਣ ਦਾ ਮਾਰਗ ਦਰਸ਼ਨ ਕਰਦੇ ਹਨ। ਮਨੁੱਖ ਨੂੰ ਬ੍ਰਹਮ ਦਾ ਅੰਸ਼ ਜਾਣ ਕੇ ਉਸ ਨਾਲ ਹੀ ਅਭੇਦ ਹੋਣ ਦੀ ਸਿੱਖਿਆ ਦਿੰਦੇ ਹਨ। ਗੁਰੂ ਜੀ ਸੁਖਮਨੀ ਸਾਹਿਬ ਵਿਚ ਜੀਵ ਨੂੰ ਬ੍ਰਹਮ ਦੇ ਲੜ ਲੱਗਣ ਲਈ ਸਭ ਤੋਂ ਮਹੱਤਵਪੂਰਨ ਰਸਤਾ ਨਾਮ ਸਿਮਰਨ ਦਾ ਸੁਝਾਉਂਦੇ ਹਨ। ਨਾਮ ਸਿਮਰਨ ਦੁਆਰਾ ਹੀ ਮਨੁੱਖ ਬ੍ਰਹਮ ਦੇ ਗੁਣਾਂ ਨੂੰ ਜਾਣ ਕੇ ਬ੍ਰਹਮ ਦੇ ਰਹੱਸ ਨੂੰ ਸਮਝ ਸਕਦਾ ਹੈ।

ਹੁਣ ਇਹ ਸਵਾਲ ਉੱਠਦਾ ਹੈ ਕਿ ਨਾਮ ਸਿਮਰਨ ਕੀ ਹੈ? ਅਤੇ ਇਸ ਨਾਲ ਬ੍ਰਹਮ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ? ਜਾਂ ਪਰਮ ਆਨੰਦ ਦੀ ਅਵਸਥਾ ਤੇ ਕਿਵੇਂ ਪਹੁਚਿਆ ਜਾ

ਸਕਦਾ ਹੈ? ਨਾਮ ਸਿਮਰਨ ਤੋਂ ਭਾਵ ਬ੍ਰਹਮ ਦੇ ਗੁਣਾਂ ਦਾ ਗਾਣ ਹੈ। ਸੁਖਮਨੀ ਸਾਹਿਬ ਅਨੁਸਾਰ ਮਨੁੱਖ ਬ੍ਰਹਮ ਦੇ ਗੁਣਾਂ ਨੂੰ ਜਾਣ ਕੇ ਉਸਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਕੇ ਗੁਰੂ ਦੇ ਸੁਝਾਏ ਰਸਤੇ ਤੇ ਚੱਲ ਕੇ ਆਪਣਾ ਜੀਵਨ ਬਸਰ ਕਰੇ। ਨਾਮ ਸਿਮਰਨ ਨਾਲ ਮਨੁੱਖ ਦੇ ਸਭ ਭਰਮ-ਭੁਲੇਖੇ ਦੂਰ ਹੁੰਦੇ ਹਨ। ਨਾਮ ਸਿਮਰਨ ਪ੍ਰਭੂ ਦੇ ਗੁਣਾਂ ਨੂੰ ਜਾਣਨਾ ਅਤੇ ਉਹਨਾਂ ਨੂੰ ਜੀਵਨ ਵਿਚ ਧਰਨ ਕਰਨਾ ਹੈ। ਉਸ ਬ੍ਰਹਮ ਨੂੰ ਪਾਉਣ ਜਾਂ ਸਮਝਣ ਲਈ ਉਸਦੇ ਗੁਣਾਂ ਨੂੰ ਵੱਧ ਤੋਂ ਵੱਧ ਕਥਨ ਕਰਨਾ ਅਤੇ ਵਿਚਾਰ ਕਰਨਾ ਚਾਹੀਦਾ ਹੈ ਭਾਵ ਬ੍ਰਹਮ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਤੇ ਉਸ ਨਾਲ ਪ੍ਰੇਮ ਦਾ ਰਿਸ਼ਤਾ ਜੋੜਨਾ ਚਾਹੀਦਾ ਹੈ। ਨਾਮ ਸਿਮਰਨ ਨਾਲ ਮਨੁੱਖ ਦੀ ਸ਼ਖ਼ਸੀਅਤ ਵਿਚ ਵਿਕਾਸ ਹੁੰਦਾ ਹੈ। ਉਹ ਹੌਲੀ-ਹੌਲੀ ਆਤਮਿਕ ਅਨੁਭਵ ਦੀ ਅਵਸਥਾ ਪ੍ਰਾਪਤ ਕਰਦਾ ਹੈ। ਨਾਮ ਸਿਮਰਨ ਦਾ ਇਕ ਪੱਖ ਪ੍ਰਭੂ ਦੇ ਹੁਕਮ ਨੂੰ ਯਾਦ ਕਰਨਾ ਅਤੇ ਉਸਨੂੰ ਮੰਨਣਾ ਹੈ। ਦੈਵੀ ਹੁਕਮ ਦੀ ਆਗਿਆਕਾਰਤਾ ਸਿੱਖ ਰਹੱਸਵਾਦ ਦਾ ਮਹੱਤਵਪੂਰਨ ਅੰਗ ਹੈ।

ਸੁਖਮਨੀ ਸਾਹਿਬ ਵਿਚ ਨਿਰਗੁਣ ਬ੍ਰਹਮ ਤੋਂ ਸਰਗੁਣ ਬ੍ਰਹਮ ਦੀ ਯਾਤਰਾ ਦਾ ਮੁੱਖ ਪੰਧ ਹੁਕਮ ਹੈ। ਨਿਰਗੁਣ ਬ੍ਰਹਮ ਆਪਣੇ ਹੁਕਮ ਦੁਆਰਾ ਹੀ ਸਰਗੁਣ ਰੂਪ ਧਾਰਨ ਕਰਦਾ ਹੈ ਅਤੇ ਹੁਕਮ ਦੁਆਰਾ ਹੀ ਸ੍ਰਿਸ਼ਟੀ ਸਾਜ ਕੇ ਜਗਤ ਪਸਾਰਾ ਕਰਦਾ ਹੈ:


ਹੁਕਮ ਧਾਰਿ ਅਧਰ ਰਹਾਵੈ॥ ਹੁਕਮੈ ਉਪਜੈ ਹੁਕਮ ਸਮਾਵੈ॥

(ਅਸਟਪਦੀ 11.1)

ਗੁਰੂ ਜੀ ਦੁਆਰਾ ਸ੍ਰਿਸ਼ਟੀ ਦਾ ਬ੍ਰਹਮ ਦੇ ਹੁਕਮ ਅਧੀਨ ਚੱਲਣ ਬਾਰੇ ਦੱਸਣ ਦਾ ਮਕਸਦ ਮਨੁੱਖ ਨੂੰ ਉਸ ਦੈਵੀ ਹੁਕਮ ਅਧੀਨ ਚੱਲਣ ਦੀ ਪ੍ਰੇਰਣਾ ਦੇਣੀ ਹੈ।

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਮਨੁੱਖ ਨੂੰ ਉਸਦੀ ਹੋਂਦ ਬ੍ਰਹਮ ਦੇ ਇਕ ਅੰਸ਼ ਵੱਜੋਂ ਸਮਝਾ ਕੇ ਉਸਨੂੰ ਉਸੇ ਬ੍ਰਹਮ ਵਿਚ ਅਭੇਦ ਹੋਣ ਲਈ ਸਮਝਾਇਆ ਹੈ। ਗੁਰੂ ਜੀ ਨੇ ਪੂਰੀ ਸ੍ਰਿਸ਼ਟੀ ਵਿਚੋਂ ਸਿਰਫ਼ ਮਨੁੱਖ ਨੂੰ ਹੀ ਬ੍ਰਹਮ ਨਾਲ ਅਭੇਦਤਾ ਗ੍ਰਹਿਣ ਕਰਨ ਲਈ ਇਸ ਲਈ ਕਿਹਾ ਹੈ ਕਿਉਂਕਿ ਮਨੁੱਖ ਸ੍ਰਿਸ਼ਟੀ ਦੇ ਬਾਕੀ ਸਾਰੇ ਜੀਵਾਂ ਨਾਲੋਂ ਸਰਵਸ੍ਰੇਸ਼ਠ ਹੈ। ਮਨੁੱਖ ਕੋਲ ਬੁੱਧੀ ਅਤੇ ਚੇਤੰਨਤਾ ਹੈ ਜਿਸ ਨਾਲ ਉਹ ਆਪੇ ਦੀ ਖੋਜ ਕਰਕੇ ਆਤਮਿਕ ਸ਼ੁੱਧੀ ਰਾਹੀਂ ਬ੍ਰਹਮ ਤੱਕ ਪਹੁੰਚ ਸਕਦਾ ਹੈ। ਸੁਖਮਨੀ ਸਾਹਿਬ ਵਿਚ ਮਨੁੱਖ ਨੂੰ ਬ੍ਰਹਮ ਤੱਕ ਪਹੁੰਚਣ ਲਈ ਨਾਮ ਸਿਮਰਨ ਦਾ ਰਸਤਾ ਸੁਝਾਇਆ ਗਿਆ ਹੈ। ਬ੍ਰਹਮ ਤੱਕ ਪਹੁੰਚਣ ਦਾ ਪੰਧ ਲੰਮਾ ਹੈ। ਜੀਵ ਨੂੰ ਇਸ ਪੰਧ ਤੇ ਚੱਲਣ ਲਈ ਆਪਾ ਸੋਧ ਕੇ ਨਿਰੰਤਰ

ਘਾਲਣਾ ਘਾਲਣੀ ਪੈਂਦੀ ਹੈ। ਸੁਖਮਨੀ ਅਨੁਸਾਰ ਬ੍ਰਹਮ ਵਿਚੋਂ ਸ੍ਰਿਸ਼ਟੀ ਪੈਦਾ ਹੋਈ ਤੇ ਸ੍ਰਿਸ਼ਟੀ ਦਾ ਇਕ ਹਿੱਸਾ ਮਨੁੱਖ ਹੈ। ਮਨੁੱਖ ਨੇ ਉਸੇ ਬ੍ਰਹਮ ਨਾਲ ਅਭੇਦ ਹੋਣਾ ਹੈ। ਬ੍ਰਹਮ ਵਿਚ ਅਭੇਦ ਹੋਣ ਲਈ ਉਸ ਨੂੰ ਨਾਮ ਸਿਮਰਨ, ਹੁਕਮ, ਗੁਰੂ, ਸਾਧ ਦੀ ਸੰਗਤ ਕਰਨ ਦੇ ਨਾਲ-ਨਾਲ ਪ੍ਰਭੂ ਦੀ ਮਿਹਰ ਲਈ ਬੇਨਤੀ ਕਰਨੀ ਬਹੁਤ ਜ਼ਰੂਰੀ ਹੈ:




ਗੁਰੂ ਅਰਜਨ ਦੇਵ ਜੀ ਅਨੁਸਾਰ ਜੀਵ ਨੂੰ ਬ੍ਰਹਮ ਨਾਲ ਮਿਲਾਪ ਲਈ ਸਭ ਤੋਂ ਪਹਿਲਾਂ ਨਾਮ ਸਿਮਰਨ ਕਰਨਾ ਚਾਹੀਦਾ ਹੈ। ਨਾਮ ਸਿਮਰਨ ਦੁਆਰਾ ਹੀ ਮਨੁੱਖ ਬ੍ਰਹਮ ਦਾ ਰਹੱਸ ਸਮਝ ਸਕਦਾ ਹੈ। ਨਾਮ ਸਿਮਰਨ ਦੁਆਰਾ ਮਨੁੱਖ ਬ੍ਰਹਮ ਦੇ ਗੁਣਾਂ ਭਾਵ ਨਿਰਗੁਣ ਅਤੇ ਸਰਗੁਣ ਸਬੰਧੀ ਸਮਝ ਸਕਦਾ ਹੈ। ਸਰਗੁਣ ਬ੍ਰਹਮ ਦੀ ਬੇਅੰਤਤਾ ਸਬੰਧੀ ਜਾਣਿਆ ਜਾ ਸਕਦਾ ਹੈ ਜਿਸ ਬਾਰੇ ਸੁਖਮਨੀ ਸਾਹਿਬ ਦੀ 10ਵੀਂ ਅਸਟਪਦੀ ਵਿਚ ਸਪੱਸ਼ਟ ਕੀਤਾ ਗਿਆ ਹੈ। ਗੁਰੂ ਜੀ ਇਸ ਅਸਟਪਦੀ ਵਿਚ ਸਭ ਤੋਂ ਪਹਿਲਾਂ ਪਹਿਲੀ ਦੂਜੀ ਪਾਉੜੀ ਵਿਚ ਕਈ ਕਰੋੜ ਭਾਵ ਅਨੇਕਾਂ ਚੰਗੇ-ਮਾੜੇ ਜੀਵਾਂ ਬਾਰੇ ਦੱਸਦੇ ਹਨ। ਫੇਰ ਤੀਜੀ ਪਾਉੜੀ ਵਿਚ ਜੀਵਾਂ ਤੋਂ ਉਹ ਕਈ ਕਰੋੜ ਜਾਨਵਰ, ਪਹਾੜਾਂ, ਰੁੱਖਾਂ, ਚੰਦ, ਸੂਰਜਾਂ ਬਾਰੇ ਦੱਸਦੇ ਹਨ ਤੇ ਸੱਤਵੀਂ ਪਾਉੜੀ ਤੱਕ ਇਸਦਾ ਘੇਰਾ ਖੰਡਾਂ ਬ੍ਰਹਿਮੰਡਾਂ ਨੂੰ ਵੀ ਆਪਣੇ ਘੇਰੇ ਵਿਚ ਲੈ ਲੈਂਦਾ ਹੈ। ਜੀਵ ਜਦੋਂ ਨਾਮ ਸਿਮਰਨ ਦੁਆਰਾ ਬ੍ਰਹਮ ਦੇ ਗੁਣਾਂ ਦਾ ਗਾਣ ਕਰਦਾ ਹੈ ਤਾਂ ਬ੍ਰਹਮ ਦੇ ਸਰਵਵਿਆਪਕ ਸਰੂਪ ਬਾਰੇ ਉਹ ਅਸ਼ਚਰਜ ਹੋ ਜਾਂਦਾ ਹੈ। ਇਸ ਅਸ਼ਚਰਜਤਾ ਕਾਰਨ ਉਸਦੀ ਆਪਣੀ ਹਉਮੈ ਨਾਸ਼ ਹੁੰਦੀ ਹੈ ਕਿਉਂਕਿ ਜੋ ਮਨੁੱਖ ਆਪਣੇ ਆਪ ਨੂੰ ਬਲਵਾਨ ਸਮਝਦਾ ਸੀ, ਉਹ ਬ੍ਰਹਮ ਦਾ ਸਰੂਪ ਜਾਣ ਕੇ ਆਪਣੇ ਆਪ ਨੂੰ ਤੁੱਛ ਸਮਝਣ ਲਗਦਾ ਹੈ। ਇਸ ਪੜਾਅ ਤੇ ਪਹੁੰਚ ਕੇ ਮਨੁੱਖੀ ਮਨ ਵਿਚ ਨਿਮਰਤਾ ਦੀ ਭਾਵਨਾ ਜਾਗਦੀ ਹੈ। ਉਹ ਸੇਵਕ ਵਾਲੀ ਅਵਸਥਾ ਤੇ ਆ ਜਾਂਦਾ ਹੈ। ਇਹ ਸਭ ਨਾਮ ਸਿਮਰਨ ਕਾਰਨ ਹੀ ਹੁੰਦਾ ਹੈ।

ਨਿਮਰਤਾ ਭਾਵ ਆ ਜਾਣ ਤੋਂ ਬਾਅਦ ਉਹ ਆਪਣੀ ਸੱਤਾ ਦਾ ਤਿਆਗ ਕਰਕੇ ਬ੍ਰਹਮ ਦੇ ਹੁਕਮ ਜਾਂ ਭਾਣੇ ਵਿਚ ਰਹਿਣਾ ਮੰਨ ਜਾਂਦਾ ਹੈ। ਜੀਵ ਇਸ ਅਵਸਥਾ ਤੇ ਪਹੁੰਚ ਕੇ ਬ੍ਰਹਮ ਦੀ ਅਧੀਨਗੀ ਸਵੀਕਾਰ ਲੈਂਦਾ ਹੈ। ਆਤਮਿਕ ਵਿਕਾਸ ਦੇ ਸੰਦਰਭ ਵਿਚ ਹੁਕਮ, ਰਜ਼ਾ ਜਾਂ ਭਾਣੇ ਵਾਲਾ ਪੱਖ ਬਹੁਤ ਮਹੱਤਵਪੂਰਨ ਹੈ। ਗੁਰਬਾਣੀ ਵਿਚ ਹੁਕਮ ਦੇ ਦੋ ਪੱਖ ਸਾਡੇ ਸਹਮਣੇ ਆਉਂਦੇ ਹਨ ਇਕ ਇਹ ਕਿ ਬ੍ਰਹਮ ਵੀ ਆਪਣੇ ਹੁਕਮ ਵਿਚ ਚਲਦਾ ਹੈ ਉਸਨੇ ਜਗਤ ਪਸਾਰਾ ਹੁਕਮ ਅਧੀਨ ਬੱਝ ਕੇ ਹੀ ਕੀਤਾ ਹੈ ਜਿਸ ਸਬੰਧੀ ਸੁਖਮਨੀ ਸਾਹਿਬ ਵਿਚ ਦੱਸਿਆ ਹੈ ਕਿ:

ਹੁਕਮੇ ਧਾਰਿ ਅਧਰ ਰਹਾਵੈ॥
ਹੁਕਮੇ ਉਪਜੈ ਹੁਕਮ ਸਮਾਵੈ॥ (ਅਸਟਪਦੀ 11.1)

ਦੂਸਰਾ ਪੱਖ ਮਨੁੱਖ ਨੂੰ ਬ੍ਰਹਮ ਦੇ ਹੁਕਮ ਅਧੀਨ ਚੱਲਣ ਲਈ ਪ੍ਰੇਰਿਤ ਕਰਨ ਵਾਲਾ ਹੈ। ਸੁਖਮਨੀ ਸਾਹਿਬ ਵਿਚ ਇਸ ਪੱਖ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਗੁਰੂ ਜੀ ਅਨੁਸਾਰ ਜੇਕਰ ਜੀਵ ਬ੍ਰਹਮ ਦੇ ਹੁਕਮ ਨੂੰ ਮਨ ਵਿਚ ਵਸਾ ਲਵੇ ਤਾਂ ਉਸਨੂੰ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਕਿਉਂਕਿ ਜੇਕਰ ਮਨੁੱਖ ਹੁਕਮ ਅਨੁਸਾਰ ਚੱਲ ਕੇ ਇਹ ਸੋਚਦਾ ਹੈ ਕਿ ਜੋ ਕੁਝ ਹੋ ਰਿਹਾ ਹੈ ਉਹ ਬ੍ਰਹਮ ਦੇ ਹੁਕਮ ਅਨੁਸਾਰ ਹੋ ਰਿਹਾ ਹੈ। ਜੀਵ ਉਸਨੂੰ ਭਾਣਾ ਜਾਂ ਰਜ਼ਾ ਮੰਨ ਕੇ ਉਸ ਵਿਚ ਰਹਿਣਾ ਸਿੱਖ ਜਾਂਦਾ ਹੈ ਤਾਂ ਉਹ ਜੀਵਨ ਦੇ ਕਿਸੇ ਪੰਧ ਤੇ ਘਬਰਾਉਂਦਾ ਜਾਂ ਡੋਲਦਾ ਨਹੀਂ। ਜਿਸ ਸਮੇਂ ਮਨੁੱਖ ਦੇ ਮਨ ਵਿਚ ਹੁਕਮ ਸਮਾ ਜਾਵੇ ਤਾਂ ਉਸਦੇ ਸਮਸਤ ਦੁੱਖ ਦੂਰ ਹੋ ਜਾਂਦੇ ਹਨ। ਜੀਵ ਦਾਤਾਂ ਮੰਗਣ, ਭੁੱਲਾਂ ਬਖ਼ਸ਼ਾਉਣ ਤੇ ਮਿਲੇ ਫ਼ਲ ਦਾ ਸ਼ੁਕਰਾਨਾ ਕਰਨ ਲਈ ਉਸ ਸਰਬਸ਼ਕਤੀਮਾਨ ਪ੍ਰਭੂ ਦੇ ਹੁਕਮ ਵਿਚ ਵਿਚਰਦਾ ਮਹਿਸੂਸ ਕਰਦਾ ਹੈ। ਇਸ ਹੁਕਮ ਕਾਰਨ ਹੀ ਜੀਵ ਦੇ ਮਨ ਵਿਚ ਨਿਮਰਤਾ ਆਉਂਦੀ ਹੈ। ਹੁਕਮ ਵਿਚ ਬੱਝ ਕੇ ਜੀਵ ਨਿਮਰਤਾ ਸਾਹਿਤ ਨਾਮ ਜਪ ਕੇ ਦੈਵੀ ਸ਼ਕਤੀ ਨਾਲ ਪ੍ਰੇਮਾਤਮਿਕ ਰਿਸ਼ਤਾ ਕਾਇਮ ਕਰਦਾ ਹੈ।

ਬ੍ਰਹਮ ਨਾਲ ਪ੍ਰੇਮਾਤਮਿਕ ਰਿਸ਼ਤਾ ਕਾਇਮ ਕਰਨ ਲਈ ਜੀਵ ਨੂੰ ਸੱਚੇ ਗੁਰੂ ਦੀ ਲੋੜ ਪੈਂਦੀ ਹੈ ਜੋ ਉਸਦਾ ਸਹੀ ਮਾਰਗਦਰਸ਼ਨ ਕਰ ਸਕੇ। ਤੇਜਾ ਸਿੰਘ ਅਨੁਸਾਰ,

'ਗੁਰੂ ਦੀ ਮਹਾਨ ਸ਼ਖ਼ਸੀਅਤ ਹਰ ਸਮੇਂ ਸਿੱਖ ਦੇ ਜੀਵਨ ਦੀ ਅਗਵਾਈ ਕਰਦੀ ਹੈ, ਆਤਮਿਕ ਪੱਖਾਂ ਤੋਂ ਉਸ ਦੀ ਉਸਾਰੀ ਕਰਦੀ ਹੈ। ਬਿਨਾ ਗੁਰੂ ਦੀ ਮਹਾਨ ਸ਼ਖ਼ਸੀਅਤ ਦੇ ਨਾ ਤਾਂ ਜੀਵਨ ਵਿਚ ਇਕਸੁਰਤਾ ਉਤਪੰਨ ਹੋ

ਸਕਦੀ ਹੈ ਅਤੇ ਨਾ ਹੀ ਸਮਾਜ ਦੀਆਂ ਸਦਾਚਾਰਕ ਸ਼ਕਤੀਆਂ ਨੂੰ ਠੀਕ ਸੇਧ ਮਿਲ ਸਕਦੀ ਹੈ।'[44]

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵੀ ਗੁਰੂ ਦੀ ਲੋੜ ਉੱਪਰ ਜ਼ੋਰ ਦਿੱਤਾ ਹੈ ਕਿ ਗੁਰੂ ਬਿਨਾ ਗਤ ਨਹੀਂ ਹੋ ਸਕਦੀ। ਗੁਰੂ ਜੀ ਨੇ ਕਿਹਾ ਹੈ ਕਿ:

ਗੁਰ ਕੀ ਮਤਿ ਤੂੰ ਲੇਹਿ ਇਆਨੇ॥
ਭਗਤ ਬਿਨਾ ਬਹੁ ਡੂਬੇ ਸਿਆਨੇ॥ (ਅਸਟਪਦੀ 19.6)

ਗੁਰੂ ਜੀ ਅਨੁਸਾਰ ਸਹੀ ਗੁਰੂ ਮਤਿ ਲੈ ਕੇ ਨਿਮਰਤਾ ਪੂਰਵਕ ਹਰੀ ਦਾ ਨਾਮ ਜਪਣਾ ਅਤੇ ਚੰਗੇ ਕਰਮ ਕਰਨੇ ਇਹ ਸਿੱਖ ਦਾ ਪਹਿਲਾ ਧਰਮ ਹੈ।

ਸਰਬ ਧਰਮ ਮੇ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਅਸਟਪਦੀ 3.7)

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਨਾਮ ਜਪਣ ਲਈ ਅਤੇ ਨਿਰਮਲ ਕਰਮ ਲਈ ਗੁਰੂ ਦੇ ਲੜ ਲੱਗਣ ਦੀ ਲੋੜ ਨੂੰ ਬੁਨਿਆਦੀ ਜਰੂਰਤ ਦੱਸਿਆ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਦੇ ਪਾਸ ਜਾ ਕੇ ਉਸਦੇ ਉਪਦੇਸ਼ ਲੈਣ ਦੀ ਤੀਬਰ ਇੱਛਾ ਜਾਗਦੀ ਹੈ ਉਸ ਉਪਰ ਨਿਰੰਕਾਰ ਦੀ ਮਿਹਰ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਉਹ ਬ੍ਰਹਮ ਨਾਲ ਅਭੇਦਤਾ ਪਾਉਣ ਦੇ ਰਸਤੇ ਤੇ ਚੱਲ ਪੈਂਦਾ ਹੈ। ਕਿਉਂਕਿ ਜੀਵ ਦੇ ਹਿਰਦੇ ਵਿਚ ਸੁਸਤੀ ਤਿਆਗ ਕੇ ਹਿੰਮਤ ਨਾਲ ਨਾਮ ਜਪਣ ਅਤੇ ਨਿਮਰਤਾ ਭਾਵਨਾ ਨਾਲ ਚੰਗੇ ਕਰਮ ਕਰਨ ਦੀ ਚੇਟਕ ਗੁਰੂ ਹੀ ਲਗਾਉਂਦਾ ਹੈ। ਸੱਚਾ ਗੁਰੂ ਮੋਹ ਮਾਇਆ ਤੋਂ ਉੱਪਰ ਉੱਠ ਕੇ, ਹਰਖ ਸੋਗ ਤੋਂ ਨਿਆਰਾ ਹੋ ਕੇ, ਨਫ਼ਰਤ ਤੇ ਪ੍ਰੇਮ ਦੀਆਂ ਹੱਦਾਂ ਤੋਂ ਪਾਰ ਹੋ ਕੇ ਵਸਦਾ ਹੈ। ਉਸ ਦੀ ਆਤਮਾ ਵਿਚ ਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੁੰਦਾ। ਉਹ ਨਿਰਸੁਆਰਥ ਹੁੰਦਾ ਹੈ। ਅਜਿਹੇ ਗੁਰੂ ਅੰਦਰ ਅਜਿਹੀ ਦਿੱਬ ਦ੍ਰਿਸ਼ਟੀ ਦੀ ਜੋਤ ਜਗਦੀ ਹੁੰਦੀ ਹੈ ਕਿ ਜਗਿਆਸੂ ਪ੍ਰਭਾਵਤ ਹੋਏ ਬਿਨ੍ਹਾਂ ਰਹਿ ਨਹੀਂ ਸਕਦਾ।[45] ਸੁਖਮਨੀ ਸਾਹਿਬ ਅਨੁਸਾਰ ਵੀ ਸੱਚੇ ਗੁਰੂ ਨੂੰ ਧਾਰਨ ਕਰਨ ਨਾਲ ਜੀਵ ਦੇ ਸਭ ਭਰਮ ਭੁਲੇਖੇ ਦੂਰ ਜਾਂਦੇ ਹਨ। ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ:

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥

---

[44] ਤੇਜਾ ਸਿੰਘ, ਸਿੱਖਇਜ਼ਮ, ਪੰਨਾ-19.

[45] ਡਾ. ਰਜਿੰਦਰਜੀਤ ਕੌਰ ਢੀਂਡਸਾ, ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ, ਪੰਨਾ-227.

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥

(ਸਲੋਕ ਅਸਟਪਦੀ 23)

ਇਸ ਤਰ੍ਹਾਂ ਜੀਵ ਦਾ ਅਗਿਆਨਤਾ ਦਾ ਹਨੇਰਾ ਗੁਰੂ ਦੀ ਬਖ਼ਸ਼ੀ ਅਕਲ ਕਾਰਨ ਹੀ ਦੂਰ ਹੁੰਦਾ ਹੈ ਜਿਸ ਨਾਲ ਉਸ ਦੇ ਮਨ ਵਿਚ ਚੰਗੇ ਤੇ ਬੁਰੇ ਦਾ ਭੁਲੇਖਾ ਦੂਰ ਹੁੰਦਾ ਹੈ। ਜੀਵ ਸੇਵਾ ਤੇ ਨਾਮ ਸਿਮਰਨ ਦੇ ਰਸਤੇ ਤੇ ਚੱਲ ਕੇ ਬੁਰੇ ਕਰਮ ਤਿਆਗ ਕੇ ਚੰਗੇ ਕਰਮ ਕਰਦਾ ਹੈ। ਇਸੇ ਸੇਵਾ ਤੇ ਨਾਮ ਦੇ ਰਸਤੇ ਤੇ ਚੱਲਣ ਨਾਲ ਜੀਵ ਦੇ ਆਤਮਿਕ ਵਿਕਾਸ ਦਾ ਸਫ਼ਰ ਸ਼ੁਰੂ ਹੁੰਦਾ ਹੈ। ਆਤਮਿਕ ਸ਼ੁੱਧੀ ਰਹੱਸਵਾਦੀ ਦਾ ਪਹਿਲਾ ਪੜਾਅ ਹੈ। ਆਤਮਿਕ ਵਿਕਾਸ ਦੀ ਗਤੀ ਤੇਜ਼ ਜਾਂ ਧੀਮੀ ਹੋ ਸਕਦੀ ਹੈ ਪਰ ਆਤਮਿਕ ਵਿਕਾਸ ਹੁੰਦਾ ਜਰੂਰ ਹੈ। ਹੁਣ ਜੀਵ ਆਪਣੇ ਵਰਗਿਆਂ ਦੀ ਸੰਗਤ ਲੱਭਦਾ ਹੈ ਤੇ ਬੇਨਤੀ ਕਰਦਾ ਹੈ ਕਿ:

ਸੋਈ ਪਿਆਰੇ ਮੇਲਿ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ। (ਅਰਦਾਸ)

ਭਾਵ ਕਿ ਜੀਵ ਸਾਧ ਜਾਂ ਸੰਤ ਦੀ ਸੰਗਤ ਕਰਨ ਦੇ ਰਾਹ ਪੈਂਦਾ ਹੈ। ਇਹ ਮਾਰਗ ਵੀ ਉਸਨੂੰ ਸੱਚਾ ਗੁਰੂ ਹੀ ਸੁਝਾਉਂਦਾ ਹੈ। ਸੰਤਾਂ ਜਾਂ ਸਾਧ ਦੀ ਸੰਗਤ ਨਾਲ ਉਸਨੂੰ ਅਹਿਸਾਸ ਹੁੰਦਾ ਹੈ ਕਿ ਸਰੀਰਕ, ਆਰਥਿਕ, ਸਮਾਜਿਕ, ਪਰਿਵਾਰਿਕ ਵਸਤਾਂ ਤੇ ਰਿਸ਼ਤੇ ਸਭ ਛਿੰਨ ਭੰਗਰ ਹਨ। ਇਹ ਵਸਤਾਂ ਜੀਵਨ ਦੇ ਬਹੁਤੇ ਧਿਆਨ ਦੀਆਂ ਅਧਿਕਾਰੀ ਨਹੀਂ। ਇਹ ਸਭ ਵਸਤਾਂ ਮਨੁੱਖ ਜੀਵਨ ਜਿਉਣ ਦਾ ਸਾਧਨ ਹਨ, ਉਸਦੇ ਜੀਵਨ ਦਾ ਉਦੇਸ਼ ਨਹੀਂ। ਇਸ ਲਈ ਜੀਵ ਇਹਨਾਂ ਦੇ ਲੋਭ ਦਾ ਤਿਆਗ ਕਰਦਾ ਹੈ। ਸੁਖਮਨੀ ਸਾਹਿਬ ਵਿਚ ਸਾਧ ਦੀ ਸੰਗਤ ਕਰਨ ਦੇ ਬਹੁਤ ਫ਼ਲ ਦੱਸੇ ਗਏ ਹਨ ਕਿ ਸਾਧ ਦੀ ਸੰਗਤ ਕਰਨ ਨਾਲ ਮਨੁੱਖ ਦੀ ਹਉਮੈ, ਲੋਭ ਲਾਲਚ ਖ਼ਤਮ ਹੁੰਦੇ ਹਨ:

ਸਾਧ ਕੈ ਸੰਗਿ ਮਿਟੈ ਅਭਿਮਾਨੁ॥
ਸਾਧ ਕੈ ਸੰਗਿ ਪ੍ਰਗਟੇ ਸੁਗਿਆਨੁ॥
ਸਾਧ ਕੈ ਸੰਗਿ ਬੂਝੇ ਪ੍ਰਭੁ ਨੇਰਾ॥
ਸਾਧਸੰਗਿ ਸਭਿ ਹੋਤੁ ਨਿਬੇਰਾ॥ (ਅਸਟਪਦੀ 7.1)

ਪ੍ਰੋ. ਸਾਹਿਬ ਸਿੰਘ ਅਰਸ਼ੀ ਅਨੁਸਾਰ ਵੀ 'ਸਿਮਰਨ ਦੀ ਜਾਂਚ ਬਿਨਾ ਕਿਸੇ ਅਭਿਆਸੀ, ਨੇਕ, ਸੱਚੇ ਤੇ ਸੁੱਚੇ, ਨਿੱਡਰ, ਨਿਰਮਲ, ਗਿਆਨਵਾਨ, ਦਇਆਵਾਨ, ਦਵੈਤਭਾਵ ਤੋਂ ਰਹਿਤ ਤੇ ਦੈਵੀਗੁਣਾਂ ਵਾਲੇ ਵਿਅਕਤੀ ਦੇ ਹੋਰ ਕੋਈ ਨਹੀਂ ਸਿਖਾ ਸਕਦਾ।'[46]

ਇਸ ਲਈ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵੀ ਜੀਵ ਨੂੰ ਆਤਮਿਕ ਸ਼ੁੱਧੀ ਲਈ ਗੁਰੂ ਦੇ ਲੜ ਲੱਗ ਕੇ ਸਾਧ ਜਾਂ ਸੰਤ ਦੀ ਸੰਗਤ ਕਰਨ ਦਾ ਉਪਦੇਸ਼ ਦਿੱਤਾ ਹੈ।

ਮਨਮੁਖ ਮਨੁੱਖ ਨੂੰ ਮੌਤ ਤੋਂ ਬਾਅਦ ਲੇਖੇ ਦੇ ਭੈਅ ਰਾਹੀਂ ਰਹੱਸਵਾਦੀ ਪ੍ਰੰਪਰਾ ਨੈਤਿਕ ਕਦਰਾਂ-ਕੀਮਤਾਂ ਅਪਣਾਉਣ ਤੇ ਆਚਰਨ ਅਤੇ ਆਤਮਿਕ ਸ਼ੁੱਧੀ ਦਾ ਰਸਤਾ ਅਪਣਾਉਣ ਲਈ ਵਰਤਦੀ ਹੈ। ਜੀਵ ਨੂੰ ਮੌਤ ਦਾ ਡਰ ਤੇ ਜਮਾਂ ਦੁਆਰਾ ਲੇਖੇ ਲਏ ਜਾਣ ਦੇ ਭੈਅ ਰਾਹੀਂ ਮਾੜੇ ਕੰਮਾਂ ਤੋਂ ਵਰਜਿਆ ਜਾਂਦਾ ਹੈ। ਸੁਖਮਨੀ ਵਿਚ ਇਸ ਤਰ੍ਹਾਂ ਦੀ ਸਿੱਖਿਆ ਦਾ ਜ਼ਿਕਰ ਥਾਂ-ਪਰ-ਥਾਂ ਆਇਆ ਹੈ:

ਕਿਸੇ ਨ ਬਦੈ ਆਪਿ ਅਹੰਕਾਰੀ॥
ਧਰਮ ਰਾਇ ਤਿਸ ਕਰੇ ਖੁਆਰੀ॥ (ਅਸਟਪਦੀ 12.2)

ਜਾਂ

ਅਨਿਕ ਤਪਸਿਆ ਕਰੇ ਅਹੰਕਾਰ॥
ਨਰਕ ਸੁਰਗ ਫਿਰਿ ਫਿਰਿ ਅਵਤਾਰ॥ (ਅਸਟਪਦੀ 12.3)

ਇਸ ਤਰ੍ਹਾਂ ਗੁਰੂ ਜੀ ਮਨੁੱਖ ਨੂੰ ਲੋਭ, ਲਾਲਚ, ਅਹੰਕਾਰ ਦਾ ਰਸਤਾ ਤਿਆਗ ਕੇ ਬ੍ਰਹਮ ਨਾਲ ਅਭੇਦ ਹੋਣ ਦਾ ਮਾਰਗ ਸੁਝਾਉਂਦੇ ਹਨ:

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥
ਸੋ ਜਨੁ ਨਾਨਕ ਦਰਗਹ ਪਰਵਾਨੁ॥ (ਅਸਟਪਦੀ 12.2)

ਇਸ ਤਰ੍ਹਾਂ ਗੁਰੂ ਜੀ ਨੇ ਜੀਵ ਨੂੰ ਸਹੀ ਰਸਤੇ ਤੇ ਪਾਉਣ ਲਈ ਉਸਦੇ ਮਨ ਵਿਚ ਜਮਾਂ ਦਾ ਭੈਅ, ਧਰਮਰਾਜ ਦਾ ਨਿਰਣਾ ਤੇ ਆਵਾਗਵਨ ਦੇ ਚੱਕਰਾਂ ਦੇ ਡਰ ਦਾ ਜ਼ਿਕਰ ਬਾਖੂਬੀ ਕੀਤਾ ਹੈ ਤੇ ਜੀਵ ਨੂੰ ਗੁਰੂ ਦੇ ਲੜ ਲੱਗ ਕੇ ਨਾਮ ਸਿਮਰਨ ਦੁਆਰਾ ਬ੍ਰਹਮ ਨਾਲ ਅਭੇਦ ਹੋਣ ਦਾ ਉਪਦੇਸ਼ ਦਿੱਤਾ ਹੈ।

---

[46] ਪ੍ਰੋ. ਸਹਿਬ ਸਿੰਘ ਅਰਸ਼ੀ, ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ, ਪੰਨਾ-7.

ਜੋ ਜੀਵ ਗੁਰੂ ਦੇ ਲੜ ਲੱਗ ਕੇ ਨਾਮ ਜਪਦਾ ਹੈ ਤਾਂ ਉਸ ਦੇ ਮਨ ਵਿਚ ਆਨੰਦ ਦੀ ਅਵਸਥਾ ਆਉਂਦੀ ਹੈ। ਉਸ ਆਨੰਦ ਦੀ ਅਵਸਥਾ ਨੂੰ ਸੁਖਮਨੀ ਸਾਹਿਬ ਵਿਚ ਸੁਖ ਦੀ ਅਵਸਥਾ ਕਿਹਾ ਗਿਆ ਹੈ। ਇਸ ਅਵਸਥਾ ਤੇ ਪਹੁੰਚ ਕੇ ਜੀਵ ਦੇ ਮਨ ਵਿਚ ਰੱਬੀ ਪ੍ਰੇਮ ਦੇ ਮਨੋਭਾਵ ਜਾਗਦੇ ਹਨ। ਇਹ ਮਨੋਭਾਵ ਗੁੰਮ ਹੁੰਦੇ ਹਨ ਤਾਂ ਜੀਵ ਵਿਆਕੁਲ ਹੋ ਉਠਦਾ ਹੈ ਤੇ ਇਹ ਜਾਨਣ ਦੀ ਕੋਸ਼ਿਸ਼ ਕਰਦਾ ਹੈ ਕਿ ਅਜਿਹਾ ਕਿਉਂ ਹੁੰਦਾ ਹੈ। ਫਿਰ ਪੜਚੋਲ ਕਰਨ ਤੇ ਉਸਨੂੰ ਸਮਝ ਆਉਂਦਾ ਹੈ ਕਿ ਜਦੋਂ ਉਸਦੀ ਰੂਹ ਨਾਮ ਦਾ ਜਾਪ ਕਰਕੇ ਦੈਵੀ ਜੋਤਿ ਦੇ ਨੇੜੇ ਮਹਿਸੂਸ ਕਰਦੀ ਹੈ ਤਾਂ ਇਹ ਖੁਸ਼ੀ ਦੇ ਮਨੋਭਾਵ ਜਾਗਦੇ ਹਨ ਤੇ ਬਦੀ ਕਰਨ ਤੇ ਦੂਰ ਹੁੰਦੇ ਹਨ। ਇਸ ਭਾਵ ਨੂੰ ਇਕ ਰਹੱਸਵਾਦੀ ਹੀ ਸਮਝ ਸਕਦਾ ਹੈ। ਸਪਰਜੀਅਨ ਅਨੁਸਾਰ,

> 'ਅਸਲ ਅਰਥਾਂ ਵਿਚ ਰਹੱਸਵਾਦੀ ਉਹ ਗਿਆਨਵਾਨ ਹੁੰਦਾ ਹੈ ਜਿਸ ਨੂੰ ਪਤਾ ਹੁੰਦਾ ਹੈ ਕਿ ਸਾਰੀਆਂ ਵਸਤੂਆਂ ਦੇ ਕੇਂਦਰ ਵਿਚ ਸਥਿਰ ਅਨੇਕਤਾ ਵਿਚ ਏਕਤਾ ਹੈ। ਉਹ ਰਹੱਸਵਾਦੀ ਗਿਆਨ ਤੱਤ ਸਬੰਧੀ ਵਿਅਕਤੀ ਦੇ ਲਈ ਸਭ ਤੋਂ ਅਧਿਕ ਪੂਰਨ ਪ੍ਰੀਮਾਣਾਂ ਵਿਚੋਂ ਹੈ ਕਿਉਂਕਿ ਉਸ ਨੇ ਉਸ ਦਾ ਅਨੁਭਵ ਕੀਤਾ ਹੋਇਆ ਹੈ। ਸੱਚਾ ਰਹੱਸਵਾਦ ਇਕ ਅਨੁਭਵ ਹੈ ਇਕ ਜੀਵਨ ਹੈ।'[47]

ਇਹ ਸਮਝ ਆਉਣ ਨਾਲ ਰਹੱਸਵਾਦੀ ਸਾਧਕ ਦੀ ਨੈਤਿਕਤਾ ਦਾ ਚੌਖਟਾ ਨਿਰੰਕਾਰ ਦੇ ਦੀਦਾਰ ਬਣ ਜਾਂਦੇ ਹਨ। ਰਹੱਸਵਾਦੀ ਸਮਾਜ ਜਾਂ ਵਿਅਕਤੀਗਤ ਵਿਕਾਸ ਲਈ ਨੇਕੀ ਨਹੀਂ ਕਰਦਾ ਸਗੋਂ ਬ੍ਰਹਮ ਦੇ ਦਰਸ਼ਨਾਂ ਦੀ ਤਾਂਘ ਉਸਤੋਂ ਇਹ ਨੇਕੀ ਕਰਵਾਉਂਦੀ ਹੈ। ਸੁਖਮਨੀ ਵਿਚ ਰਹੱਸਵਾਦੀ ਦੀ ਇਸ ਦਸ਼ਾ ਦਾ ਚਿੱਤਰ ਬਾਖ਼ੂਬੀ ਬਿਆਨ ਕੀਤਾ ਗਿਆ ਹੈ:

> ਬੰਧਨ ਤੋਰਿ ਭਏ ਨਿਰਵੈਰ॥
> ਅਨਦਿਨੁ ਪੂਜਹਿ ਗੁਰ ਕੈ ਪੈਰ॥
> ਇਹ ਲੋਕ ਸੁਖੀਏ ਪ੍ਰਲੋਕ ਸੁਹੇਲੇ॥
> ਨਾਨਕ ਹਰਿ ਪ੍ਰਭੁ ਆਪਹਿ ਮੇਲੇ॥ (ਅਸਟਪਦੀ 22.4)

ਰਹੱਸਵਾਦੀ ਇਸ ਆਨੰਦ ਭਰੀ ਅਵਸਥਾ ਦਾ ਜ਼ਿਕਰ ਨਹੀਂ ਕਰ ਸਕਦਾ ਉਹ ਸਿਰਫ਼ ਮਹਿਸੂਸ ਹੀ ਕਰ ਸਕਦਾ ਹੈ। ਉਸਨੂੰ ਬ੍ਰਹਮ ਦੇ ਗੁਣਾਂ ਦੀ ਸੋਝੀ ਆ ਜਾਂਦੀ ਹੈ। ਸੁਖਮਨੀ ਵਿਚ ਇਸ ਅਵਸਥਾ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਕਿਹਾ ਹੈ। ਸੁਖਮਨੀ ਵਿਚ

[47] Spurgeon, Mysticism in English Literature, p. 11.

ਤਾਂ 'ਬ੍ਰਹਮ ਗਿਆਨੀ ਆਪਿ ਨਿਰੰਕਾਰ' ਵੀ ਕਿਹਾ ਗਿਆ ਹੈ। ਅਜਿਹੇ ਪੁਰਖ ਆਪ ਤਾਂ ਤਰਦੇ ਹੀ ਹਨ ਸਗੋਂ ਦੂਜਿਆਂ ਨੂੰ ਵੀ ਤਾਰਦੇ ਹਨ। ਉਹ ਬਾਕੀ ਜੀਵਾਂ ਨੂੰ ਸਮਝਾਉਂਦੇ ਹਨ ਕਿ:

ਨਿਰਭਉ ਜਪੈ ਸਗਲ ਭਉ ਮਿਟੈ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥ (ਅਸਟਪਦੀ 22.7)

ਇਸ ਅਵਸਥਾ ਤੇ ਪਹੁੰਚ ਕੇ ਜੀਵ ਦੇ ਮਨ ਵਿਚ ਦੈਵੀ ਜੋਤਿ ਜਗਣੀ ਸ਼ੁਰੂ ਹੋ ਜਾਂਦੀ ਹੈ। ਉਸਨੂੰ ਸ੍ਰਿਸ਼ਟੀ ਦੇ ਕਣ-ਕਣ ਵਿਚ ਉਸ ਬ੍ਰਹਮ ਦੀ ਹੋਂਦ ਸਪੱਸ਼ਟ ਦਿਖਾਈ ਦਿੰਦੀ ਹੈ।

ਇਥੇ ਪਹੁੰਚ ਕੇ ਵੀ ਜੀਵ ਬ੍ਰਹਮ ਨਾਲ ਅਭੇਦ ਨਹੀਂ ਹੁੰਦਾ। ਹੁਣ ਉਸਦੇ ਆਖ਼ਰੀ ਇਮਤਿਹਾਨ ਦਾ ਵਕਤ ਆਉਂਦਾ ਹੈ ਕਿ ਉਸਨੂੰ ਬ੍ਰਹਮ ਪ੍ਰਵਾਨ ਕਰਦਾ ਹੈ ਕਿ ਨਹੀਂ। ਏਨੀ ਘਾਲ ਘਾਲਣ ਤੋਂ ਬਾਅਦ ਵੀ ਬ੍ਰਹਮ ਦੀ ਮਿਹਰ ਹੋਣੀ ਜ਼ਰੂਰੀ ਹੈ। ਗੁਰੂ ਦੇ ਲੜ ਲੱਗ ਕੇ ਸਾਧ ਦੀ ਸੰਗਤ ਨਾਲ ਨਾਮ ਸਿਮਰਨ ਕਰਕੇ ਅਤੇ ਆਪਣੇ ਆਪ ਦੀ ਆਤਮਿਕ ਸ਼ੁੱਧੀ ਕਰਕੇ ਜੀਵ ਜਦੋਂ ਇਸ ਅਵਸਥਾ ਤੇ ਪਹੁੰਚਦਾ ਹੈ ਤਾਂ ਉਹ ਬ੍ਰਹਮ ਨਾਲ ਅਭੇਦ ਹੋਣ ਲਈ ਬਿਹਬਲ ਹੋ ਉੱਠਦਾ ਹੈ। ਉਹ ਪ੍ਰਭੂ ਨੂੰ ਬੇਨਤੀ ਕਰਦਾ ਹੈ ਕਿ:

ਤੂੰ ਠਾਕੁਰ ਤੁਮ ਪਹਿ ਅਰਦਾਸ॥
ਜੀਉ ਪਿੰਡ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕਿਰਪਾ ਮਹਿ ਸੂਖ ਘਨੇਰੇ॥ (ਅਸਟਪਦੀ 4.8)

ਬ੍ਰਹਮਗਿਆਨੀ ਪ੍ਰਭੂ ਮਿਲਾਪ ਲਈ ਬਿਹਬਲ ਹੋ ਉਠਦਾ ਹੈ ਤੇ ਬ੍ਰਹਮ ਦੇ ਚਰਨਾਂ ਵਿਚ ਮਿਲਾਪ ਲਈ ਅਰਦਾਸ ਬੇਨਤੀ ਕਰਦਾ ਹੈ। ਇਸ ਅਵਸਥਾ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਕੀਤਾ ਹੈ। ਜਦੋਂ ਜੀਵ ਪ੍ਰਭੂ ਮਿਲਾਪ ਲਈ ਬੇਨਤੀ ਕਰਦਾ ਹੈ ਤਾਂ ਉਹ ਆਪਣੇ ਆਪ ਨੂੰ ਨਿਮਾਣਾ ਮਹਿਸੂਸ ਕਰਦਾ ਹੈ:

ਹਮ ਨਿਰਗੁਨੀਆਰ ਨੀਚ ਅਜਾਨ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥ (ਅਸਟਪਦੀ 20.7)

ਹੁਣ ਬ੍ਰਹਮ ਦੀ ਪਰਖ ਦੀ ਘੜੀ ਆਉਂਦੀ ਹੈ। ਜਿਸ ਜੀਵ ਨੇ ਨਿਸ਼ਕਾਮ ਸੇਵਾ ਸਾਧਨਾ ਕੀਤੀ ਹੁੰਦੀ ਹੈ ਉਸ ਉੱਪਰ ਬ੍ਰਹਮ ਮਿਹਰ ਕਰਦਾ ਹੈ। ਉਸਦੇ ਜਨਮ ਮਰਨ ਦੇ

ਚੱਕਰ ਕੱਟ ਕੇ ਉਸਨੂੰ ਸਭ ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ ਤੇ ਆਪਣੇ ਨਾਲ ਮੇਲ ਲੈਂਦਾ ਹੈ। ਸੁਖਮਨੀ ਵਿਚ ਬ੍ਰਹਮ ਦੀ ਮਿਹਰ ਪਏ ਜੀਵ ਦਾ ਵਰਣਨ ਬਾਖ਼ੂਬੀ ਕੀਤਾ ਗਿਆ ਹੈ:

ਸੇਵ ਕੀ ਮਨਸਾ ਪੂਰੀ ਭਈ॥
ਸਤਿਗੁਰ ਤੇ ਨਿਰਮਲ ਮਤਿ ਲਈ॥
ਜਨ ਕਉ ਪ੍ਰਭ ਹੋਇਓ ਦਇਆਲੁ॥
ਸੇਵਕ ਕੀਨੋ ਸਦਾ ਨਿਹਾਲ॥
ਬੰਧਨ ਕਾਟਿ ਮੁਕਤ ਜਨ ਭਇਆ॥
ਜਨਮ ਮਰਨ ਦੂਖ ਭਰਮ ਗਇਆ॥
ਇਛ ਪੁਨੀ ਸਰਧਾ ਸਭ ਪੂਰੀ॥
ਰਵ ਰਹਿਆ ਸਤਿਸੰਗ ਹਜੂਰੀ॥
ਜਿਸ ਕਾ ਸਾ ਤਿਨਿ ਲੀਆ ਮਿਲਾਇ॥
ਨਾਨਕ ਭਗਤੀ ਨਾਲਿ ਸਮਾਇ॥ (ਅਸਟਪਦੀ 20.3)

ਇਸ ਅਵਸਥਾ ਤੇ ਪਹੁੰਚ ਕੇ ਜੀਵ ਬ੍ਰਹਮ ਦੇ ਰਹੱਸ ਨੂੰ ਪਛਾਣ ਲੈਂਦਾ ਹੈ। ਉਸਦੇ ਮਨ ਵਿਚ ਪਰਮਾਨੰਦ ਦੀ ਅਵਸਥਾ ਆ ਜਾਂਦੀ ਹੈ। ਇਸ ਅਵਸਥਾ ਨੂੰ ਸੁਖਮਨੀ ਸਾਹਿਬ ਵਿਚ ਅਫੁਰ ਅਵਸਥਾ ਕਿਹਾ ਗਿਆ ਹੈ:

ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥ (ਅਸਟਪਦੀ 23)

ਇਹੀ ਅਸਲ ਰਹੱਸਵਾਦੀ ਦੀ ਅਵਸਥਾ ਹੁੰਦੀ ਹੈ। ਇਹ ਅਵਸਥਾ ਗੂੰਗੇ ਦੇ ਗੁੜ ਖਾਣ ਵਾਲੀ ਹੰਦੀ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਅਵਸਥਾ ਤੇ ਪਹੁੰਚ ਕੇ ਦਰਸ਼ਕ ਤੇ ਦ੍ਰਿਸ਼ ਦਾ ਭੇਦ ਖ਼ਤਮ ਹੋ ਜਾਂਦਾ ਹੈ। ਇਸ ਪਰਮਾਨੰਦ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ, ਵਿਅਕਤ ਨਹੀਂ। ਰਹੱਸਵਾਦੀ ਇਸ ਅਵਸਥਾ ਨੂੰ ਦਰਸਾਉਣ ਦੀ ਕੋਸ਼ਿਸ਼ ਤਾਂ ਕਰਦਾ ਹੈ, ਇਸ ਅਵਸਥਾ ਨੂੰ ਕਿਸੇ ਵਸਤੂ ਵਰਤਾਰੇ ਨਾਲ ਤੁਲਨਾਇਆ ਨਹੀਂ ਜਾ ਸਕਦਾ। ਇਸ ਲਈ ਇਸ ਅਵਸਥਾ ਦਾ ਜ਼ਿਕਰ ਅਕੱਥ ਹੈ। ਇਹ ਵਿਸਮਾਦਿਕ ਦਸ਼ਾ ਹੈ। ਇਥੇ ਪਹੁੰਚ ਕੇ ਜੀਵ ਜਾਂ ਸਾਧਕ ਰਹੱਸਵਾਦੀ ਦੀ ਦਸ਼ਾ ਵਿਚ ਪਹੁੰਚਦਾ ਹੈ। ਉਸ ਨੂੰ ਪ੍ਰਭੂ ਅੰਦਰ ਅਤ ਬਾਹਰ ਭਾਵ ਪ੍ਰਭੂ ਦੇ ਨਿਰਗੁਣ ਤੇ ਸਰਗੁਣ ਸਰੂਪ ਦੀ ਸਮਝ ਆ ਜਾਂਦੀ ਹੈ:

ਸੋ ਅਤਰਿ ਸੋ ਬਾਹਰਿ ਅਨੰਤ॥

ਘਟਿ ਘਟਿ ਬਿਆਪਿ ਰਹਿਆ ਭਗਵੰਤ॥ (ਅਸਟਪਦੀ 23.2)

ਉਸਨੂੰ ਸਮਝ ਆ ਜਾਂਦੀ ਹੈ ਕਿ ਇਹ ਸਾਰਾ ਵਰਤਾਰਾ ਉਸ ਦਾ ਹੀ ਇਕ ਰੰਗ ਹੈ:

ਸਰਬ ਭੂਤ ਆਪਿ ਵਰਤਾਰਾ॥

ਸਰਬ ਨੈਨ ਆਪਿ ਖੇਲਨ ਹਾਰਾ॥

ਸਗਲ ਸਮਗਰੀ ਜਾ ਕਾ ਤਨਾ॥

ਆਪਨ ਜਸੁ ਆਪ ਹੀ ਸੁਨਾ॥

ਆਵਨ ਜਾਵਨ ਇਕ ਖੇਲ ਬਨਾਇਆ॥

ਆਗਿਆਕਾਰੀ ਕੀਨੀ ਮਾਇਆ॥

ਸਭ ਕੈ ਮਧਿ ਅਲਿਪਤੋ ਰਹੈ॥

ਜੋ ਕਿਛੁ ਕਹਣਾ ਸੁ ਆਪੇ ਕਹੈ॥

ਆਗਿਆ ਆਵੈ ਆਗਿਆ ਜਾਇ॥

ਨਾਨਕ ਜਾ ਭਾਵੈ ਤਾ ਲਏ ਸਮਾਇ॥ (ਅਸਟਪਦੀ 23.6)

ਅਜਿਹੇ ਪੁੱਗੇ ਹੋਏ ਰਹੱਸਵਾਦੀਆਂ ਵਿਚ ਬ੍ਰਹਮ ਆਪ ਪ੍ਰਗਟ ਹੁੰਦਾ ਹੈ ਤੇ ਇਹਨਾਂ ਰਹੱਸਵਾਦੀਆਂ ਭਾਵ ਪਰਮ ਮਨੁਖਾਂ ਦੇ ਰਾਹੀਂ ਹੀ ਬਾਕੀਆਂ ਦਾ ਵੀ ਪਾਰਉਤਾਰਾ ਕਰਦਾ ਹੈ। ਸੁਖਮਨੀ ਸਾਹਿਬ ਵਿਚ ਵੀ ਇਸ ਅਵਸਥਾ ਦਾ ਜ਼ਿਕਰ ਆਉਂਦਾ ਹੈ:

ਜੈ ਜੈ ਸਬਦ ਅਨਾਹਦੁ ਵਾਜੈ॥

ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥

ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥

ਨਾਨਕ ਉਧਰੇ ਤਿਨ ਕੈ ਸਾਥੇ॥ (ਅਸਟਪਦੀ 24.3)

ਅਜਿਹੇ ਰਹੱਸਵਾਦੀ ਦਾ ਉਦੇਸ਼ ਆਪਣੇ ਵਾਂਗ ਸੰਸਾਰ ਦੇ ਬਾਕੀ ਜੀਵਾਂ ਨੂੰ ਮੁਕਤ ਕਰਨਾ ਹੁੰਦਾ ਹੈ। ਗੁਰੂ ਜੀ ਅਜਿਹੇ ਜੀਵਾਂ ਤੋਂ ਬਲਿਹਾਰੇ ਜਾਂਦੇ ਹਨ:

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥

ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ (ਅਸਟਪਦੀ 23.8)

ਬ੍ਰਹਮ ਦੇ ਰਹੱਸ ਬਾਰੇ ਜਾਨਣਾ ਹੀ ਰਹੱਸਵਾਦੀ ਦਾ ਮੁੱਖ ਉਦੇਸ਼ ਹੁੰਦਾ ਹੈ। ਉਹ ਅਜਿਹੀ ਪਰਮਅਵਸਥਾ ਤੇ ਪਹੁੰਚ ਜਾਂਦਾ ਹੈ ਜਿਥੇ ਉਹ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ।

ਉਹ ਬ੍ਰਹਮ ਦਾ ਇਕ ਅੰਗ ਹੀ ਹੋ ਜਾਂਦਾ ਹੈ। ਰਹੱਸਵਾਦੀ ਇਸ ਬਾਰੇ ਬਿਆਨ ਕਰਨ ਤੋਂ ਅਸਮਰੱਥ ਹੁੰਦਾ ਹੈ। ਇਹ ਰਹੱਸਵਾਦੀ ਦੀ ਉਚਤਮ ਅਵਸਥਾ ਹੁੰਦੀ ਹੈ ਜਿਥੇ ਉਸਦੇ ਮਨ ਵਿਚ ਇਕ ਖ਼ੁਮਾਰੀ ਆਉਂਦੀ ਹੈ ਜਿਸਨੂੰ ਮਹਾਂਸੁਖ ਦੀ ਅਵਸਥਾ ਕਿਹਾ ਜਾਂਦਾ ਹੈ। ਸੁਖਮਨੀ ਸਾਹਿਬ ਵਿਚ ਅਜਿਹੇ 'ਮਹਾਂਸੁਖ' ਨੂੰ ਪ੍ਰਾਪਤ ਕਰਨ ਦਾ ਵਿਸ਼ਵਾਸ ਦਿਵਾਇਆ ਜਾਂਦਾ ਹੈ ਜਿਥੇ ਪਹੁੰਚ ਕੇ ਸਭ ਤੋਂ ਉੱਚੀ ਅਵਸਥਾ ਪ੍ਰਾਪਤ ਹੁੰਦੀ ਹੈ:

ਸਭ ਤੇ ਊਚ ਜਾ ਕੀ ਸੋਭਾ ਬਨੀ॥
ਨਾਨਕ ਇਹ ਗੁਣ ਨਾਮ ਸੁਖਮਨੀ॥ (ਅਸਟਪਦੀ 24.8)

ਸੁਖਮਨੀ ਸਾਹਿਬ ਵਿਚਲੇ ਪਰਮਸੁਖ ਪ੍ਰਾਪਤ ਕਰਨ ਦੀ ਅਵਸਥਾ ਰਹੱਸਵਾਦੀ ਦੀ ਸਭ ਤੋਂ ਸਿਖ਼ਰਲੀ ਅਵਸਥਾ ਹੈ ਜਿਥੇ ਪਹੁੰਚ ਕੇ ਬ੍ਰਹਮ ਨਾਲ ਜੀਵ ਦੀ ਅਭੇਦਤਾ ਹੋ ਜਾਂਦੀ ਹੈ। ਬ੍ਰਹਮ ਨਾਲ ਜੀਵ ਦੀ ਅਭੇਦਤਾ ਹੀ ਸੁਖਮਨੀ ਸਾਹਿਬ ਦਾ ਮੂਲ ਮਕਸਦ ਹੈ। ਇਸੇ ਅਭੇਦਤਾ ਨੂੰ ਸੁਖਮਨੀ ਸਾਹਿਬ ਵਿਚ 'ਸੁਖ' ਜਾਂ 'ਪਰਮਆਨੰਦ' ਦੀ ਅਵਸਥਾ ਕਿਹਾ ਹੈ। ਇਸੇ ਪਰਮਆਨੰਦ ਨੂੰ ਪ੍ਰਾਪਤ ਕਰਨ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਰਚਨਾ ਕੀਤੀ ਹੈ।

# ਸਿੱਟਾ

ਪ੍ਰਸਤੁਤ ਖੋਜ ਪ੍ਰਬੰਧ ਵਿਚ ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਗਿਆ ਹੈ। ਸਮੁੱਚੇ ਖੋਜ ਕਾਰਜ ਦੌਰਾਨ ਸੁਖਮਨੀ ਸਾਹਿਬ ਵਿਚ ਆਏ ਪ੍ਰਮੁੱਖ ਰਹੱਸਾਤਮਿਕ ਤੱਤਾਂ ਬ੍ਰਹਮ, ਸ੍ਰਿਸ਼ਟੀ, ਜੀਵ ਅਤੇ ਨਾਮ ਸਿਮਰਨ ਦੇ ਅਧਿਐਨ ਉਪਰੰਤ ਇਹਨਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਗਿਆ ਹੈ।

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਵੱਡ ਅਕਾਰੀ ਰਚਨਾ ਹੈ ਜੋ ਗਾਉੜੀ ਰਾਗ ਵਿਚ ਰਚੀ ਗਈ ਹੈ। ਇਸ ਦੀਆਂ ਕੁੱਲ 24 ਅਸ਼ਟਪਦੀਆਂ ਹਨ। ਇਹ ਬਾਣੀ ਵੱਡੀ ਗਿਣਤੀ ਵਿਚ ਸਿੱਖ ਧਰਮ ਦੇ ਅਨੁਯਾਈਆਂ ਦਾ ਨਿੱਤਨੇਮ ਦਾ ਹਿੱਸਾ ਬਣੀ ਹੋਈ ਹੈ। ਸੁਖਮਨੀ ਸਾਹਿਬ ਵਿਚਲੀ ਵਿਚਾਰਧਾਰਾ ਇਸਦੇ ਨਾਮ ਤੋਂ ਹੀ ਸਪਸ਼ਟ ਹੈ 'ਮਨ ਨੂੰ ਸੁਖ ਦੇਣ ਹਾਰ'। ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਰਾਹੀਂ ਜੀਵ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਵਿਕਾਰ ਤਿਆਗ ਕੇ ਸਤ, ਸੰਤੋਖ, ਦਇਆ, ਧਰਮ, ਗਿਆਨ ਜਿਹੇ ਗੁਣ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ ਜਿਸ ਦੇ ਫਲਸਰੂਪ ਜੀਵ ਨੂੰ ਆਤਮਿਕ ਖੁਸ਼ੀ ਜਾਂ ਪਰਮਆਨੰਦ ਦੀ ਪ੍ਰਾਪਤ ਹੁੰਦੀ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ, ਸ੍ਰਿਸ਼ਟੀ, ਜੀਵ, ਨਾਮ ਸਿਮਰਨ, ਹੁਕਮ, ਨਦਰ, ਗੁਰੂ, ਸਾਧ, ਸੰਤ, ਬ੍ਰਹਮਗਿਆਨੀ, ਸੇਵਕ, ਨਿੰਦਕ, ਸੁਖ ਆਦਿ ਸੰਕਲਪਾਂ ਨੂੰ ਬਾਖੂਬੀ ਪੇਸ਼ ਕੀਤਾ ਹੈ।

ਹਥਲੇ ਖੋਜ ਪ੍ਰਬੰਧ ਵਿਚ ਸੁਖਮਨੀ ਸਾਹਿਬ ਵਿਚ ਆਈ ਵਿਚਾਰਧਾਰਾ ਦਾ ਅਧਿਐਨ ਕਰਨ ਦੇ ਨਾਲ-ਨਾਲ ਸੁਖਮਨੀ ਸਾਹਿਬ ਵਿਚ ਆਏ ਰਹੱਸਾਂ ਤੇ ਵੀ ਚਾਨਣਾ ਪਾਇਆ ਗਿਆ ਹੈ। ਸੁਖਮਨੀ ਸਾਹਿਬ ਵਿਚ ਸਭ ਤੋਂ ਵੱਡਾ ਰਹੱਸ 'ਬ੍ਰਹਮ' ਦਾ ਹੈ। ਦੁਨੀਆਂ ਦੇ ਹਰ ਧਰਮ ਵਿਚ ਬ੍ਰਹਮ ਦੀ ਹੋਂਦ, ਹਸਤੀ ਬਾਰੇ ਅਲੱਗ-ਅਲੱਗ ਵਿਚਾਰਧਾਰਾਵਾਂ ਮਿਲਦੀਆਂ ਹਨ। ਭਾਵੇਂ ਬ੍ਰਹਮ ਲਈ ਅਲੱਗ-ਅਲੱਗ ਨਾਵਾਂ ਦੀ ਵਰਤੋਂ ਕੀਤੀ ਗਈ ਹੈ ਪਰ ਸਭ ਧਰਮਾਂ ਦਾ ਮੂਲ ਤੱਤ ਇਕੋ ਹੀ ਹੈ। ਬ੍ਰਹਮ ਕੀ ਹੈ? ਇਸਦੀ ਹੋਂਦ ਕੀ ਹੈ? ਇਸਦਾ ਆਕਾਰ ਕੀ ਹੈ? ਆਦਿ ਤਰ੍ਹਾਂ ਤਰ੍ਹਾਂ ਦੇ ਪ੍ਰਸ਼ਨ ਬ੍ਰਹਮ ਦੇ ਰਹੱਸ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੰਦੇ ਹਨ। ਸੁਖਮਨੀ ਸਾਹਿਬ ਵਿਚ ਇਸ ਗੁੰਝਲ ਨੂੰ ਸੁਲਝਾਉਂਦਿਆਂ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਨੂੰ ਪੂਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਅਤੇ ਜਨਮਦਾਤਾ ਮੰਨਿਆ ਹੈ। ਸੁਖਮਨੀ ਸਾਹਿਬ ਵਿਚ ਬ੍ਰਹਮ ਦੇ ਦੋਹੇਂ ਸਰੂਪਾਂ ਨਿਰਗੁਣ ਅਤੇ ਸਰਗੁਣ ਸਬੰਧੀ ਵਰਣਨ ਮਿਲਦਾ ਹੈ। ਸੁਖਮਨੀ ਸਾਹਿਬ ਅਨੁਸਾਰ ਜਦੋਂ ਜਗਤ ਪਸਾਰਾ ਨਹੀਂ ਸੀ ਤਾਂ ਉਦੋਂ ਸਿਰਫ਼ ਬ੍ਰਹਮ ਦੀ ਹੋਂਦ ਹੀ ਸੀ।

ਦੁਨੀਆਂ ਦਾ ਹੋਰ ਕੋਈ ਵਸਤੂ ਵਰਤਾਰਾ ਹੋਂਦ ਵਿਚ ਨਹੀਂ ਸੀ। ਉਦੋਂ ਬ੍ਰਹਮ ਨਿਰਗੁਣ ਸਰੂਪ ਵਿਚ ਸੀ। ਨਿਰਗੁਣ ਤੋਂ ਭਾਵ ਤਿੰਨੇ ਗੁਣਾਂ (ਰਜੋ, ਤਮੋ, ਸਤੋ) ਤੋਂ ਰਹਿਤ ਸੀ। ਉਸ ਸਮੇਂ ਬ੍ਰਹਮ ਅਫੁਰ ਅਵਸਥਾ ਵਿਚ ਸੀ। ਅਫੁਰ ਤੋਂ ਜਦੋਂ ਫੁਰਨਾ ਫੁਰਿਆ ਤਾਂ ਬ੍ਰਹਮ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਅਨੇਕਾਂ ਤਰ੍ਹਾਂ ਦੇ ਜੀਵ-ਜੰਤੂ ਅਤੇ ਬਨਸਪਤੀ ਬਣਾ ਦਿੱਤੀ ਅਤੇ ਬ੍ਰਹਮ ਸਫੁਰ ਰੂਪ ਵਿਚ ਭਾਵ ਸਰਗੁਣ ਸਰੂਪ ਵਿਚ ਆ ਗਿਆ। ਸ੍ਰਿਸ਼ਟੀ ਬ੍ਰਹਮ ਦਾ ਸਰਗੁਣ ਸਰੂਪ ਹੈ। ਸੁਖਮਨੀ ਸਾਹਿਬ ਵਿਚ ਸ੍ਰਿਸ਼ਟੀ ਸਬੰਧੀ ਰਹੱਸ ਵੀ ਬ੍ਰਹਮ ਦੇ ਸਰਗੁਣ ਸਰੂਪ ਰਾਹੀਂ ਸਪਸ਼ਟ ਕੀਤਾ ਗਿਆ ਹੈ। ਬ੍ਰਹਮ ਅਤੇ ਸ੍ਰਿਸ਼ਟੀ ਦਾ ਰਹੱਸ ਸਮਝਾਉਣ ਤੋਂ ਬਾਅਦ ਗੁਰੂ ਜੀ ਸੁਖਮਨੀ ਸਾਹਿਬ ਵਿਚ ਸ੍ਰਿਸ਼ਟੀ ਦੇ ਅੰਗ ਵਜੋਂ ਜੀਵ ਨੂੰ ਬ੍ਰਹਮ ਦਾ ਅੰਗ ਸਮਝਾ ਕੇ ਉਸਨੂੰ ਬ੍ਰਹਮ ਵਿਚ ਅਭੇਦ ਹੋਣ ਦੀ ਨਸੀਹਤ ਦਿੰਦੇ ਹਨ। ਗੁਰੂ ਜੀ ਨੇ ਜੀਵ ਦਾ ਰਹੱਸ ਵੀ ਸੁਖਮਨੀ ਵਿਚ ਸਪੱਸ਼ਟ ਕੀਤਾ ਗਿਆ ਹੈ। ਜਗਤ ਵਿਚ ਅਨੇਕਾਂ ਹੀ ਤਰ੍ਹਾਂ ਦੇ ਜੀਵ ਹਨ। ਕੋਈ ਮਾਇਆ ਇਕੱਠੀ ਕਰਨ ਲਈ ਭਟਕਦਾ ਫਿਰਦਾ ਹੈ ਤੇ ਕੋਈ ਜੀਵ ਇੱਜ਼ਤ, ਮਾਣ-ਸਨਮਾਨ ਲਈ ਭਾਂਉਦਾ ਫਿਰਦਾ ਹੈ। ਕੋਈ ਸੰਸਾਰ ਤੋਂ ਉਪਰਾਮ ਹੋ ਕੇ ਤਪ ਸਾਧਨਾ ਵਿਚ ਲੀਨ ਹੈ ਤੇ ਕੋਈ ਰਾਮ ਨਾਮ ਦਾ ਸਿਮਰਨ ਕਰਕੇ ਰੱਬ ਨੂੰ ਪਾਉਣ ਦਾ ਯਤਨ ਕਰਦਾ ਹੈ। ਕੋਈ ਪੱਥਰ ਦੀ ਤਰ੍ਹਾਂ ਕਠੋਰ ਦਿਲ ਵਾਲਾ ਹੈ ਤੇ ਕੋਈ ਮਨ ਵਿਚ ਨਿਮਰਤਾ ਤੇ ਹਲੀਮੀ ਵਸਾਈ ਫਿਰਦਾ ਹੈ। ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਸੇਵਕ, ਭਗਤ, ਸਾਧ, ਸੰਤ, ਭਗਾਉਤੀ, ਪੰਡਤ, ਵੈਸ਼ਨੋ, ਰਾਮਦਾਸ, ਬ੍ਰਹਮ ਗਿਆਨੀ, ਗੁਰੂ, ਨਿੰਦਕ ਆਦਿ ਰਾਹੀਂ ਜੀਵ ਦੇ ਵੱਖੋ-ਵੱਖਰੇ ਰੂਪਾਂ ਦਾ ਬਿਆਨ ਕੀਤਾ ਹੈ ਪਰ ਨਾਲ ਹੀ ਗੁਰੂ ਜੀ ਜੀਵ ਦੀਆਂ ਅਵਸਥਾਵਾਂ ਬਿਆਨ ਕਰਦੇ ਹੋਏ ਜੀਵ ਨੂੰ ਨਾਮ ਸਿਮਰਨ ਦੁਆਰਾ, ਸਾਧ ਦੀ ਸੰਗਤ ਕਰਕੇ ਅਤੇ ਸੱਚੇ ਗੁਰੂ ਦੇ ਲੜ ਲੱਗ ਕੇ ਬ੍ਰਹਮ ਨਾਲ ਅਭੇਦ ਹੋਣ ਦਾ ਉਪਦੇਸ਼ ਦਿੰਦੇ ਹਨ ਜੋ ਮਨੁੱਖੀ ਜੀਵਨ ਦਾ ਮੂਲ ਉਦੇਸ਼ ਹੈ।

ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਜੀਵ ਨੂੰ ਪਰਮਾਤਮਾ ਨਾਲ ਅਭੇਦਤਾ ਲਈ ਨਾਮ ਸਿਮਰਨ ਦੇ ਨਾਲ-ਨਾਲ ਸਾਧ ਦੀ ਸੰਗਤ, ਗੁਰੂ ਦੀ ਲੋੜ, ਹੁਕਮ, ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਦੀ ਲੋੜ ਤੇ ਜ਼ੋਰ ਦਿੰਦੇ ਹਨ।

ਜੀਵ ਦੀ ਬ੍ਰਹਮ ਨਾਲ ਅਭੇਦਤਾ ਨੂੰ ਸੁਖਮਨੀ ਸਾਹਿਬ ਵਿਚ ਪਰਮਸੁਖ ਜਾਂ ਪਰਮਆਨੰਦ ਦੀ ਅਵਸਥਾ ਮੰਨਿਆ ਗਿਆ ਹੈ ਜਿਥੇ ਪਹੁੰਚ ਕੇ ਆਤਮਾ ਅਤੇ ਪਰਮਾਤਮਾ

ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਸੁਖਮਨੀ ਬਾਣੀ ਅਜਿਹੇ ਸੁਖ ਜਾਂ ਪਰਮਆਨੰਦ ਦਵਾਉਣ ਦਾ ਵਾਅਦਾ ਕਰਦੀ ਹੈ।

ਸਮੁੱਚੇ ਖੋਜ ਪ੍ਰਬੰਧ ਵਿਚ ਰਹੱਸ ਅਤੇ ਰਹੱਸਵਾਦ ਦਾ ਅਧਿਐਨ ਕਰਨ ਉਪਰੰਤ ਸੁਖਮਨੀ ਸਾਹਿਬ ਵਿਚਲੇ ਰਹੱਸਵਾਦ ਦਾ ਦਾਰਸ਼ਨਿਕ ਅਧਾਰ ਤੇ ਵਿਸ਼ਲੇਸ਼ਣ ਕੀਤਾ ਗਿਆ ਹੈ।

ਵਿਚਾਰ ਅਧੀਨ ਖੋਜ ਪ੍ਰਬੰਧ ਦੀ ਨਿਸ਼ਚਿਤ ਰੂਪ-ਰੇਖਾ ਅਨੁਸਾਰ ਪਹਿਲੇ ਅਧਿਆਇ ਵਿਚ ਰਹੱਸ ਅਤੇ ਰਹੱਸਵਾਦ ਦਾ ਅਧਿਐਨ ਕੀਤਾ ਗਿਆ ਹੈ। ਰਹੱਸ ਅਤੇ ਰਹੱਸਵਾਦ ਸਬੰਧੀ ਵੱਖ-ਵੱਖ ਵਿਦਵਾਨਾਂ ਦੀ ਅਤੇ ਵੱਖ-ਵੱਖ ਧਰਮਾਂ ਵਿਚਲੀ ਵਿਚਾਰਧਾਰਾ ਵਿਅਕਤ ਕੀਤੀ ਗਈ ਹੈ ਜਦੋਂ ਕਿ ਦੂਜੇ ਅਧਿਆਇ ਵਿਚ ਸੁਖਮਨੀ ਸਾਹਿਬ ਦੀ ਮੁਢਲੀ ਜਾਣ-ਪਛਾਣ ਹੈ। ਇਸ ਅਧਿਆਇ ਵਿਚ ਸੁਖਮਨੀ ਸਾਹਿਬ ਦੇ ਰਚਨਾਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਰਚਨਾਵਾਂ ਦੇ ਅਧਿਐਨ ਉਪਰੰਤ ਸੁਖਮਨੀ ਸਾਹਿਬ ਦੇ ਸਮੇਂ ਸਥਾਨ ਅਤੇ ਰਚਨਾ ਦੇ ਮਨੋਰਥ ਦੱਸਣ ਦੇ ਨਾਲ-ਨਾਲ ਸੁਖਮਨੀ ਸਾਹਿਬ ਦਾ ਸੰਖੇਪ ਅਸ਼ਟਪਦੀਵਾਰ ਅਧਿਐਨ ਕੀਤਾ ਗਿਆ ਹੈ। ਤੀਜੇ ਅਧਿਆਇ ਵਿਚ ਸੁਖਮਨੀ ਸਾਹਿਬ ਵਿਚ ਆਏ ਰਹੱਸਾਤਮਿਕ ਤੱਤਾਂ ਦੇ ਅਧਿਐਨ ਉਪਰੰਤ ਉਹਨਾਂ ਰਹੱਸਾਤਮਿਕ ਤੱਤਾਂ ਦਾ ਦਾਰਸ਼ਨਿਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਸੋ ਸਮੁੱਚੇ ਖੋਜ ਪ੍ਰਬੰਧ ਵਿਚ ਸੁਖਮਨੀ ਸਾਹਿਬ ਦੀ ਰਚਨਾ, ਇਸਦੇ ਰਚਨਾਕਾਰ, ਸੁਖਮਨੀ ਸਾਹਿਬ ਦੀ ਰਚਨਾ ਦਾ ਮਨੋਰਥ ਅਤੇ ਸੁਖਮਨੀ ਸਾਹਿਬ ਦੀ ਸਮੁੱਚੀ ਵਿਚਾਰਧਾਰਾ ਸਪਸ਼ਟ ਕਰਦਿਆਂ ਇਸ ਬਾਣੀ ਵਿਚ ਆਏ ਰਹੱਸਾਤਮਿਕ ਤੱਤਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਗਿਆ ਹੈ।

ਗੁਰੂ ਅਰਜਨ ਦੇਵ ਜੀ ਇਕ ਮਹਾਨ ਰਹੱਸਵਾਦੀ ਸਾਧਕ ਸਨ। ਅਦੁੱਤੀ ਸ਼ਖ਼ਸੀਅਤ ਅਤੇ ਮਹਾਨ ਵਿਦਵਾਨ ਗੁਰੂ ਅਰਜਨ ਦੇਵ ਜੀ ਦੀ ਵਿਚਾਧਾਰਾ ਦਾ ਅਧਿਐਨ ਵਿਸ਼ਲੇਸ਼ਣ ਮਨੁੱਖੀ ਬੁੱਧੀ ਲਈ ਵੱਸੋਂ ਬਾਹਰੀ ਗੱਲ ਹੈ ਕਿਉਂਕਿ ਮਨੁੱਖੀ ਬੁੱਧੀ ਅਤੇ ਸ਼ਬਦ ਸਾਗਰ ਦੀਆਂ ਸੀਮਾਵਾਂ ਗੁਰੂ ਜੀ ਦੇ ਗਿਆਨ ਸਾਗਰ ਨੂੰ ਮਿਣਨ ਤੋਂ ਅਸਮਰਥ ਹਨ। ਇਸ ਖੋਜ ਪ੍ਰਬੰਧ ਵਿਚ ਗੁਰੂ ਜੀ ਦੀ ਵਿਚਾਰਧਾਰਾ ਨੂੰ ਸਮਝਣ ਦਾ ਪੂਰਾ ਯਤਨ ਕੀਤਾ ਗਿਆ ਹੈ ਅਤੇ ਇਸ ਬਾਣੀ ਵਿਚ ਆਏ ਸੰਕਲਪਾਂ, ਵਿਚਾਰਾਂ ਦੀ ਗੁਰਮਤਿ ਵਿਚਾਰਧਾਰਾ ਨੂੰ ਉਸੇ ਸੰਦਰਭ ਵਿਚ ਹੀ ਵਿਅਕਤ ਕਰਨ ਦਾ ਯਤਨ ਕੀਤਾ ਗਿਆ ਹੈ।

ਗੁਰੂ ਅਰਜਨ ਦੇਵ ਜੀ ਬਾਣੀ ਸਦਾਚਾਰ, ਭਗਤੀ ਅਤੇ ਧਰਮ ਦੀ ਤ੍ਰਿਵੇਣੀ ਹੈ। ਸੁਖਮਨੀ ਸਾਹਿਬ ਬਾਣੀ ਹੈ, ਅਨੁਭਵ ਹੈ, ਆਵੇਸ਼ ਹੈ। ਇਸਨੂੰ ਮਾਣਨ ਦੀ ਜ਼ਰੂਰਤ ਹੈ। ਇਹ ਬਾਣੀ ਵਿਆਖਿਆ ਦੀ ਮੋਹਤਾਜ਼ ਨਹੀਂ।

ਸੁਖਮਨੀ ਸਾਹਿਬ ਵਿਚ ਆਏ ਰਹੱਸ ਬ੍ਰਹਮ, ਸ੍ਰਿਸ਼ਟੀ, ਜੀਵ ਅਤੇ ਨਾਮ ਸਿਮਰਨ ਦੇ ਨਾਲ-ਨਾਲ ਨਾਮ ਸਿਮਰਨ ਲਈ ਜ਼ਰੂਰੀ ਤੱਤ ਹੁਕਮ, ਨਦਰਿ, ਸਾਧ ਦੀ ਸੰਗਤ, ਗੁਰੂ ਦੀ ਲੋੜ ਅਤੇ ਪ੍ਰਭੂ ਦੀ ਕਿਰਪਾ ਦੇ ਅੰਤਰ-ਸਬੰਧਾਂ ਨੂੰ ਵੀ ਇਸ ਖੋਜ ਕਾਰਜ ਵਿਚ ਵਿਅਕਤ ਕੀਤਾ ਗਿਆ ਹੈ। ਇਸ ਬਾਣੀ ਵਿਚ ਗੁਰੂ ਜੀ ਦੀ ਮੁੱਖ ਵਿਚਾਰਧਾਰਾ ਜੀਵ ਦੇ ਅਦਿ ਅਤੇ ਅੰਤ ਬ੍ਰਹਮ ਨਾਲ ਜੀਵ ਦੀ ਅਭੇਦਤਾ ਹੈ ਜਿਸ ਨੂੰ ਇਸ ਖੋਜ ਪ੍ਰਬੰਧ ਵਿਚ ਮੁੱਖ ਰੂਪ ਵਿਚ ਸਪਸ਼ਟ ਕੀਤਾ ਗਿਆ ਹੈ।

# ਪੁਸਤਕ-ਸੂਚੀ

## ਮੁੱਖ ਸ੍ਰੋਤ


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।


## ਪੰਜਾਬੀ ਪੁਸਤਕਾਂ


1 ਉਅੰਕਾਰ ਸਿੰਘ, 1969, **ਸੁਖਮਨੀ ਸਾਹਿਬ ਇਕ ਸਾਹਿਤਿਕ ਅਧਿਐਨ**, ਲੁਧਿਆਣਾ, ਲਾਹੌਰ ਬੁੱਕ ਸ਼ਾਪ।

2 ਅਨੂਪ ਸਿੰਘ, 1984, **ਸੁਖਮਨੀ ਦਾ ਨੂਰ**, ਜਲੰਧਰ, ਨਿਊ ਬੁੱਕ ਕੰਪਨੀ।

3 ਅਮਿਤ ਲਾਲ ਪਾਲ, 1998, **ਗੁਰੂ ਅਰਜਨ ਦੇਵ:ਚਿੰਤਨ ਤੇ ਕਲਾ**, ਅੰਮ੍ਰਿਤਸਰ, ਵਾਰਿਸ ਸ਼ਾਹ ਫਾਂਉਡੇਸ਼ਨ।

4 ਅਰਸ਼ੀ, ਸਾਹਿਬ ਸਿੰਘ (ਡਾ.) ਅਤੇ ਮਜਬੂਰ, ਭਗਵਾਨ ਦਾਸ, 1980, **ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ**, ਰੋਹਤਕ,ਚੰਦ੍ਰ ਲੋਕ ਪ੍ਰਕਾਸ਼ਨ।

5 ਸਾਹਿਬ ਸਿੰਘ (ਪ੍ਰੋ.), 1967, **ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ**, ਅੰਮ੍ਰਿਤਸਰ, ਸਿੰਘ ਬ੍ਰਦਰਜ਼।

6 ਸੋਢੀ, ਤੇਜਾ ਸਿੰਘ, 1973, **ਸੂਰਜ ਪ੍ਰਕਾਸ਼: ਜੀਵਨ ਬਿਰਤਾਂਤ ਦਸ ਪਾਤਸ਼ਾਹੀਆਂ**, ਅੰਮ੍ਰਿਤਸਰ, ਭਾਈ ਚਤਰ ਸਿੰਘ ਜੀਵਨ ਸਿੰਘ।

7 ਉਹੀ, 2008, **ਕਥਾ ਦੀਪ ਸਾਗਰ, ਸੁਖਮਨੀ ਸਾਹਿਬ ਸਟੀਕ**, ਅੰਮ੍ਰਿਤਸਰ, ਭਾਈ ਚਤਰ ਸਿੰਘ ਜੀਵਨ ਸਿੰਘ।

8 ਕਵੀਸ਼ਰ, ਸਰਦੂਲ ਸਿੰਘ, 1993, **ਸਿੱਖ ਧਰਮ ਦਰਸ਼ਨ,** ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

9 ਗੁਰਸ਼ਰਨ ਸਿੰਘ, 1993, **ਗੁਰਬਾਣੀ ਸੱਭਿਆਚਾਰ,** ਅੰਮ੍ਰਿਤਸਰ ,ਵਾਰਿਸ ਸ਼ਾਹ ਫਾਉਡੇਸ਼ਨ।

10 ਗੁਲਵੰਤ ਸਿੰਘ, 1997, **ਗੁਰਮਤਿ ਸਾਹਿਤ ਚਿੰਤਨ**, ਅੰਮ੍ਰਿਤਸਰ, ਸਿੰਘ ਬ੍ਰਦਰਜ਼।

11 ਜਗਬੀਰ ਸਿੰਘ, 1997, **ਗੁਰਬਾਣੀ ਵਿਸ਼ਵ ਦ੍ਰਿਸਟੀ ਤੇ ਵਿਚਾਰਧਾਰਾ,** ਦਿੱਲੀ, ਵੈਲਵਿਸ਼ ਪਬਲਿਸ਼ਰਜ।

12 ਜੋਧ ਸਿੰਘ (ਭਾਈ), 1944, **ਗੁਰਮਤਿ ਨਿਰਣਯ,** ਲਹੌਰ, ਮੈਸਰਜ਼ ਅਤਰ ਚੰਦ ਕਪੂਰ ਐਂਡ ਸਨਜ਼।

13 ਤਾਲਿਬ, ਗੁਰਬਚਨ ਸਿੰਘ, 1991, **ਧਰਮ ਦੀ ਉਤਪਤੀ ਤੇ ਵਿਕਾਸ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

14 ਤੇਜਾ ਸਿੰਘ (ਪ੍ਰਿੰ), 1952, **ਸਿੱਖ ਧਰਮ**, ਪਟਿਆਲਾ, ਪ੍ਰਕਾਸ਼ ਪੁਸਤਕ ਮਾਲਾ।

15 ਦਰਸ਼ਨ ਸਿੰਘ (ਡਾ.), 2000, **ਧਰਮ ਅਧਿਐਨ ਤੇ ਸਿੱਖ ਅਧਿਐਨ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

16 ਧਰਮ ਸਿੰਘ, 1997, **ਸਿੱਖ ਧਰਮ: ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

17 ਨਿਰਦੋਸ਼, ਗਿਆਨੀ ਕੇਵਲ ਸਿੰਘ, 2004, **ਸੁਖਮਨੀ ਸੁਖ**, ਲੁਧਿਆਣਾ, ਲਾਹੌਰ ਬੁੱਕ ਸਾਪ।

18 ਪਦਮ, ਪਿਆਰਾ ਸਿੰਘ, 1998, **ਸੁਖਮਨੀ ਦਰਸ਼ਨ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

19 ਪਿਆਰ ਸਿੰਘ, 1987, **ਖੋਜ ਸਿਧਾਂਤ ਤੇ ਵਿਵਹਾਰ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

20 ਪ੍ਰਤਾਪ ਸਿੰਘ (ਗਿਆਨੀ), 1951, **ਗੁਰਮਤ ਫਿਲਾਸਫੀ**, ਅੰਮ੍ਰਿਤਸਰ, ਸਿੱਖ ਪਬਲਿਸ਼ਿੰਗ ਹਾਊਸ।

21 ਪ੍ਰੋ. ਸਾਹਿਬ ਸਿੰਘ, 1971, **ਸਟੀਕ ਸੁਖਮਨੀ ਸਾਹਿਬ**, ਅੰਮ੍ਰਿਤਸਰ, ਸਿੰਘ ਬ੍ਰਦਰਜ।

22 ਬ੍ਰਹਮਜਗਦੀਸ਼ ਸਿੰਘ, 2005, **ਸੁਖਮਨੀ ਸਾਹਿਬ-ਪਾਠ ਤੇ ਵਿਵੇਚਨ**, ਅੰਮ੍ਰਿਤਸਰ, ਵਾਰਿਸ ਸ਼ਾਹ ਫਾਉਂਡੇਸ਼ਨ।

23 ਬਲਕਾਰ ਸਿੰਘ (ਪ੍ਰੋ.), 1999, **ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭੀਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

24 ਉਹੀ, 1995, **ਗੁਰਮਤਿ ਵਿਵੇਚਨ**, ਪਟਿਆਲਾ,ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

25 ਉਹੀ, 1988, **ਸਿੱਖ ਅਧਿਐਨ**, ਪਟਿਆਲਾ, ਪਬਲਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

26 ਬਲਵੀਰ ਸਿੰਘ (ਸੰਪਾ.), 1981, **ਸ੍ਰੀ ਅਸ: ਗੁਰ ਚਮਤਕਾਰ**, (ਭਾਗ 2), ਅੰਮ੍ਰਿਤਸਰ, ਖਾਲਸਾ ਸਮਾਚਾਰ ਹਾਲ ਬਜਾਰ।

27 ਮੋਹੇ, ਗੁਰਚਰਨ ਸਿੰਘ, 1999, **ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ**, ਦਿੱਲੀ, ਵੈਲਵਿਸ਼ ਪਬਲਿਸ਼ਰਜ।

28 ਰਮਨਪ੍ਰੀਤ ਕੌਰ ਤੇ ਸਿੱਧੂ ਪਰਮਜੀਤ ਸਿੰਘ, 2005, **ਸੁਖਮਨੀ ਸਾਹਿਬ (ਪ੍ਰਵਚਨ-ਪਾਸਾਰ)**, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ।

29 ਰਾਮ ਸਿੰਘ(ਡਾ.), 1974, **ਗੁਰੂ ਨਾਨਕ ਦਾ ਰਹੱਸਵਾਦ**, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

30 ਉਹੀ, 1996, **ਸੁਖਮਨੀ ਇਕ ਸਰਬਪੱਖੀ ਅਧਿਐਨ**, ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ।

31 ਉਹੀ, 1989, **ਜਪੁਜੀ ਦੇ ਪੰਜ ਖੰਡ,** ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

32 ਵਜ਼ੀਰ ਸਿੰਘ, 1998, **ਦਾਰਸ਼ਨਿਕ ਚਿੰਤਨ: ਪ੍ਰਾਚੀਨ ਅਤੇ ਨਵੀਨ**, ਦਿੱਲੀ, ਨੈਸ਼ਨਲ ਬੁੱਕ ਸ਼ਾਪ।

33 ਵੀਰ ਸਿੰਘ (ਭਾਈ), 1997, **ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ**, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

34 ਸ਼ੇਰ ਸਿੰਘ, 1998, **ਗੁਰਮਤਿ ਦਰਸ਼ਨ**, ਅੰਮ੍ਰਿਤਸਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

35 ਵਜ਼ੀਰ ਸਿੰਘ (ਡਾ.), 1999, **ਧਰਮ ਦਾ ਦਾਰਸ਼ਨਿਕ ਪੱਖ**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

## ਹਿੰਦੀ ਪੁਸਤਕਾਂ

1 ਗੌਡ ਵਿਸ਼ਵਨਾਥ, 1961, **ਆਧੁਨਿਕ ਹਿੰਦੀ ਕਾਵਯ ਮੇਂ ਰਹੱਸਯਵਾਦ**, ਵਾਰਾਣਸੀ, ਨੰਦ ਕਿਸ਼ੋਰ ਐਂਡ ਸਨਜ਼।

2 ਚਤੁਰਵੇਦੀ, ਪਰਸ਼ੁਰਾਮ, 1963, **ਰਹੱਸਯਵਾਦ**, ਪਹਿਲਾ ਸੰਸਕਰਣ, ਪਟਨਾ, ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ।

3 ਉਹੀ, 1981, **ਸੰਤ ਕਾਵਯਧਾਰਾ**, ਕਿਤਾਬਮਹਲ ਇਲਾਹਾਬਾਦ, ਚਤੁਰਥ ਸੰਸਕਰਣ।

4 ਪਾਂਡੇ, ਰਾਮ ਨਾਰਾਯਣ, 1966, **ਭਕਤੀ ਕਾਵਯ ਮੇਂ ਰਹੱਸਯਵਾਦ**, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, ਜਵਾਹਰ ਨਗਰ।

5 ਵਰਮਾ, ਰਾਮ ਕੁਮਾਰ, 1995, **ਕਬੀਰ ਕਾ ਰਹੱਸਯਵਾਦ**, ਇਲਾਹਾਬਾਦ, ਸਾਹਿਤਯ ਭਵਨ ਪ੍ਰਾਈਵੇਟ ਲਿਮਿਟੇਡ।

**English Books:**

1 Adlakha, S.K., 2005, **Religious Mysticism Hinduism and Islam**, New Delhi, Mittal Publication.

2. Anderson, Jonathan, 1970, **Thesis and Assignment Writing**, New Delhi, Wiley Eastern Limited.

2 Das Gupta, S.N, 1976, **Hindu Mysticism**, Delhi, Motilal Banarasidas.

3 Dewan Singh, 1995, **Mysticism of Guru Nanak**, Amritsar,Singh Brothers.

4 Happold, F.C., 1971, **Mysticism: A study and Anthology**, London,Cox Whyman Ltd.

5 Kohli, Surinder Singh, 1980, **Philosophy of Guru Nanak**, Chandigarh, Punjab University.

6 Macauliffe, M.A, 1967, **The Sikh Religion**, (vol. 3), New Delhi,S Chand and Company.

7 Puran Singh, 1945, **The Message of Guru Arjan**, Lahore, Lahore Book Shop.

8 Radha Krishan, S., 1977, **Indian Philosophy**, (Vol. I and II), London, George Allen and Union Ltd.

9 Suzuki, D.T., 1962, **Mysticism Christian and Budhist: The Eastern and Western Way**, New York, Collier Books.

10 Trumpp, E (Dr.), 1977, **The Adi Granth**, New Delhi, Munshiram Manoharlal.

11 Under Hill, Evelyn, 2001, **Mysticism: A Study in the Nature and Development of Man's Spiritual Conciousness**, England, One World Publication .

12 -ibid- , 2007, **The Essentials of Mysticism**, England, One Word Publications, Oxford.

13 William, James, **Verieties of Religious Experience**, New York, The Modren Library.

## ਪੰਜਾਬੀ ਕੋਸ਼

1 ਕੋਹਲੀ, ਸੁਰਿੰਦਰ ਸਿੰਘ (ਸੰਪਾ.), 2000, **ਪੰਜਾਬੀ ਸਾਹਿਤ ਕੋਸ਼** (ਭਾਗ 1,2,3), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ।

2 ਗੁਰਚਰਨ ਸਿੰਘ (ਸੰਪਾ.), 2002, **ਸ੍ਰੀ ਗੁਰੂ ਗ੍ਰੰਥ ਕੋਸ਼,** (ਭਾਗ 1,2), ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

3 ਘੁੰਮਣ, ਕਪੂਰ ਸਿੰਘ (ਸੰਪਾ.), 1983, **ਪੰਜਾਬੀ ਵਿਸ਼ਾ ਕੋਸ਼**, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

4 ਜੱਗੀ, ਰਤਨ ਸਿੰਘ, 2005, **ਸਿੱਖ ਪੰਥ ਵਿਸ਼ਵਕੋਸ਼** (ਭਾਗ 1,2), ਪਟਿਆਲਾ, ਗੁਰਰਤਨ ਪਬਲਿਸ਼ਰਜ਼।

5 ਉਹੀ, 2004, **ਗੁਰੂ ਗ੍ਰੰਥ ਵਿਸ਼ਵ ਕੋਸ਼**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

6 ਪਦਮ, ਪਿਆਰਾ ਸਿੰਘ, 2000, **ਗੁਰੂ ਗ੍ਰੰਥ ਸੰਕੇਤ ਕੋਸ਼**, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।

7 ਨਾਭਾ, ਭਾਈ ਕਾਨ੍ਹ ਸਿੰਘ, 1960, **ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼,** ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

8 ਵੀਰ ਸਿੰਘ (ਭਾਈ), 2005, **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਅੰਮ੍ਰਿਤਸਰ, ਸਿੰਘ ਬ੍ਰਦਰਜ਼।

### ਹਿੰਦੀ ਕੋਸ਼:

1 ਕਾਲਿਕ ਪ੍ਰਸਾਦ (ਸੰਪਾ.), 2003, **ਵ੍ਰਿਹਜ ਹਿੰਦੀ ਕੋਸ਼**, ਚੌਥਾ ਸੰਸਕਰਣ, ਵਾਰਾਣਸੀ, ਗਿਆਨ ਮੰਡਲ ਲਿਮਟਿਡ।

2 ਪ੍ਰੇਮ ਪ੍ਰਕਾਸ਼ ਸਿੰਘ (ਸੰਪਾ.), 2002, **ਸੰਸਕ੍ਰਿਤ ਪੰਜਾਬੀ ਕੋਸ਼**, ਪਟਿਆਲਾ, ਪੰਜਾਬੀ ਯੂਨੀਵਰਸਿਟੀ।

3 ਵਰਮਾ, ਰਾਮ ਚੰਦ੍ਰ (ਸੰਪਾ.), 1965, **ਮਾਨਕ ਹਿੰਦੀ ਕੋਸ਼**, ਪ੍ਰਯਾਗ, ਹਿੰਦੀ ਸਾਹਿਤਯ ਸੰਮੇਲਨ,

### Encyclopedias:

1 Baldwin, James Mark (Ed.), 1986, **The Encyclopedia of Philosophy and Psychology**, (vol. III), Delhi, Cosmo Publication.

2 Harbans Singh (Ed.), 1996, **The Encyclopedia of Sikhism**, Patiala, Publication Beauro, Punjabi University.

3 Hastings, James (Ed.), 1967, **The Encyclopedia of Religions and Ethics,** (vol. VII, IX), Edinburgh ,T & T Clark.

4 Paul, Eduward (Ed.), 1967, **The Encyclopedia of Philosophy**, (vol. V), New York, The Macmillan Company and the Free Press.

## ਸਾਹਿਤ ਅੰਕ

### ਗੁਰਮਤਿ ਪ੍ਰਕਾਸ਼:

1 ਮਨਵਿੰਦਰ ਸਿੰਘ, ਸੁਖਮਨੀ ਸਾਹਿਬ ਦੀ ਧਾਰਮਿਕ ਮਹੱਤਤਾ, ਅੰਕ ਅਗਸਤ 1992.

2 ਗਿਆਨੀ ਸੁਰਜੀਤ ਸਿੰਘ ਮਿਸਤਰੀ, ਸੁਖਮਨੀ ਸਾਹਿਬ ਦੇ ਤੋਤਾ ਰਟਨੀ ਪਾਠ, ਅੰਕ ਜੂਨ 2000.

### ਖੋਜ ਪੱਤ੍ਰਿਕਾ

1 ਢਿੱਲੋਂ, ਹਰਜਿੰਦਰ ਸਿੰਘ (ਡਾ.), ਸ਼ਾਹ ਹੁਸੈਨ ਦੇ ਰਹੱਸਵਾਦ ਦਾ ਸਰੂਪ, ਅੰਕ ਸਤੰਬਰ, 1982.

**ਪੰਜਾਬੀ ਦੁਨੀਆਂ:**

1 ਸੇਖੋਂ, ਤੇਜਾ ਸਿੰਘ, (ਪ੍ਰਿੰ.), ਸ਼ੇਖ਼ ਫ਼ਰੀਦ ਅੰਕ, ਜਨਵਰੀ 1953.

2 ਪ੍ਰੇਮ ਪ੍ਰਕਾਸ਼ ਸਿੰਘ, ਗੁਰਮਤਿ ਸਾਹਿਤ ਅੰਕ, ਫਰਵਰੀ 1965.

3 ਬਾਹਰੀ, ਸੀਤਾ ਰਾਮ, ਗੁਰੂ ਅਰਜਨ ਅੰਕ, ਜੂਨ-ਜੁਲਾਈ 1953.

**ਹੋਰ ਸ੍ਰੋਤ**

1. ਗੁਰੂ ਅਰਜਨ ਅੰਕ, ਪਟਿਆਲਾ ,ਭਾਸ਼ਾ ਵਿਭਾਗ ,1970
2. ਨਾਨਕ ਪ੍ਰਕਾਸ਼ ਪੱਤ੍ਰਿਕਾ, ਅੰਕ ਦਸੰਬਰ 1985
3. ਨਾਨਕ ਪ੍ਰਕਾਸ਼ ਪੱਤ੍ਰਿਕਾ, ਅੰਕ ਦਸੰਬਰ 1987

**;ywBh ;kfjp d ojZ;tkd dk dkoPfBe ftPbPD**

**fBrokBL** **vkH okfido eo ojh (gc;o ns wyh)**

**yikoEhL** **fBowb f;x**

**wZy PpdL** ojZ;tkd, pjw, f;PNh, iht s Bkw f;woB, nksfwe nBGt

jEb gpX dk ftPk ';ywBh ;kfjp d ojZ;tkd dk dkoPfBe ftPbPD' j. jEb yi ekoi nXhB ;ywBh ;kfjp ftu nkJ ojZ;ksfwe sZsK dk dkoPfBe ftPbPD ehsk fr nk j .fJ; yi gpX B eZb fsB nfXnkfJ ftu tfvnk fr nk j .

ftuko nXhB yi gpX dh fBPfus og^oyk nB;ko gfjbk nfXnkfJ 'ojZ;tkd L fJe wYbh ikD^gSkD' j. fJ; nfXnkfJ ftu ojZ; ns ojZ;tkd d noE ;gPN ehs rJ jB.

yi gpX dk dik nfXnkfJ ';ywBh ;kfjp L fJe nkw gfou' j. fJ; nfXnkfJ B nZrA TFZg^GkrK ftu tfvnk fr nk j fi; ftuA gfjbk Gkr ro noiB dt L ihtB s ouBk j. fJ; nfXnkfJ dk dik TFZg^Gkr ';ywBh ;kfjp L ikD^gSkD' j. fJ; ftu ro noiB dh fJ; tZv nekoh Pkjeko ouBk dk ouBk ekb, wBoE ns fJ; dh GkPk ;pXh th uouk ehsh rJh j .fJ; nfXnkfJ d shi TFZg^Gkr ftu ;ywBh ;kfjp dk nPNgdh tko ftPbPD ehsk fr nk j

yi gpX d shi nfXnkfJ ftu ';ywBh ;kfjp d ojZ;tkd dk dkoPfBe ftPbPD' fdZsk fr nk j. fJ; nfXnkfJ B th nZrA d TFZg^GkrK ftu tfvnk fr nk j. gfjb Gkr ftu ;ywBh ;kfjp ftu nkJ gwZy ojZ;ksfwe sZsK dh ftnkfynk j. fJ; Gkr ftu ;ywBh ;kfjp d

ojZ;ksfwe sZsK pjw, f;PNh, iht s Bkw f;woB ;pXh uouk ehsh rJh j . ;ywBh ;kfjp ftuA YethnK seK b e fJjBK ;ebgK ;pXh ro ih dh ftukoXkok ft nes ehsh rJh j .

fJ; nfXnkfJ dk dik TFZg^Gkr ';ywBh ;kfjp ftub ojZ;ksfwe sZsK dk dkoPfBe ftPbPD' j . fJ; Gkr ftu ;gPN ehsk frnk j fe ro noiB dt ih dh pkDh ';ywBh ;kfjp' ftu ;G sA tZvk ojZ; 'pjw' dk j pjw eh j<, T;dk og eh j< T;B fetA ikfDnk ik ;edk j< Tj feZE ofjdk j< nkfd. ro ih ;ywBh ;kfjp ftu pjw d ojZ; B ;gZPN og ftu fpnkB eod jB fe pjw jh f;PNh dk ;Zu j . ro ih B fJ; ;Zu iK pjw dh yi dk ;G sA TFZsw Yr soe iK fJdohth (fJdokth) yi dh pikfJ nksfwe nBGt B wfBnk j .

;ywBh ;kfjp nB;ko iht B Bkw f;woB okjhA ro XkoB eoe, jew ftu uZb e ns ;kX ;rs eo e T; pjw dh fwjo gkgs eoBh ukjhdh j i iht d ihtB dk n;b we;d j .

;ywBh ;kfjp ftub gow;y gkgs eoB dh nt;Ek ojZ;tkdh dh ;G sA f;\obh nt;Ek j fiE gju e pjw Bkb iht dh nGdsk j iKdh j .Tj pjw dk fJe nr jh j iKdk j . ojZ;tkdh fJ; pko fpnkB eoB sA n;woZE jdk j . fJj ojZ;tkdh dh Tusw nt;Ek jdh j fiE T;d wB ftu fJe \wkoh nkTAdh j fi;B wjK;y dh nt;Ek fejk iKdk j . ;ywBh ;kfjp ftu nfij 'wjK;y' B gkgs eoB dk ftPtk; fdtkfJnk iKdk j